@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
ਕੌਮੀ ਪਤ੍ਰਿਕਾ
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Wednesday, 25 September 2024
Punjabi National Daily
Qaumi Patrika NO.1
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਬੁੱਧਵਾਰ 25 ਸਤੰਬਰ 2024, 10 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 320, qpatrika@gmail.com ਫੋਨ : 9971359517 www.qaumipatrika.org

## ਭਾਜਪਾ 'ਚ ਸ਼ਾਮਲ ਹੋਣ ਦੀਆਂ ਅਫਵਾਹਾਂ 'ਤੇ ਸ਼ੈਲਜਾ ਨੇ ਲਾਇਆ ਵਿਰਾਮ, ਆਖੀ ਇਹ ਗੱਲ

ਨਵੀਂ ਦਿੱਲੀ 24 ਸਤੰਬਰ। ਕਾਂਗਰਸ ਦੀ ਜਨਰਲ ਸਕੱਤਰ ਕੁਮਾਰੀ ਸ਼ੈਲਜਾ ਨੇ ਨਾਰਾਜਗੀ ਦੀਆਂ ਖਬਰਾਂ ਵਿਚਾਲੇ ਕਿਹਾ ਕਿ ਉਹ ਕਾਂਗਰਸੀ ਹੈ ਅਤੇ ਅਗਲੇ 2-3 ਦਿਨ ਵਿਚ ਚੋਣ ਪ੍ਰਚਾਰ ਸ਼ੁਰੂ ਕਰੇਗੀ। ਉਨ੍ਹਾਂ ਨੇ ਪਾਰਟੀ ਲੀਡਰਸ਼ਿਪ ਨਾਲ ਬੈਠਕ ਨੂੰ ਲੈ ਕੇ ਕਿਹਾ ਕਿ ਸੀਨੀਅਰ ਨੇਤਾਵਾਂ ਨਾਲ ਅਕਸਰ ਚਰਚਾ ਹੁੰਦੀ ਰਹਿੰਦੀ ਹੈ। ਸ਼ੈਲਜਾ ਨੇ ਕਿਹਾ ਕਿ ਪਾਰਟੀ ਵਿਚ 100 ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਹਨ ਪਰ ਉਹ ਪਾਰਟੀ ਦੇ ਅੰਦਰ ਦੀਆਂ ਗੱਲਾਂ ਹੁੰਦੀਆਂ ਹਨ। ਪਾਰਟੀ ਨੂੰ ਜਿਤਾਉਣ ਲਈ ਅਸੀਂ ਲੋਕ ਸਭਾ ਚੋਣਾਂ ਵਿਚ ਮਿਹਨਤ ਕੀਤੀ, ਉਸ ਤੋਂ ਬਾਅਦ ਵੀ ਮਿਹਨਤ ਕੀਤੀ ਇਸ ਲਈ



ਕਿ ਅਸੀਂ ਜਮੀਨ 'ਤੇ ਕਾਂਗਰਸ ਪਾਰਟੀ ਨੂੰ ਮਜਬੂਤ ਕਰ ਸਕੀਏ। ਹਰਿਆਣਾ ਦੇ ਲੋਕਾਂ ਦੀ ਲੜਾਈ ਲੜੀਏ, ਆਪਣੇ ਵਰਕਰਾਂ ਦੀ ਲੜਾਈ ਲੜੀਏ। ਕਾਂਗਰਸ ਲੀਡਰਸ਼?ਪ ਨਾਲ ਉਨ੍ਹਾਂ ਦੀ ਮੁਲਾਕਾਤ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਨੇ ਕਿਹਾ ਕਿ ਨੇਤਾਵਾਂ ਨਾਲ ਵਾਰ-ਵਾਰ ਗੱਲਬਾਤ ਹੁੰਦੀ ਹੈ, ਉਹ ਸਾਡੀ ਫੀਡਬੈਕ ਲੈਂਦੇ ਹਨ। ਭਾਜਪਾ ਦੇ ਤੰਜ ਅਤੇ ਉਨ੍ਹਾਂ ਨੂੰ ਆਪਣੇ ਨਾਲ ਆਉਣ ਦਾ ਸੱਦਾ ਦੇਣ ਦੇ ਸਵਾਲ 'ਤੇ ਕਾਂਗਰਸ ਨੇਤਾ ਨੇ ਕਿਹਾ ਕਿ ਮੈਂ ਚੁੱਪ ਸੀ, ਇਸ ਲਈ ਉਹ ਕੁਝ ਨਾ ਕੁਝ ਗੱਲਾਂ ਬਣਾਉਂਦੇ ਗਏ। ਉਨ੍ਹਾਂ ਨੂੰ ਵੀ ਪਤਾ ਹੈ ਅਤੇ ਸਾਰਿਆਂ ਨੂੰ ਪਤਾ ਹੈ ਕਿ ਸ਼ੈਲਜਾ ਕਾਂਗਰਸੀ ਹੈ। ਦੱਸ ਦੇਈਏ ਕਿ ਅਖਿਲ ਭਾਰਤੀ ਕਾਂਗਰਸ ਕਮੇਟੀ ਦੀ ਜਨਰਲ ਸਕੱਤਰ 61 ਸਾਲਾ ਸ਼ੈਲਜਾ ਪਾਰਟੀ ਦਾ ਇਕ ਮੁੱਖ ਦਲਿਤ ਚਿਹਰਾ ਹੈ। ਹਰਿਆਣਾ ਵਿਚ ਆਉਣ ਵਾਲੀ 5 ਅਕਤੂਬਰ ਨੂੰ ਵੋਟਾਂ ਪੈਣੀਆਂ ਹਨ। ਅਜਿਹੇ ਵਿਚ ਸੱਤਾਧਾਰੀ ਭਾਜਪਾ, ਦਲਿਤ ਨੇਤਾ ਦੇ ਚੋਣ ਪ੍ਰਚਾਰ ਤੋਂ ਦੂਰ ਰਹਿਣ ਨੂੰ ਲੈ ਕੇ ਕਾਂਗਰਸ 'ਤੇ ਲਗਾਤਾਰ ਨਿਸ਼ਾਨਾ ਵਿੰਨ ਰਹੀ ਹੈ।

### ਕਾਂਗਰਸ ਤੇ ਰਾਹੁਲ ਗਾਂਧੀ ਦੀ ਦਲਿਤ ਤੇ ਪਛੜੀਆਂ ਰਾਖਵਾਂਕਰਨ ਨੀਤੀ ਧੋਖੇਬਾਜ : ਮਾਇਆਵਤੀ

ਲਖਨਊ 24 ਸਤੰਬਰ। ਬਹੁਜਨ ਸਮਾਜ ਪਾਰਟੀ (ਬਸਪਾ) ਦੀ ਪ੍ਰਧਾਨ ਅਤੇ ਉੱਤਰ ਪ੍ਰਦੇਸ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਮੰਗਲਵਾਰ ਨੂੰ ਕਾਂਗਰਸ ਪਾਰਟੀ ਨੂੰ ਰਾਖਵਾਂਕਰਨ ਵਿਰੋਧੀ ਕਰਾਰ ਦਿੱਤਾ ਅਤੇ ਦੋਸ ਲਾਇਆ ਕਿ ਦਲਿਤਾਂ ਅਤੇ ਪੱਛੜੀਆਂ ਸ੍ਰੇਣੀਆਂ ਲਈ ਰਾਖਵੇਂਕਰਨ ਨੂੰ ਲੈ ਕੇ ਕਾਂਗਰਸ ਅਤੇ ਰਾਹੁਲ ਗਾਂਧੀ ਦੀ ਨੀਤੀ ਧੋਖੇਬਾਜ ਹੈ। ਬਸਪਾ ਮੁਖੀ ਨੇ ਮੰਗਲਵਾਰ ਨੂੰ ਸੋਸਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟਾਂ ਦੀ ਇੱਕ ਲੜੀ ਵਿੱਚ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਉਨ੍ਹਾਂ ਦੀ ਪਾਰਟੀ ਕਾਂਗਰਸ 'ਤੇ ਹਮਲਾ ਕੀਤਾ। ਮਾਇਆਵਤੀ ਨੇ ਆਪਣੀ ਪੋਸਟ 'ਚ ਕਿਹਾ ਕਿ ਦਲਿਤਾਂ ਅਤੇ ਪੱਛੜੀਆਂ ਸ੍ਰੇਣੀਆਂ ਲਈ ਰਾਖਵੇਂਕਰਨ ਨੂੰ ਲੈ ਕੇ ਕਾਂਗਰਸ ਅਤੇ ਰਾਹੁਲ ਗਾਂਧੀ ਦੀ



ਨੀਤੀ ਧੋਖੇਬਾਜ ਹੈ। ਉਨ੍ਹਾਂ ਕਿਹਾ ਕਿ ਰਾਖਵੇਂਕਰਨ ਨੂੰ ਲੈ ਕੇ ਕਾਂਗਰਸ ਅਤੇ ਰਾਹੁਲ ਗਾਂਧੀ ਦੀ ਨੀਤੀ ਵਿੱਚ ਕੋਈ ਸਪੱਸਟਤਾ ਨਹੀਂ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ, "ਦੇਸ 'ਚ ਵੋਟਾਂ ਦੀ ਖਾਤਰ ਇਹ ਲੋਕ ਰਾਖਵੇਂਕਰਨ ਦਾ ਸਮਰਥਨ ਕਰਦੇ ਹਨ, 50 ਫੀਸਦੀ ਤੋਂ ਉਪਰ ਵਧਾਉਣ ਦੀ ਵਕਾਲਤ ਕਰਦੇ ਹਨ ਪਰ ਵਿਦੇਸਾਂ 'ਚ ਇਹ ਰਾਖਵੇਂਕਰਨ ਨੂੰ ਖਤਮ ਕਰਨ ਦੀ ਗੱਲ ਕਰਦੇ ਹਨ। ਲੋਕਾਂ ਨੂੰ ਇਨ੍ਹਾਂ ਦੇ ਇਸ ਦੋਹਰੇ ਮਾਪਦੰਡਾਂ ਤੋਂ ਸੁਚੇਤ ਹੋਣਾ ਚਾਹੀਦਾ ਹੈ।" ਮਾਇਆਵਤੀ ਨੇ ਕਿਹਾ ਕਿ ਕੇਂਦਰ ਦੀ ਉਨ੍ਹਾਂ ਦੀ ਸਰਕਾਰ ਨੇ ਓਬੀਸੀ ਰਿਜਰਵੇਸਨ ਨਾਲ ਸਬੰਧਤ ਮੰਡਲ ਕਮਿਸਨ ਦੀ ਰਿਪੋਰਟ ਨੂੰ ਲਾਗੂ ਨਹੀਂ ਕੀਤਾ। ਉਨ੍ਹਾਂ ਕਿਹਾ, "ਕਾਂਗਰਸ ਨੇ ਐੱਸਸੀ/ਐੱਸਟੀ ਲਈ ਤਰੱਕੀ ਵਿੱਚ ਰਾਖਵੇਂਕਰਨ ਲਈ ਬਸਪਾ ਦੇ ਸੰਘਰਸ ਤੋਂ ਬਾਅਦ ਸੰਸਦ ਵਿੱਚ ਲਿਆਂਦੇ ਸੰਵਿਧਾਨ ਸੋਧ ਬਿੱਲ ਨੂੰ ਪਾਸ ਨਹੀਂ ਹੋਣ ਦਿੱਤਾ ਅਤੇ ਇਹ ਅਜੇ ਵੀ ਲੰਬਿਤ ਹੈ।" ਬਸਪਾ ਮੁਖੀ ਨੇ ਸਵਾਲ ਉਠਾਇਆ, "ਰਾਖਵਾਂਕਰਨ ਵਿਰੋਧੀ ਕਾਂਗਰਸ ਅਤੇ ਹੋਰ ਪਾਰਟੀਆਂ ਤੋਂ ਵੀ ਲੋਕਾਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ। ਕਾਂਗਰਸ ਸਰਕਾਰ ਕੇਂਦਰ ਵਿੱਚ ਰਹਿੰਦਿਆਂ ਤੱਕ ਜਾਤੀ ਜਨਗਣਨਾ ਨਾ ਕਰਵਾਉਣਾ ਅਤੇ ਹੁਣ ਸੱਤਾ ਤੋਂ ਬਾਹਰ ਹੋਣ 'ਤੇ ਇਸ ਲਈ ਆਵਾਜ ਉਠਾਉਣਾ.... ਇਹ ਸਭ ਕੁਝ ਪਾਖੰਡ ਨਹੀਂ ਤਾਂ ਕੀ ਹੈ?"

# 'ਵਿਸ਼ਵ ਸ਼ਾਂਤੀ ਲਈ ਸੰਸਥਾਵਾਂ 'ਚ ਸੁਧਾਰ ਜਰੂਰੀ: ਪੀਐੱਮ ਮੋਦੀ

**ਸਿੰਮੀ ਕੌਰ ਬੱਬਰ**

ਵਾਸ਼ਿੰਗਟਨ 24 ਸਤੰਬਰ। ਸੰਯੁਕਤ ਰਾਸਟਰ 'ਚ 'ਸਮਿਟ ਆਫ ਫਿਊਚਰ' ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, "ਹੁਣੇ ਜੂਨ 'ਚ ਮਨੁੱਖੀ ਇਤਿਹਾਸ ਦੀ ਸਭ ਤੋਂ ਵੱਡੀ ਚੋਣ 'ਚ ਭਾਰਤ ਦੇ ਲੋਕਾਂ ਨੇ ਉਨ੍ਹਾਂ ਨੂੰ ਲਗਾਤਾਰ ਤੀਜੀ ਵਾਰ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਅਤੇ ਅੱਜ ਮੈਂ ਮਨੁੱਖਤਾ ਦੀ ਇਸ ਇਕ ਸੀਟ 'ਤੇ ਹਾਂ, ਮੈਂ ਇਸਦੀ ਆਵਾਜ ਤੁਹਾਡੇ ਤੱਕ ਪਹੁੰਚਾਉਣ ਲਈ ਆਇਆ ਹਾਂ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਆਲਮੀ ਭਵਿੱਖ ਦੀ ਗੱਲ ਕਰ ਰਹੇ ਹਾਂ ਤਾਂ ਮਨੁੱਖੀ ਪਹੁੰਚ ਸਭ ਤੋਂ ਪਹਿਲਾਂ ਹੋਣੀ ਚਾਹੀਦੀ ਹੈ। ਟਿਕਾਊ ਵਿਕਾਸ ਨੂੰ ਪਹਿਲ ਦਿੰਦੇ ਹੋਏ ਸਾਨੂੰ ਮਨੁੱਖੀ ਕਲਿਆਣ, ਭੋਜਨ ਅਤੇ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੋਵੇਗਾ। ਅਸੀਂ ਦਿਖਾਇਆ ਹੈ ਕਿ ਭਾਰਤ ਵਿਚ 250 ਮਿਲੀਅਨ ਲੋਕਾਂ ਨੂੰ ਗਰੀਬੀ ਤੋਂ ਬਾਹਰ ਕੱਢ ਕੇ 'ਸਸਟੇਨੇਬਿਲਟੀ ਸਫਲ ਹੋ ਸਕਦੀ ਹੈ' ਅਤੇ ਅਸੀਂ ਸਫਲਤਾ ਦੇ ਇਸ ਤਜਰਬੇ ਨੂੰ ਗਲੋਬਲ ਸਾਊਥ ਨਾਲ ਸਾਂਝਾ ਕਰਨ ਲਈ ਤਿਆਰ ਹਾਂ। ਪ੍ਰਧਾਨ ਮੰਤਰੀ ਨੇ ਕਿਹਾ ਕਿ ਵਿਸਵ ਸਾਂਤੀ ਅਤੇ ਵਿਕਾਸ ਲਈ ਗਲੋਬਲ ਸੰਸਥਾਵਾਂ ਵਿਚ ਬਦਲਾਅ ਜਰੂਰੀ ਹਨ। ਸੁਧਾਰ ਪ੍ਰਸੰਗਿਕਤਾ ਦੀ ਕੁੰਜੀ ਹੈ। ਨਵੀਂ ਦਿੱਲੀ ਸਿਖਰ ਸੰਮੇਲਨ ਵਿਚ ਜੀ-20 ਦੀ ਅਫਰੀਕੀ ਸੰਘ ਦੀ ਸਥਾਈ ਮੈਂਬਰਸ?ਪ ਇਸ ਦਿਸਾ ਵਿਚ ਇਕ ਅਹਿਮ ਕਦਮ ਸੀ। ਇਕ ਪਾਸੇ ਜਿੱਥੇ ਅੱਤਵਾਦ ਵਿਸਵ ਸਾਂਤੀ ਅਤੇ



ਸੁਰੱਖਿਆ ਲਈ ਵੱਡਾ ਖਤਰਾ ਹੈ, ਉੱਥੇ ਹੀ ਦੂਜੇ ਪਾਸੇ ਸਾਈਬਰ ਅਤੇ ਸਪੇਸ ਵਰਗੇ ਸੰਘਰਸ ਦੇ ਕਈ ਨਵੇਂ ਖੇਤਰ ਵੀ ਪੈਦਾ ਹੋ ਰਹੇ ਹਨ। ਪ੍ਰਧਾਨ ਮੰਤਰੀ ਨੇ ਅੱਗੇ ਕਿਹਾ, 'ਇਨ੍ਹਾਂ ਸਾਰੇ ਵਿਸ?ਆਂ 'ਤੇ ਮੈਂ ਜੋਰ ਦੇਵਾਂਗਾ ਕਿ ਗਲੋਬਲ ਐਕਸਨ ਗਲੋਬਲ ਅਭਿਲਾਸਾ ਨਾਲ ਮੇਲ ਖਾਂਦਾ ਹੋਣਾ ਚਾਹੀਦਾ ਹੈ। ਮਨੁੱਖਤਾ ਦੀ ਸਫਲਤਾ ਸਾਡੀ ਸਮੂਹਿਕ ਤਾਕਤ ਵਿਚ ਹੈ, ਨਾ ਕਿ ਜੰਗ ਦੇ ਮੈਦਾਨ ਵਿਚ ਅਤੇ ਵਿਸਵ ਸਾਂਤੀ ਅਤੇ ਵਿਕਾਸ ਨੂੰ ਯਕੀਨੀ ਬਣਾਉਣ ਲਈ ਵਿਸਵ ਸੰਸਥਾਵਾਂ ਵਿਚ ਸੁਧਾਰ ਦੀ ਲੋੜ ਹੈ। ਤਬਦੀਲੀ ਸਾਰਥਕਤਾ ਦੀ ਕੁੰਜੀ ਹੈ। ਜੀ-20 ਸੰਮੇਲਨ 'ਚ ਅਫਰੀਕੀ ਸੰਘ ਦੀ ਸਥਾਈ ਮੈਂਬਰਸ਼ਿਪ ਦੀ ਕੋਸ਼ਿਸ਼ ਇਸ ਦਿਸ਼ਾ ਵਿਚ ਇਕ ਮਹੱਤਵਪੂਰਨ ਕਦਮ ਸੀ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਸਾਨੂੰ ਅਜਿਹੇ ਗਲੋਬਲ ਡਿਜੀਟਲ ਗਵਰਨੈਂਸ ਦੀ ਜਰੂਰਤ ਹੈ, ਜੋ ਰਾਸਟਰੀ ਪ੍ਰਭੂਸੱਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖੇ। ਡਿਜੀਟਲ ਜਨਤਕ ਬੁਨਿਆਦੀ ਢਾਂਚਾ ਇਕ ਪੁਲ ਹੋਣਾ ਚਾਹੀਦਾ ਹੈ, ਇਕ ਰੁਕਾਵਟ ਨਹੀਂ, ਭਾਰਤ ਵਿਸਵਵਿਆਪੀ ਭਲੇ ਲਈ ਆਪਣੇ ਡਿਜੀਟਲ ਜਨਤਕ ਬੁਨਿਆਦੀ ਢਾਂਚੇ ਨੂੰ ਪੂਰੀ ਦੁਨੀਆ ਨਾਲ ਸਾਂਝਾ ਕਰਨ ਲਈ ਤਿਆਰ ਹੈ।

## ਅਜੀਤ ਪਵਾਰ ਨੂੰ ਲੈ ਕੇ ਬੋਲੇ ਸ਼ਰਦ ਪਵਾਰ, 'ਪਰਿਵਾਰ ਦੇ ਰੂਪ 'ਚ ਅਸੀਂ ਇੱਕਠੇ ਹਾਂ'

ਮੁੰਬਈ, 24 ਸਤੰਬਰ। ਸਾਬਕਾ ਕੇਂਦਰੀ ਮੰਤਰੀ ਸਰਦ ਪਵਾਰ ਨੇ ਕਿਹਾ ਕਿ ਉਹ ਅਤੇ ਉਨ੍ਹਾਂ ਦੇ ਭਤੀਜੇ ਅਜੀਤ ਪਵਾਰ ਇਕ ਪਰਿਵਾਰ ਦੇ ਰੂਪ ਵਿਚ ਇਕੱਠੇ ਹਨ। ਹਾਲਾਂਕਿ ਉਨ੍ਹਾਂ ਸਪੱਸਟ ਕੀਤਾ ਕਿ ਅਜੀਤ ਇਕ ਵੱਖਰੀ ਸਿਆਸੀ ਪਾਰਟੀ ਦੀ ਅਗਵਾਈ ਕਰ ਰਹੇ ਹਨ। ਸਰਦ ਪਵਾਰ ਨੇ ਤੱਟਵਰਤੀ ਕੋਂਕਣ ਖੇਤਰ ਦੇ ਚਿਪਲੂਨ ਵਿਚ ਇਕ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ 'ਘਰਤ ਤਾਰਿ ਏਕਤੱਰਚ ਆਹੇਤ' (ਘੱਟੋ-ਘੱਟ ਘਰ ਵਿਚ ਅਸੀਂ ਇਕੱਠੇ ਹਾਂ)। ਉਹ 'ਸੂਬੇ ਦੇ ਵੱਖ-ਵੱਖ ਵਰਗਾਂ' ਦੀ ਇਸ ਮੰਗ ਨਾਲ ਸਬੰਧਤ ਇਕ ਸਵਾਲ ਦਾ ਜਵਾਬ ਦੇ ਰਹੇ ਸਨ ਕਿ ਚਾਚਾ-ਭਤੀਜੇ ਦੀ ਜੋੜੀ ਨੂੰ ਇਕ ਵਾਰ ਫਿਰ ਇਕੱਠੇ ਆਉਣਾ ਚਾਹੀਦਾ ਹੈ। ਅਜੀਤ ਪਵਾਰ ਨੇ ਪਿਛਲੇ ਸਾਲ ਜੁਲਾਈ ਵਿਚ ਰਾਸਟਰਵਾਦੀ ਕਾਂਗਰਸ ਪਾਰਟੀ (ਰਾਕਾਂਪਾ) ਵਿਰੁੱਧ ਬਗਾਵਤ ਕੀਤੀ ਸੀ ਅਤੇ ਏਕਨਾਥ ਸ?ਿੰਦੇ ਦੀ ਅਗਵਾਈ ਵਾਲੀ ਮਹਾਰਾਸਟਰ ਸਰਕਾਰ ਵਿਚ ਉਪ ਮੁੱਖ ਮੰਤਰੀ ਵਜੋਂ ਸਾਮਲ ਹੋ ਗਏ ਸਨ। ਅਜੋਕੇ ਸਮੇਂ ਵਿਚ ਸੱਤਾਧਾਰੀ ਗੱਠਜੋੜ ਵਿਚ ਬਣੇ ਰਹਿਣ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਹਨ। ਅਜੀਤ ਪਵਾਰ ਦੀ ਇਸ ਟਿੱਪਣੀ ਬਾਰੇ ਪੁੱਛੇ ਜਾਣ 'ਤੇ ਕਿ ਉਨ੍ਹਾਂ ਦਾ ਆਪਣੀ ਪਤਨੀ ਸੁਨੇਤਰਾ ਪਵਾਰ ਨੂੰ ਬਾਰਾਮਤੀ 'ਚ ਚਚੇਰੀ ਭੈਣ ਸੁਪ੍ਰੀਆ ਸੁਲੇ ਵਿਰੁੱਧ ਲੋਕ ਸਭਾ ਚੋਣਾਂ ਲੜਾਉਣ ਦਾ ਫੈਸਲਾ ਗਲਤ ਸੀ, ਸਰਦ ਪਵਾਰ ਨੇ ਕਿਹਾ ਕਿ ਉਹ ਇਕ ਵੱਖਰੀ ਪਾਰਟੀ ਵਿਚ ਹਨ। ਅਸੀਂ ਕਿਸੇ ਹੋਰ ਪਾਰਟੀ ਦੇ ਫੈਸਲਿਆਂ 'ਤੇ ਟਿੱਪਣੀ ਕਿਉਂ ਕਰੀਏ? ਵਿਰੋਧੀ ਗੱਠਜੋੜ ਮਹਾ ਵਿਕਾਸ ਅਘਾੜੀ (ਐੱਮ. ਵੀ. ਏ.) ਦੇ ਮੁੱਖ ਮੰਤਰੀ ਅਹੁਦੇ ਦੇ ਚਿਹਰੇ ਨਾਲ ਸਬੰਧਤ ਸਵਾਲ 'ਤੇ ਸਰਦ ਪਵਾਰ ਨੇ ਕਿਹਾ ਕਿ ਮੈਨੂੰ ਨਹੀਂ ਲੱਗਦਾ ਕਿ ਇਹ ਇਸ ਸਮੇਂ ਕੋਈ ਜਰੂਰੀ ਮੁੱਦਾ ਹੈ।

## ਮੁੱਖ ਮੰਤਰੀ ਮਾਨ ਨੇ ਨਵੇਂ ਬਣੇ ਮੰਤਰੀਆਂ ਨੂੰ ਦਿੱਤੀਆਂ ਹਦਾਇਤਾਂ

ਚੰਡੀਗੜ੍ਹ 24 ਸਤੰਬਰ। ਬੀਤੇ ਦਿਨੀਂ ਪੰਜਾਬ ਕੈਬਨਿਟ ਵਿਚ 4 ਮੰਤਰੀਆਂ ਦੇ ਅਸਤੀਫੇ ਮਗਰੋਂ 5 ਨਵੇਂ ਚੇਹਰਿਆਂ ਨੂੰ ਸ਼ਾਮਲ ਕੀਤਾ ਗਿਆ। ਇਨ੍ਹਾਂ ਵੱਲੋਂ ਬੀਤੇ ਦਿਨੀਂ



ਮੰਤਰੀ ਦੇ ਅਹੁਦੇ ਦੀ ਸਹੁੰ ਵੀ ਚੁੱਕ ਲਈ ਗਈ। ਨਵੇਂ ਮੰਤਰੀਆਂ 'ਚ ਹਰਦੀਪ ਸਿੰਘ ਮੁੰਡੀਆਂ (ਵਿਧਾਇਕ ਸਾਹਨੇਵਾਲ), ਬਰਿੰਦਰ ਕੁਮਾਰ ਗੋਇਲ (ਵਿਧਾਇਕ ਲਹਿਰਾ), ਤਰੁਨਪ੍ਰੀਤ ਸਿੰਘ ਸੌਂਦ (ਵਿਧਾਇਕ ਖੰਨਾ), ਡਾ. ਰਵਜੋਤ ਸਿੰਘ (ਵਿਧਾਇਕ ਸਾਮਚੁਰਾਸੀ) ਅਤੇ ਮੋਹਿੰਦਰ ਭਗਤ (ਵਿਧਾਇਕ ਜਲੰਧਰ ਪੱਛਮੀ) ਸਾਮਲ ਹਨ। ਇਨ੍ਹਾਂ ਵੱਲੋਂ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕੀਤੀ ਗਈ। ਮੁੱਖ ਮੰਤਰੀ ਰਿਹਾਇਸ਼ ਵਿਖੇ ਨਵੇਂ ਮੰਤਰੀਆਂ ਨਾਲ ਮੁਲਾਕਾਤ ਮੌਕੇ ਮਾਨ ਨੇ ਸਾਰਿਆਂ ਨੂੰ ਨਵੀਂ ਜ?ਿਮੇਵਾਰੀਆਂ ਲਈ ਵਧਾਈਆਂ ਦਿੱਤੀਆਂ। ਇਸ ਦੌਰਾਨ ਉਨ੍ਹਾਂ ਨੇ ਸਰਕਾਰ ਦੇ ਕੰਮਕਾਜ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਇਸ ਦੌਰਾਨ ਮੁੱਖ ਮੰਤਰੀ ਮਾਨ ਨੇ ਨਵੇਂ ਮੰਤਰੀਆਂ ਨੂੰ ਆਪੋ-ਆਪਣੇ ਮਹਿਕਮਿਆਂ ਦੀਆਂ ਲੋਕ ਪੱਖੀ ਸਕੀਮਾਂ ਦਾ ਵੱਧ ਤੋਂ ਵੱਧ ਲੋਕਾਂ ਤੱਕ ਫਾਇਦਾ ਪਹੁੰਚਾਉਣ ਦੀਆਂ ਹਦਾਇਤਾਂ ਵੀ ਦਿੱਤੀਆਂ। ਮੁਲਾਕਾਤ ਮਗਰੋਂ ਮੁੱਖ ਮੰਤਰੀ ਨੇ ਸੋਸਲ ਮੀਡੀਆ 'ਤੇ ਤਸਵੀਰਾਂ ਸਾਂਝੀਆਂ ਕਰਦਿਆਂ ਲਿਖਿਆ, "ਅੱਜ ਆਪਣੀ ਰਿਹਾਇਸ ਵਿਖੇ ਪੰਜਾਬ ਕੈਬਨਿਟ ਦੇ ਨਵੇਂ ਸਾਥੀਆਂ ਨਾਲ ਮੁਲਾਕਾਤ ਕੀਤੀ ਤੇ ਸਾਰਿਆਂ ਨੂੰ ਨਵੀਂ ਜ?ਿਮੇਵਾਰੀਆਂ ਲਈ ਵਧਾਈਆਂ ਦਿੱਤੀਆਂ। ਸਰਕਾਰ ਦੇ ਕੰਮਕਾਜ ਨੂੰ ਲੈ ਕੇ ਸਾਰਿਆਂ ਨਾਲ ਵਿਸਥਾਰ ਸਹਿਤ ਚਰਚਾ ਕੀਤੀ ਤੇ ਆਪਣੇ-ਆਪਣੇ ਮਹਿਕਮਿਆਂ ਦੀਆਂ ਲੋਕ ਪੱਖੀ ਸਕੀਮਾਂ ਦਾ ਵੱਧ ਤੋਂ ਵੱਧ ਲੋਕਾਂ ਤੱਕ ਫਾਇਦਾ ਪਹੁੰਚਾਉਣ ਲਈ ਕਿਹਾ।"

# ਜਾਤੀ ਜਨਗਣਨਾ ਬੋਲਣ ਤੋਂ ਡਰਦੇ ਹਨ ਪ੍ਰਧਾਨ ਮੰਤਰੀ ਮੋਦੀ : ਰਾਹੁਲ ਗਾਂਧੀ

**ਏਜੰਸੀਆਂ**

ਨਵੀਂ ਦਿੱਲੀ 24 ਸਤੰਬਰ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਰਾਖਵਾਂਕਰਨ ਦੇ ਮੁੱਦੇ 'ਤੇ ਭਾਜਪਾ ਦੇ ਹਮਲਿਆਂ ਨੂੰ ਲੈ ਕੇ ਉਸ 'ਤੇ ਪਲਟਵਾਰ ਕਰਦੇ ਹੋਏ ਕਿਹਾ ਕਿ ਬਹੁਜਨ ਵਿਰੋਧੀ ਭਾਜਪਾ ਭਾਵੇਂ ਕਿੰਨਾ ਵੀ ਝੂਠ ਫੈਲਾ ਲਵੇ ਪਰ ਮੁੱਖ ਵਿਰੋਧੀ ਦਲ ਰਾਖਵਾਂਕਰਨ ਨੂੰ ਪ੍ਰਭਾਵਿਤ ਨਹੀਂ ਹੋਣ ਦੇਵੇਗਾ। ਰਾਹੁਲ ਗਾਂਧੀ ਨੇ ਦੋਸ਼ ਲਗਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਜਾਤੀ ਜਨਗਣਨਾ' ਬੋਲਣ ਤੱਕ ਤੋਂ ਡਰਦੇ ਹਨ ਅਤੇ ਉਹ ਨਹੀਂ ਚਾਹੁੰਦੇ ਕਿ ਬਹੁਜਨ ਨੂੰ ਉਨ੍ਹਾਂ ਦਾ ਹੱਕ ਮਿਲੇ। ਰਾਹੁਲ ਗਾਂਧੀ ਨੇ ਰਾਖਵਾਂਕਰਨ ਦੀ 50 ਫੀਸਦੀ ਦੀ ਹੱਦ ਨੂੰ ਹਟਾਉਣ ਦੀ ਪੈਰਵੀ ਕਰਦੇ ਹੋਏ ਇਹ ਵੀ ਕਿਹਾ ਕਿ ਬਹੁਜਨ ਨੂੰ ਨਿਆਂ ਦਿਵਾਉਣਾ ਉਨ੍ਹਾਂ ਦੇ ਜੀਵਨ ਦਾ ਮਿਸ਼ਨ ਹੈ। ਅਮਰੀਕਾ 'ਚ ਰਾਹੁਲ ਗਾਂਧੀ ਵਲੋਂ ਰਾਖਵਾਂਕਰਨ ਦੇ ਸੰਦਰਭ 'ਚ ਦਿੱਤੇ ਗਏ ਬਿਆਨ ਨੂੰ ਲੈ ਕੇ ਭਾਜਪਾ ਅਤੇ ਉਸ ਦੇ ਸੀਨੀਅਰ ਨੇਤਾ ਉਨ੍ਹਾਂ 'ਤੇ ਲਗਾਤਾਰ ਹਮਲੇ ਕਰ ਰਹੇ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਤਵਾਰ ਨੂੰ ਜੰਮੂ ਕਸ਼ਮੀਰ ਦੀ ਇਕ ਚੋਣ ਸਭਾ 'ਚ ਰਾਖਵਾਂਕਰਨ ਦੇ ਮੁੱਦੇ 'ਤੇ ਰਾਹੁਲ ਗਾਂਧੀ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਸੀ ਕਿ ਕਿਸੇ ਨੂੰ



ਵੀ ਪਹਾੜੀ, ਗੁੱਜਰ, ਦਲਿਤ, ਹੋਰ ਪਿਛੜੇ ਵਰਗਾਂ ਸਮੇਤ ਵਾਂਝੇ ਵਰਗਾਂ ਨੂੰ ਦਿੱਤੇ ਗਏ ਰਾਖਵਾਂਕਰਨ ਨੂੰ ਛੂਹਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਸੀ,"ਰਾਹੁਲ ਗਾਂਧੀ ਅਮਰੀਕਾ 'ਚ ਕਹਿ ਰਹੇ ਹਨ ਕਿ ਰਾਖਵਾਂਕਰਨ ਦੀ ਕੋਈ ਜਰੂਰਤ ਨਹੀਂ ਹੈ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਹਾਨੂੰ ਯੋਗ ਭਾਈਚਾਰਿਆਂ ਲਈ ਰਾਖਵਾਂਕਰਨ ਖਤਮ ਕਰਨ ਦੀ ਇਜਾਜਤ ਨਹੀਂ ਹੈ।" ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਸੋਮਵਾਰ ਨੂੰ ਪੋਸਟ ਕੀਤਾ,"ਬਹੁਜਨ ਵਿਰੋਧੀ ਭਾਜਪਾ ਭਾਵੇਂ ਕਿੰਨਾ ਵੀ ਝੂਠ ਫੈਲਾ ਲੈਣ, ਅਸੀਂ ਰਾਖਵਾਂਕਰਨ ਨੂੰ ਪ੍ਰਭਾਵਿਤ ਨਹੀਂ ਹੋਣ ਦੇਵਾਂਗੇ।" ਉਨ੍ਹਾਂ ਕਿਹਾ,"ਅਸੀਂ ਉਦੋਂ ਤੱਕ ਨਹੀਂ ਰੁਕਾਂਗੇ, ਜਦੋਂ ਤੱਕ ਇਕ ਵਿਆਪਕ ਜਾਤੀ ਜਨਗਣਨਾ ਨਾ ਹੋ ਜਾਵੇ, ਰਾਖਵਾਂਕਰਨ ਤੋਂ 50 ਫੀਸਦੀ ਦੀ ਹੱਦ ਹਟਾ ਕੇ ਹਰ ਵਰਗ ਨੂੰ ਉਨ੍ਹਾਂ ਦਾ ਹੱਕ, ਹਿੱਸੇਦਾਰੀ ਅਤੇ ਨਿਆਂ ਨਾ ਮਿਲ ਜਾਵੇ ਅਤੇ ਜਨਗਣਨਾ ਤੋਂ ਪ੍ਰਭਾਵਿਤ ਜਾਣਕਾਰੀ ਭਵਿੱਖ ਦੀਆਂ ਨੀਤੀਆਂ ਦਾ ਆਧਾਰ ਨਾ ਬਣ ਜਾਵੇ।"

# ਕਰਜਾ ਚੁੱਕ ਕੇ ਸੋਨੀਆ ਗਾਂਧੀ ਨੂੰ ਪੈਸੇ ਦਿੰਦੀ ਹੈ ਹਿਮਾਚਲ ਸਰਕਾਰ: ਕੰਗਨਾ

**ਨਵਦੀਪ ਸਿੰਘ ਸਾਹਨੀ**

ਸ਼ਿਮਲਾ 24 ਸਤੰਬਰ। ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਭਾਜਪਾ ਦੀ ਸੰਸਦ ਮੈਂਬਰ ਕੰਗਨਾ ਰਣੌਤ ਨੇ ਸੂਬਾ ਸਰਕਾਰ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਦੋਸ਼ ਲਾਇਆ ਕਿ ਹਿਮਾਚਲ ਪ੍ਰਦੇਸ਼ ਸਰਕਾਰ ਕਰਜਾ ਲੈਂਦੀ ਹੈ ਅਤੇ ਇਸ ਨੂੰ ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਨੂੰ ਦੇ ਦਿੰਦੀ ਹੈ ਜਿਸ ਨਾਲ ਸੂਬੇ ਦਾ ਖਜਾਨਾ ਖਾਲੀ ਹੋ ਗਿਆ ਹੈ। ਕੰਗਨਾ ਭਾਜਪਾ ਦੀ ਮੈਂਬਰਸ਼ਿਪ ਮੁਹਿੰਮ ਦੀ ਸ਼ੁਰੂਆਤ ਕਰਨ ਮਨਾਲੀ ਪਿੰਡ ਪਹੁੰਚੀ ਸੀ। ਇਸ ਦੌਰਾਨ ਉਨ੍ਹਾਂ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ, 'ਹਰ ਕੋਈ ਜਾਣਦਾ ਹੈ ਕਿ ਭ੍ਰਿਸ਼ਟਾਚਾਰ ਵੱਡੇ ਪੱਧਰ 'ਤੇ ਹੈ ਅਤੇ ਕਾਂਗਰਸ ਦੇ ਸ਼ਾਸਨ ਹੇਠਲੀਆਂ ਸੂਬਾ ਸਰਕਾਰਾਂ ਨੇ ਆਪੋ-ਆਪਣੇ ਰਾਜ ਖੋਖਲੇ ਕਰ ਦਿੱਤੇ ਹਨ।' ਉਨ੍ਹਾਂ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ, 'ਉਹ ਕਰਜਾ ਲੈਂਦੇ ਹਨ ਅਤੇ ਸੋਨੀਆ ਗਾਂਧੀ ਨੂੰ ਦਿੰਦੇ ਹਨ ਜਿਸ ਨਾਲ ਸੂਬਾ ਖੋਖਲਾ ਹੋ ਗਿਆ ਹੈ।' ਕੰਗਨਾ ਰਣੌਤ ਨੇ



ਕਿਹਾ, 'ਇੱਥੇ ਰਾਜੇ ਦਾ ਬੇਟਾ ਮੇਰੇ ਖਿਲਾਫ ਖੜ੍ਹਾ ਹੋਇਆ ਸੀ, ਉਸ ਦੀਆਂ ਕਰਤੂਤਾਂ ਕਾਰਨ ਅੱਜ ਹਰ ਕੋਈ ਚਿੰਤਤ ਹੈ। ਮੈਂ ਜਿੱਥੇ ਵੀ ਜਾਂਦੀ ਹਾਂ, ਲੋਕ ਕਹਿੰਦੇ ਹਨ ਕਿ ਸੜਕਾਂ ਬਣਾਈਆਂ ਜਾਣ, ਲੋਕ ਸੜਕਾਂ 'ਤੇ ਪਏ ਟੋਇਆਂ ਤੋਂ ਪਰੇਸਾਨ ਹਨ। ਹੁਣ ਅਸੀਂ ਇਸ ਵਿੱਚ ਜੋ ਕੰਮ ਕਰਦੇ ਹਾਂ। ਅਸੀਂ ਇਸ ਤੋਂ ਬਿਹਤਰ ਪ੍ਰਦਰਸਨ ਕਰਾਂਗੇ। ਅਜਿਹਾ ਨਹੀਂ ਹੈ ਪਰ ਉਨ੍ਹਾਂ ਨੂੰ ਵੀ ਕੁਝ ਕਰਨਾ ਪਏਗਾ, ਜੋ ਲੋਕ ਨਿਰਮਾਣ ਮੰਤਰਾਲੇ 'ਤੇ ਕਾਬਜ ਹਨ। ਜਿਹੜੇ ਲੋਕ ਸੂਬਾ ਸਰਕਾਰ ਵਿੱਚ ਮੁੱਖ ਮੰਤਰੀ ਵਜੋਂ ਬੈਠੇ ਹਨ, ਉਹ ਵੱਡੇ-ਵੱਡੇ ਮੰਤਰਾਲਿਆਂ 'ਤੇ ਕਾਬਜ ਹਨ। ਭਾਵੇਂ ਅਸੀਂ ਕੋਈ ਵੀ ਡਿਜਾਸਟਰ ਫੰਡ ਜਾਂ ਕਿਸੇ ਕਿਸਮ ਦਾ ਫੰਡ ਲਿਆਉਂਦੇ ਹਾਂ, ਉਹ ਵੀ ਮੁੱਖ ਮੰਤਰੀ ਫੰਡ ਵਿੱਚ ਜਾਵੇਗਾ ਅਤੇ ਅਸੀਂ ਸਾਰੇ ਜਾਣਦੇ ਹਾਂ ਕਿ ਇਹ ਕਿੱਥੇ ਜਾਵੇਗਾ। ਇਹ ਸੋਨੀਆ ਸਰਕਾਰ ਕੋਲ ਜਾਵੇਗਾ। ਕੰਗਨਾ ਰਣੌਤ ਨੇ ਕਾਂਗਰਸ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਹਰ ਕੋਈ ਜਾਣਦਾ ਹੈ ਕਿ ਇਹ ਭ੍ਰਿਸ਼ਟਾਚਾਰ ਦੀ ਸਰਕਾਰ ਹੈ। ਸਾਰੇ ਸੂਬਿਆਂ ਵਿੱਚ ਜਿੱਥੇ ਉਹ ਸੱਤਾ ਵਿੱਚ ਹਨ, ਉਹ ਪੂਰੀ ਤਰ੍ਹਾਂ ਖੋਖਲੇ ਹੋ ਚੁੱਕੇ ਹਨ। ਇਨ੍ਹਾਂ ਲੋਕਾਂ ਨੇ ਉਨ੍ਹਾਂ ਸੂਬਿਆਂ ਨੂੰ ਲੁੱਟਿਆ ਹੈ ਅਤੇ ਇਹ ਚੋਣਾਂ ਕਿਵੇਂ ਲੜ ਰਹੇ ਹਨ। ਇਹ ਇੰਨਾ ਖਰਚ ਕਿੱਥੋਂ ਕਰ ਰਹੇ ਹਨ। ਹਰ ਕੋਈ ਜਾਣਦਾ ਹੈ ਕਿ ਹਿਮਾਚਲ ਤੋਂ ਲਿਆ ਗਿਆ ਕਰਜਾ ਕਿੱਥੇ ਗਿਆ ਹੈ।

## ਰਿਸ਼ਤੇ ਹੋਏ ਤਾਰ-ਤਾਰ ! ਵਿਧਵਾ ਮਾਂ ਨਾਲ ਜੰਗਲ 'ਚ ਕੀਤਾ ਸੀ ਜਬਰ-ਜਨਾਹ, ਕੋਰਟ ਨੇ ਦਰਿੰਦੇ ਨੂੰ ਸੁਣਾਈ ਖੌਫਨਾਕ ਸਜਾ

ਨੈਸ਼ਨਲ ਡੈਸਕ 24 ਸਤੰਬਰ। ਉੱਤਰ ਪ੍ਰਦੇਸ ਦੇ ਬੁਲੰਦਸਹਿਰ ਤੋਂ ਇਕ ਸਰਮਨਾਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇਕ ਵਿਅਕਤੀ ਨੂੰ ਆਪਣੀ ਵਿਧਵਾ ਮਾਂ ਨਾਲ ਜਬਰ-ਜਨਾਹ ਕਰਨ ਦੇ ਦੋਸ ਵਿਚ ਉਮਰ ਕੈਦ ਦੀ ਸਜਾ ਸੁਣਾਈ ਗਈ ਹੈ। ਇਹ 40 ਸਾਲਾ ਪੁੱਤਰ ਆਪਣੀ 58 ਸਾਲਾ ਮਾਂ ਨੂੰ ਆਪਣੀ ਪਤਨੀ ਵਾਂਗ ਰੱਖਣਾ ਚਾਹੁੰਦਾ ਸੀ, ਜੋ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਇਕੱਲੀ ਰਹਿ ਗਈ ਸੀ। ਬੁਲੰਦਸਹਿਰ ਦੀ ਫਾਸਟ ਟਰੈਕ ਅਦਾਲਤ ਨੇ ਇਸ ਅਪਰਾਧ ਲਈ ਦੋਸੀ ਆਬਿਦ ਨੂੰ ਸਜਾ ਸੁਣਾਈ ਹੈ, ਨਾਲ ਹੀ ਉਸ ਨੂੰ 50,000 ਰੁਪਏ ਦਾ ਜੁਰਮਾਨਾ ਵੀ ਭਰਨਾ ਹੋਵੇਗਾ। ਜੱਜ ਵਰੁਣ ਨਿਗਮ ਨੇ ਇਹ ਫੈਸਲਾ ਸੁਣਾਇਆ ਅਤੇ ਲੋਕਾਂ ਨੇ ਅਦਾਲਤ ਦੇ ਇਸ ਫੈਸਲੇ 'ਤੇ ਖੁਸੀ ਜਤਾਈ ਹੈ। ਇਹ ਘਟਨਾ 16 ਜਨਵਰੀ 2023 ਦੀ ਹੈ, ਜਦੋਂ ਮਾਂ ਚਾਰਾ ਲਿਆਉਣ ਲਈ ਜੰਗਲ 'ਚ ਗਈ ਸੀ ਤਾਂ ਉਸ ਦੇ ਬੇਟੇ ਨੇ ਉਸ ਨਾਲ ਜਬਰ-ਜਨਾਹ ਕੀਤਾ ਸੀ। ਇਸ ਤੋਂ ਬਾਅਦ ਪੀੜਤਾ ਨੇ ਇਸ ਘਟਨਾ ਬਾਰੇ ਆਪਣੇ ਛੋਟੇ ਬੇਟੇ ਨੂੰ ਦੱਸਿਆ। ਪੀੜਤ ਦੇ ਛੋਟੇ ਬੇਟੇ ਨੇ ਬੁਲੰਦਸਹਿਰ ਕੋਤਵਾਲੀ ਦਿਹਾਤ 'ਚ ਆਪਣੇ ਭਰਾ ਖਿਲਾਫ ਐੱਫ. ਆਈ. ਆਰ. ਦਰਜ ਕਰਵਾਉਣ ਤੋਂ ਬਾਅਦ ਪੁਲਸ ਨੇ ਦੋਸੀ ਆਬਿਦ ਨੂੰ ਗ੍ਰਿਫਤਾਰ ਕਰ ਲਿਆ। ਏਡੀਜੀਸੀ ਕ੍ਰਾਈਮ ਵਿਜੇ ਕੁਮਾਰ ਨੇ ਦੱਸਿਆ ਕਿ ਮੈਡੀਕਲ ਰਿਪੋਰਟ ਅਤੇ ਪੀੜਤਾ ਦੇ ਬਿਆਨਾਂ ਦੇ ਆਧਾਰ 'ਤੇ ਅਦਾਲਤ ਨੇ ਉਸ ਨੂੰ ਉਮਰ ਕੈਦ ਦੀ ਸਜਾ ਸੁਣਾਈ ਹੈ। ਪੀੜਤਾ ਨੇ ਅਦਾਲਤ ਨੂੰ ਦੱਸਿਆ ਕਿ ਉਸ ਦੇ ਪਤੀ ਦੀ ਮੌਤ ਤੋਂ ਬਾਅਦ ਉਸ ਦਾ ਲੜਕਾ ਚਾਹੁੰਦਾ ਸੀ ਕਿ ਉਹ ਉਸ ਨਾਲ ਉਸ ਦੀ ਪਤਨੀ ਵਾਂਗ ਰਹੇ। ਉਸ ਨੇ ਕਈ ਵਾਰ ਆਪਣੇ ਪੁੱਤਰ ਨੂੰ ਮਨਾਉਣ ਦੀ ਕੋਸ?ਿਸ ਕੀਤੀ। ਪੁਲਸ ਜਾਂਚ ਅਤੇ ਸਰਕਾਰੀ ਕਾਨੂੰਨੀ ਟੀਮ ਦੀ ਮਦਦ ਨਾਲ ਸਿਰਫ 19 ਮਹੀਨਿਆਂ ਵਿਚ ਦੋਸੀਆਂ ਨੂੰ ਸਜਾ ਦਿਵਾਉਣੀ ਸੰਭਵ ਹੋ ਸਕੀ ਹੈ।

# ਜੰਮੂ-ਕਸ਼ਮੀਰ 'ਚ ਕਿਸੇ ਵੀ ਪੱਥਰਬਾਜ, ਅੱਤਵਾਦੀ ਨੂੰ ਰਿਹਾਅ ਨਹੀਂ ਕੀਤਾ ਜਾਵੇਗਾ : ਅਮਿਤ ਸ਼ਾਹ

**ਤੇਜਿੰਦਰ ਕੌਰ ਬੱਬਰ**

ਨੌਸਹਿਰਾ 24 ਸਤੰਬਰ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨੇ ਅੱਤਵਾਦ 'ਤੇ ਸਖਤ ਰੁਖ ਅਖਤਿਆਰ ਕਰਦੇ ਹੋਏ ਐਤਵਾਰ ਨੂੰ ਕਿਹਾ ਕਿ ਜੰਮੂ-ਕਸਮੀਰ 'ਚ ਕਿਸੇ ਵੀ ਪੱਥਰਬਾਜ ਜਾਂ ਅੱਤਵਾਦੀ ਨੂੰ ਰਿਹਾਅ ਨਹੀਂ ਕੀਤਾ ਜਾਵੇਗਾ ਅਤੇ ਜਦੋਂ ਤੱਕ ਅੱਤਵਾਦ ਦਾ ਖਾਤਮਾ ਨਹੀਂ ਹੁੰਦਾ, ਉਦੋਂ ਤੱਕ ਪਾਕਿਸਤਾਨ ਨਾਲ ਕੋਈ ਗੱਲਬਾਤ ਨਹੀਂ ਹੋਵੇਗੀ। ਭਾਰਤੀ ਜਨਤਾ ਪਾਰਟੀ (ਭਾਜਪਾ) ਜੰਮੂ-ਕਸਮੀਰ ਇਕਾਈ ਦੇ ਪ੍ਰਧਾਨ ਰਵਿੰਦਰ ਰੈਨਾ ਦੇ ਸਮਰਥਨ 'ਚ ਨੌਸਹਿਰਾ 'ਚ ਆਯੋਜਿਤ ਚੋਣ ਰੈਲੀ 'ਚ ਅਮਿਤ ਸਾਹ ਨੇ ਜੰਮੂ-ਕਸਮੀਰ ਦੇ ਨੌਜਵਾਨਾਂ ਨੂੰ 'ਸੇਰ' ਦੱਸਦੇ ਹੋਏ ਕਿਹਾ, "ਮੈਂ ਜੰਮੂ-ਕਸਮੀਰ ਦਾ ਸਮਰਥਕ ਹਾਂ। ਨੌਜਵਾਨਾਂ ਨਾਲ ਗੱਲ ਕਰਨਾ ਚਾਹੁੰਦੇ ਹਾਂ।" ਸਾਹ ਨੇ ਕਿਹਾ, 'ਉਹ (ਨੈਸਨਲ ਕਾਨਫਰੰਸ-ਕਾਂਗਰਸ ਗਠਜੋੜ) ਪੱਥਰਬਾਜਾਂ ਅਤੇ ਅੱਤਵਾਦੀਆਂ ਨੂੰ ਰਿਹਾਅ ਕਰਨਾ ਚਾਹੁੰਦੇ ਹਨ (ਜਿਵੇਂ ਕਿ ਉਨ੍ਹਾਂ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਵਾਅਦਾ ਕੀਤਾ ਹੈ ਕਿ ਜੇਕਰ ਉਨ੍ਹਾਂ ਦੀ ਸਰਕਾਰ ਬਣੀ ਤਾਂ ਇਹ ਪੂਰਾ ਕੀਤਾ ਜਾਵੇਗਾ)। ਫਾਰੂਕ ਅਬਦੁੱਲਾ ਜੰਮੂ ਦੀਆਂ ਪਹਾੜੀਆਂ ਵਿੱਚ ਅੱਤਵਾਦ ਦੇ ਮੁੜ ਉਭਾਰ ਦੀ ਗੱਲ ਕਰ ਰਹੇ ਹਨ ਪਰ ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਮੋਦੀ ਸਰਕਾਰ ਹੈ ਅਤੇ ਅਸੀਂ ਅੱਤਵਾਦ



ਨੂੰ ਅੰਡਰਵਰਲਡ ਵਿੱਚ ਦਫਨ ਕਰ ਦੇਵਾਂਗੇ। ਕਿਸੇ ਵੀ ਅੱਤਵਾਦੀ ਜਾਂ ਪੱਥਰਬਾਜ ਨੂੰ ਛੱਡਿਆ ਨਹੀਂ ਜਾਵੇਗਾ।' ਭਾਜਪਾ ਆਗੂ ਨੇ ਕਿਹਾ ਕਿ ਐਨਸੀ ਅਤੇ ਕਾਂਗਰਸ ਪਾਕਿਸਤਾਨ ਨਾਲ ਗੱਲਬਾਤ ਦੇ ਹੱਕ ਵਿੱਚ ਹਨ। ਉਨ੍ਹਾਂ ਕਿਹਾ, "ਮੈਂ ਫਾਰੂਕ ਅਬਦੁੱਲਾ ਅਤੇ ਰਾਹੁਲ ਗਾਂਧੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਤੱਕ ਅੱਤਵਾਦ ਦਾ ਖਾਤਮਾ ਨਹੀਂ ਹੁੰਦਾ ਪਾਕਿਸਤਾਨ ਨਾਲ ਕੋਈ ਗੱਲਬਾਤ ਨਹੀਂ ਹੋਵੇਗੀ। ਮੈਂ ਆਪਣੇ ਸੇਰਾਂ (ਜੰਮੂ-ਕਸਮੀਰ ਦੇ ਨੌਜਵਾਨਾਂ) ਨਾਲ ਗੱਲ ਕਰਾਂਗਾ, ਪਾਕਿਸਤਾਨ ਨਾਲ ਨਹੀਂ।" ਸਰਹੱਦ 'ਤੇ ਰਹਿ ਰਹੇ ਲੋਕਾਂ ਦੀ ਸੁਰੱਖਿਆ ਲਈ ਸਰਕਾਰ ਦੁਆਰਾ ਸਾਲਾਂ ਦੌਰਾਨ ਬਣਾਏ ਗਏ ਭੂਮੀਗਤ ਬੰਕਰਾਂ ਦਾ ਹਵਾਲਾ ਦਿੰਦੇ ਹੋਏ ਸਾਹ ਨੇ ਕਿਹਾ ਕਿ ਅਜਿਹੇ ਢਾਂਚੇ ਦੀ ਕੋਈ ਲੋੜ ਨਹੀਂ ਹੈ, ਕਿਉਂਕਿ ਸਰਹੱਦ ਪਾਰ ਤੋਂ "ਕਿਸੇ ਕੋਲ ਗੋਲੀ ਚਲਾਉਣ ਦੀ ਸਕਤੀ ਨਹੀਂ ਹੈ।" ਉਹਨਾਂ ਨੇ ਕਿਹਾ ਕਿ ਜੇਕਰ ਉਹ ਗੋਲੀ ਚਲਾਉਣਗੇ ਤਾਂ ਅਸੀਂ ਗੋਲੇ ਨਾਲ ਜਵਾਬ ਦੇਵਾਂਗੇ। ਸਾਹ ਨੇ ਰਾਖਵੇਂਕਰਨ ਦੇ ਮੁੱਦੇ 'ਤੇ ਉਨ੍ਹਾਂ ਦੀਆਂ ਟਿੱਪਣੀਆਂ ਲਈ ਐਨਸੀ-ਕਾਂਗਰਸ ਨੇਤਾਵਾਂ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਪਹਾੜੀ, ਗੁੱਜਰ, ਦਲਿਤ, ਹੋਰ ਪੱਛੜੀਆਂ ਸ੍ਰੇਣੀਆਂ ਸਮੇਤ ਵਾਂਝੇ ਵਰਗਾਂ ਨੂੰ ਦਿੱਤੇ ਗਏ ਰਾਖਵੇਂਕਰਨ ਨੂੰ ਛੂਹਣ ਦੀ ਇਜਾਜਤ ਕਿਸੇ ਨੂੰ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ, "ਰਾਹੁਲ ਗਾਂਧੀ ਅਮਰੀਕਾ 'ਚ ਕਹਿ ਰਹੇ ਹਨ ਕਿ ਰਿਜਰਵੇਸਨ ਦੀ ਕੋਈ ਲੋੜ ਨਹੀਂ ਹੈ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਹਾਨੂੰ ਯੋਗ ਭਾਈਚਾਰਿਆਂ ਲਈ ਰਾਖਵਾਂਕਰਨ ਖਤਮ ਕਰਨ ਦੀ ਇਜਾਜਤ ਨਹੀਂ ਹੈ।"

## ਸੋਨਾ ਹੋਇਆ ਮਹਿੰਗਾ, ਚਾਂਦੀ ਦੇ ਭਾਅ ਡਿੱਗੇ, ਕੀਮਤੀ ਧਾਤਾਂ ਦੇ ਨਵੇਂ ਭਾਅ

ਨਵੀਂ ਦਿੱਲੀ 24 ਸਤੰਬਰ। ਹਫਤੇ ਦੇ ਪਹਿਲੇ ਦਿਨ ਯਾਨੀ 24 ਸਤੰਬਰ ਨੂੰ ਸੋਨੇ ਦੀਆਂ ਕੀਮਤਾਂ 'ਚ ਵਾਧਾ ਜਾਰੀ ਰਿਹਾ ਪਰ ਚਾਂਦੀ ਦੀਆਂ ਕੀਮਤਾਂ 'ਚ ਗਿਰਾਵਟ ਦਰਜ ਕੀਤੀ ਗਈ। ਮਲਟੀ ਕਮੋਡਿਟੀ ਐਕਸਚੇਂਜ () 'ਤੇ ਲਿਖਣ ਦੇ ਸਮੇਂ, ਸੋਨਾ ਵਾਇਦਾ 0.35 ਫੀਸਦੀ ਦੇ ਵਾਧੇ ਨਾਲ 74,300 ਰੁਪਏ 'ਤੇ ਕਾਰੋਬਾਰ ਕਰ ਰਿਹਾ ਸੀ, ਜਦਕਿ ਚਾਂਦੀ ਵਾਇਦਾ ਮਾਮੂਲੀ ਗਿਰਾਵਟ ਨਾਲ ਲਗਭਗ 90,124 ਰੁਪਏ 'ਤੇ ਕਾਰੋਬਾਰ ਕਰ ਰਹੀ ਸੀ। ਕੌਮਾਂਤਰੀ ਬਾਜਾਰ 'ਚ ਭਵਿੱਖ 'ਚ ਸੋਨੇ ਦੀਆਂ ਕੀਮਤਾਂ 'ਚ ਤੇਜੀ ਅਤੇ ਚਾਂਦੀ ਦੀਆਂ ਕੀਮਤਾਂ 'ਚ ਨਰਮੀ ਦੇਖਣ ਨੂੰ ਮਿਲ ਰਹੀ ਹੈ। ਕੌਮਾਂਤਰੀ ਬਾਜਾਰ 'ਚ ਅੱਜ ਚਾਂਦੀ ਦੀਆਂ ਕੀਮਤਾਂ ਦੀ ਸੁਰੂਆਤ ਤੇਜੀ ਨਾਲ ਹੋਈ ਹੈ। ਪਰ ਬਾਅਦ ਵਿੱਚ ਕੀਮਤਾਂ ਡਿੱਗ ਗਈਆਂ। ਸੋਨਾ ਪਿਛਲੇ ਬੰਦ ਮੁੱਲ 'ਤੇ ਹੀ ਖੁੱਲ੍ਹਿਆ। ਕਾਮੈਕਸ 'ਤੇ ਸੋਨਾ 2,646.20 ਡਾਲਰ ਪ੍ਰਤੀ ਔਂਸ 'ਤੇ ਖੁੱਲ੍ਹਿਆ। ਪਿਛਲੀ ਬੰਦ ਕੀਮਤ 2,646.20 ਡਾਲਰ ਪ੍ਰਤੀ ਔਂਸ ਸੀ। ਲਿਖਣ ਦੇ ਸਮੇਂ, ਇਹ 7.90 ਡਾਲਰ ਦੇ ਵਾਧੇ ਦੇ ਨਾਲ 2,654.10 ਡਾਲਰ ਪ੍ਰਤੀ ਔਂਸ 'ਤੇ ਵਪਾਰ ਕਰ ਰਿਹਾ ਸੀ। ਕਾਮੈਕਸ 'ਤੇ ਚਾਂਦੀ ਦਾ ਫਿਊਚਰਜ 31.53 ਡਾਲਰ 'ਤੇ ਖੁੱਲ੍ਹਿਆ, ਪਿਛਲੀ ਬੰਦ ਕੀਮਤ 31.50 ਡਾਲਰ ਸੀ। ਹਾਲਾਂਕਿ ਖਬਰ ਲਿਖੇ ਜਾਣ ਦੇ ਸਮੇਂ ਇਹ 0.08 ਡਾਲਰ ਦੀ ਗਿਰਾਵਟ ਦੇ ਨਾਲ 31.42 ਡਾਲਰ ਪ੍ਰਤੀ ਔਂਸ ਦੇ ਭਾਅ 'ਤੇ ਕਾਰੋਬਾਰ ਕਰ ਰਿਹਾ ਸੀ। ਵਿਸਵ ਪੱਧਰ 'ਤੇ ਕੀਮਤੀ ਧਾਤਾਂ ਦੀਆਂ ਕੀਮਤਾਂ



'ਚ ਤੇਜੀ ਦੇ ਵਿਚਕਾਰ ਰਾਸਟਰੀ ਰਾਜਧਾਨੀ ਦੇ ਸਰਾਫਾ ਬਾਜਾਰ 'ਚ ਸੁੱਕਰਵਾਰ ਨੂੰ ਸੋਨੇ ਦੀ ਕੀਮਤ 700 ਰੁਪਏ ਵਧ ਕੇ 76,350 ਰੁਪਏ ਪ੍ਰਤੀ 10 ਗ੍ਰਾਮ 'ਤੇ ਪਹੁੰਚ ਗਈ। ਵੀਰਵਾਰ ਨੂੰ ਆਖਰੀ ਕਾਰੋਬਾਰੀ ਸੈਸਨ 'ਚ 99.9 ਫੀਸਦੀ ਸੁੱਧਤਾ ਵਾਲਾ ਸੋਨਾ 75,650 ਰੁਪਏ ਪ੍ਰਤੀ 10 ਗ੍ਰਾਮ 'ਤੇ ਬੰਦ ਹੋਇਆ ਸੀ। ਹਾਲਾਂਕਿ ਸੁੱਕਰਵਾਰ ਨੂੰ ਚਾਂਦੀ ਦੀ ਕੀਮਤ 91,000 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਸਥਿਰ ਰਹੀ।

# ਪੰਜਾਬ ਪੁਲਸ ਦੇ ਚਾਰ ਮੁਲਾਜਮ ਕਪੂਰਥਲਾ ਪੁਲਸ ਵੱਲੋਂ ਗ੍ਰਿਫਤਾਰ

ਕਪੂਰਥਲਾ 24 ਸਤੰਬਰ। ਕਪੂਰਥਲਾ ਪੁਲਸ ਨੇ ਪੰਜਾਬ ਪੁਲਸ ਦੀ ਸਪੈਸਲ ਟਾਸਕ ਫੋਰਸ (ਐੱਸ. ਟੀ. ਐੱਫ.) ਦੇ ਪੰਜ ਮੈਂਬਰਾਂ ਵਿੱਚੋਂ ਚਾਰ ਨੂੰ ਕਰੀਬ ਪੰਜ ਸਾਲ ਪਹਿਲਾਂ ਇਕ ਸਥਾਨਕ ਵਾਸੀ ਖਿ਼ਲਾਫ ਨਸੀਲੇ ਪਦਾਰਥਾਂ ਦਾ ਝੂਠਾ ਕੇਸ ਦਰਜ ਕਰਨ ਦੇ ਦੋਸ ਵਿੱਚ ਗ੍ਰਿਫ਼ਤਾਰ ਕੀਤਾ ਹੈ। ਮੁਲਜਮ ਪੁਲਸ ਮੁਲਾਜਮਾਂ ਨੇ ਕੁਲਦੀਪ ਸਿੰਘ ਉਰਫ ਸੋਨੂੰ ਖਿ਼ਲਾਫ 2019 'ਚ ਕਪੂਰਥਲਾ ਸਿਟੀ ਥਾਣੇ ਵਿੱਚ ਐੱਨ. ਡੀ. ਪੀ. ਐੱਸ. ਐਕਟ ਤਹਿਤ ਹੈਰੋਇਨ ਅਤੇ ਭੁੱਕੀ ਰੱਖਣ ਦੇ ਦੋਸ ਹੇਠ ਐੱਫ. ਆਈ. ਆਰ. ਦਰਜ ਕੀਤੀ ਸੀ। ਸੋਨੂੰ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਇਕ ਰਿਟ ਪਟੀਸਨ ਦਾਇਰ ਕੀਤੀ ਸੀ, ਜਿਸ ਨੇ ਪਿਛਲੇ ਸਾਲ ਇਕ ਫੈਸਲੇ ਵਿੱਚ ਪੰਜ ਪੁਲਸ ਮੁਲਾਜਮਾਂ ਵਿਰੁੱਧ ਕਾਰਵਾਈ ਕਰਨ ਦੇ ਹੁਕਮ ਦਿੱਤੇ ਸਨ। ਹਾਈਕੋਰਟ ਦੇ ਹੁਕਮਾਂ 'ਤੇ ਉਨ੍ਹਾਂ ਖਿ਼ਲਾਫ 21 ਦਸੰਬਰ 2023 ਨੂੰ ਕਪੂਰਥਲਾ ਸਿਟੀ ਪੁਲਸ ਸਟੇਸਨ ਵਿਖੇ ਐੱਨ. ਡੀ. ਪੀ. ਐੱਸ. ਐਕਟ ਦੀ ਧਾਰਾ 58, 61 ਅਤੇ 85 ਦੇ ਤਹਿਤ ਐੱਫ. ਆਈ. ਆਰ. ਦਰਜ ਕੀਤੀ ਗਈ ਸੀ। ਗ੍ਰਿਫ਼ਤਾਰ ਕੀਤੇ ਗਏ ਪੁਲਸ ਮੁਲਾਜਮਾਂ ਵਿੱਚ ਸਹਾਇਕ ਸਬ-ਇੰਸਪੈਕਟਰ ਸਿਲਵੈਸਟਰ ਮਸੀਹ ਅਤੇ ਕਾਂਸਟੇਬਲ ਮੇਜਰ ਸਿੰਘ, ਗੁਰਵਿੰਦਰ ਸਿੰਘ ਅਤੇ ਸਾਮ ਮਸੀਹ ਸਾਮਲ ਹਨ। ਮੇਜਰ ਸਿੰਘ ਨੂੰ ਸਨੀਵਾਰ ਅਤੇ ਬਾਕੀ ਤਿੰਨ ਨੂੰ ਸੁੱਕਰਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਸ ਨੇ ਉਨ੍ਹਾਂ ਦਾ ਤਿੰਨ ਦਿਨ ਦਾ ਰਿਮਾਂਡ ਹਾਸਲ ਕੀਤਾ ਹੈ। ਪੰਜਵਾਂ ਮੁਲਜਮ ਸਹਾਇਕ ਸਬ-ਇੰਸਪੈਕਟਰ ਕੁਲਦੀਪ ਸਿੰਘ ਅਜੇ ਤੱਕ ਗ੍ਰਿਫ਼ਤਾਰ ਨਹੀਂ ਹੋਇਆ। ਸਿਲਵੈਸਟਰ ਨੇ 23 ਸਤੰਬਰ 2019 ਨੂੰ ਕਪੂਰਥਲਾ ਦੇ ਮੁਹੱਲਾ ਮੁਲਕਾਣਾ ਦੇ ਰਹਿਣ



ਵਾਲੇ ਸੋਨੂੰ ਖਿ਼ਲਾਫ ਐੱਫ. ਆਈ. ਆਰ. ਦਰਜ ਕਰਵਾਈ ਸੀ। ਦੋਸ਼ ਹੈ ਕਿ ਉਸ ਨੂੰ ਕੁਸਟ ਆਸਰਮ (ਕਪੂਰਥਲਾ) ਨੇੜਿਓਂ 20 ਗ੍ਰਾਮ ਹੈਰੋਇਨ ਅਤੇ 250 ਗ੍ਰਾਮ ਭੁੱਕੀ ਬਰਾਮਦ ਹੋਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ। ਐੱਸ. ਟੀ. ਐੱਫ. ਮੈਂਬਰਾਂ ਨੇ ਦੋਸ ਲਾਇਆ ਸੀ ਕਿ ਸੋਨੂੰ ਨੇ ਆਪਣੀ ਪੈਂਟ ਦੀ ਜੇਬ ਵਿੱਚੋਂ ਪਾਬੰਦੀਸੁਦਾ ਪਦਾਰਥਾਂ ਵਾਲੇ ਦੋ ਪੌਲੀਬੈਗ ਸੁੱਟੇ। ਬਾਅਦ ਵਿੱਚ ਮਾਮਲੇ ਵਿੱਚ ਦੋ ਹੋਰ ਨੌਜਵਾਨਾਂ ਨੂੰ ਨਾਮਜਦ ਕੀਤਾ ਗਿਆ। 16 ਅਪ੍ਰੈਲ 2020 ਨੂੰ ਪੁਲਸ ਨੇ ਅਦਾਲਤ ਵਿੱਚ ਚਲਾਨ ਪੇਸ ਕੀਤਾ। ਐੱਫ. ਆਈ. ਆਰ. ਨੂੰ ਝੂਠਾ ਦੱਸਦਿਆਂ ਸੋਨੂੰ ਨੇ ਹਾਈਕੋਰਟ ਵਿੱਚ ਰਿਟ ਪਟੀਸਨ ਦਾਇਰ ਕੀਤੀ ਅਤੇ ਆਪਣੇ ਸਰਵਿਸ ਸਟੇਸਨ ਦੀ ਸੀ. ਸੀ. ਟੀ. ਵੀ. ਫੁਟੇਜ ਵੀ ਪੇਸ ਕੀਤੀ, ਜਿਸ ਵਿੱਚ ਐੱਫ. ਆਈ. ਆਰ. ਦਰਜ ਹੋਣ ਤੋਂ ਕੁਝ ਘੰਟੇ ਪਹਿਲਾਂ ਪੁਲਸ ਮੁਲਾਜਮ ਉਸ ਕੋਲ ਆਏ ਸਨ। ਸੋਨੂੰ ਨੇ ਪਟੀਸਨ 'ਚ ਕਿਹਾ ਹੈ ਕਿ ਐੱਫ. ਆਈ. ਆਰ. ਪੂਰੀ ਤਰ੍ਹਾਂ ਨਾਲ ਸੱਤਾ ਦੀ ਦੁਰਵਰਤੋਂ ਹੈ। ਉਨ੍ਹਾਂ ਨੇ ਦੋਸ ਲਾਇਆ ਕਿ ਜਦੋਂ ਉਸ ਨੇ ਜਬਰੀ ਵਸੂਲੀ ਦੀ ਮੰਗ ਨੂੰ ਪੂਰਾ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਨੂੰ ਪਾਬੰਦੀਸੁਦਾ ਪਦਾਰਥ ਸੌਂਪ ਦਿੱਤਾ ਗਿਆ ਅਤੇ 23 ਸਤੰਬਰ 2019 ਦੀ ਸਵੇਰ ਨੂੰ ਛੇ ਤੋਂ ਸੱਤ ਪੁਲਸ ਮੁਲਾਜਮ ਉਸ ਦੀ ਵਰਕਸਾਪ 'ਤੇ ਆਏ। ਉਸ ਨੇ ਕਿਹਾ ਕਿ ਉਸ ਨੂੰ ਖਾਲੀ ਕਾਗਜਾਂ 'ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਗਿਆ ਅਤੇ ਸਰੀਰਕ ਸੋਸਣ ਕੀਤਾ ਗਿਆ। 6 ਅਕਤੂਬਰ, 2023 ਨੂੰ ਹਾਈਕੋਰਟ ਨੇ ਸੋਨੂੰ ਦੇ ਹੱਕ ਵਿੱਚ ਫੈਸਲਾ ਸੁਣਾਇਆ ਅਤੇ ਇਕ ਐੱਸ. ਆਈ. ਟੀ. ਦੇ ਗਠਨ ਦੇ ਨਿਰਦੇਸ ਦਿੱਤੇ, ਜਿਸ ਦੀ ਅਗਵਾਈ ਜਲੰਧਰ ਦੇ ਡੀ. ਆਈ. ਜੀ. ਕਰਨਗੇ ਅਤੇ ਇਸ ਵਿੱਚ ਕਪੂਰਥਲਾ ਦਾ ਐੱਸ. ਐੱਸ. ਪੀ. ਅਤੇ ਜਲੰਧਰ ਦਾ ਇਕ ਡੀ. ਐੱਸ. ਪੀ. ਸਾਮਲ ਹੋਵੇਗਾ। ਹਾਈਕੋਰਟ ਦੇ ਜਸਟਿਸ ਅਰੁਣ ਮੋਂਗਾ ਨੇ ਦੋਸੀ ਅਧਿਕਾਰੀਆਂ ਖਿ਼ਲਾਫ ਵੱਖਰੀ ਐੱਫ. ਆਈ. ਆਰ. ਦਰਜ ਕਰਨ ਦੇ ਹੁਕਮ ਵੀ ਦਿੱਤੇ ਹਨ।

### ਖੇਤਾਂ 'ਚੋਂ ਅਣਪਛਾਤੇ ਨੌਜਵਾਨ ਦੀ ਲਾਸ ਮਿਲਣ ਨਾਲ ਫੈਲੀ ਸਨਸਨੀ

ਗੋਰਾਇਆ 24 ਸਤੰਬਰ। ਗੋਰਾਇਆ ਦੇ ਸਮਸਾਨਘਾਟ ਨੇੜੇ ਖੇਤਾਂ 'ਚੋਂ ਇਕ ਨੌਜਵਾਨ ਦੀ ਗਲੀ ਸੜੀ ਹਾਲਤ 'ਚ ਲਾਸ ਮਿਲਣ ਨਾਲ ਇਲਾਕੇ 'ਚ ਸਨਸਨੀ ਫੈਲ ਗਈ। ਇਸ ਸਬੰਧੀ ਅਮਨਦੀਪ ਨੇ ਦੱਸਿਆ ਕਿ ਉਹ ਪੱਠੇ ਲੈਣ ਲਈ ਖੇਤਾਂ 'ਚ ਆਇਆ ਸੀ, ਜਿੱਥੋਂ ਗੰਦੀ ਬਦਬੂ ਆਈ ਤਾਂ ਉਸ ਨੇ ਵੇਖਿਆ ਇਕ ਗਲੀ ਸੜੀ ਹਾਲਤ 'ਚ ਲਾਸ ਪਈ ਹੈ, ਜਿਸ ਤੋਂ ਬਾਅਦ ਉਸ ਨੇ ਇਸ ਦੀ ਜਾਣਕਾਰੀ ਗੋਰਾਇਆ ਪੁਲਸ ਨੂੰ ਦਿੱਤੀ। ਮੌਕੇ 'ਤੇ ਐੱਸ. ਐੱਚ. ਓ. ਗੋਰਾਇਆ ਰਾਕੇਸ ਕੁਮਾਰ ਆਪਣੀ ਟੀਮ ਨਾਲ ਪਹੁੰਚੇ। ਉਨ੍ਹਾਂ ਦੱਸਿਆ ਕਿ ਲਾਸ ਦੀ ਹਾਲਤ ਵੇਖ ਕੇ ਲੱਗਦਾ ਹੈ ਕਿ ਇਹ 8 ਤੋਂ 10 ਦਿਨ ਪੁਰਾਣੀ ਲਾਸ ਹੈ। ਮ੍ਰਿਤਕ ਨੇ ਕਾਲੇ ਰੰਗ ਦੀ ਟੀ-ਸਰਟ ਅਤੇ ਕਾਲੇ ਰੰਗ ਦੀ ਕੈਪਰੀ ਪਾਈ ਹੋਈ ਹੈ, ਜਿਸ ਦੀ ਉਮਰ 30 ਤੋਂ 32 ਸਾਲ ਜਾਪਦੀ ਹੈ। ਲਾਸ ਨੂੰ ਕਬਜੇ 'ਚ ਲੈ ਕੇ ਸਿਵਲ ਹਸਪਤਾਲ ਫਿਲੌਰ 'ਚ 72 ਘੰਟਿਆਂ ਲਈ ਸਨਾਖਤ ਲਈ ਰੱਖ ਦਿੱਤੀ ਹੈ।

## ਇੰਸਟਾਗ੍ਰਾਮ 'ਤੇ ਫੇਕ ਆਈ. ਡੀ. ਬਣਾ ਕੇ ਕੁੜੀ ਨੂੰ ਕੀਤਾ ਬਲੈਕਮੇਲ, 4 ਨੌਜਵਾਨਾਂ ਖਿਲਾਫ ਮਾਮਲਾ ਦਰਜ

ਕਪੂਰਥਲਾ 24 ਸਤੰਬਰ। ਥਾਣਾ ਕੋਤਵਾਲੀ ਪੁਲਸ ਨੇ ਇੰਸਟਾਗ੍ਰਾਮ 'ਤੇ ਫੇਕ ਆਈ. ਡੀ. ਬਣਾ ਕੇ ਕੁੜੀ ਨੂੰ ਜਾਣਬੁੱਝ ਕੇ ਤੰਗ-ਪ੍ਰੇਸ਼ਾਨ ਕਰਨ ਤੇ ਬਲੈਕਮੇਲ ਕਰਨ ਦੇ ਇਲਜਾਮ 'ਚ 4 ਨੌਜਵਾਨਾਂ ਖਿ਼ਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਫਿਲਹਾਲ ਕਿਸੇ ਮੁਲਜਮ ਦੀ ਗ੍ਰਿਫਤਾਰੀ ਨਹੀਂ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਜਸਵਿੰਦਰਪਾਲ ਸਿੰਘ ਵਾਸੀ ਪਿੰਡ ਗੋਰੇ ਨੇ ਪੁਲਸ ਨੂੰ ਦਿੱਤੀ ਆਪਣੀ ਸ਼ਿਕਾਇਤ 'ਚ ਦੱਸਿਆ ਕਿ ਅਕਾਸ਼ਦੀਪ ਸਿੰਘ, ਹਰਮਨ, ਗੁਰਵਿੰਦਰ ਸਿੰਘ ਵਾਸੀ ਪਿੰਡ ਗੋਰੇ ਅਤੇ ਅਰਮਾਨ ਕੁਮਾਰ ਵਾਸੀ ਪਿੰਡ ਦੇਵਲਾਂਵਾਲ




ਇੰਸਟਾਗ੍ਰਾਮ 'ਤੇ ਫੇਕ ਆਈ. ਡੀ. ਬਣਾ ਕੇ ਮੇਰੀ ਕੁੜੀ ਨੂੰ ਤੰਗ ਪ੍ਰੇਸ਼ਾਨ ਅਤੇ ਬਲੈਕਮੇਲ ਕਰ ਰਹੇ ਹਨ। ਜਦੋਂ ਮੇਰੀ ਬੇਟੀ ਨੇ ਮੈਨੂੰ ਦੱਸਿਆ ਤਾਂ ਇਸ ਸਬੰਧੀ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ। ਸ਼ਿਕਾਇਤ ਦੇ ਆਧਾਰ 'ਤੇ ਥਾਣਾ ਕੋਤਵਾਲੀ ਪੁਲਸ ਨੇ 4 ਮੁਲਜਮਾਂ (ਅਕਾਸ਼ਦੀਪ ਸਿੰਘ, ਹਰਮਨ, ਗੁਰਵਿੰਦਰ ਸਿੰਘ ਤੇ ਅਰਮਾਨ ਕੁਮਾਰ) ਦੇ ਖਿ਼ਲਾਫ ਧਾਰਾ 354-ਏ, 354-ਡੀ ਆਈ. ਪੀ. ਸੀ., 67-ਆਈ. ਟੀ. ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ। ਮੁਲਜਮਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ।

## ਪੁਲਸ ਨੇ ਬਾਈਕ ਸਵਾਰ ਇਕ ਵਿਅਕਤੀ ਤੇ ਔਰਤ ਨੂੰ ਹੈਰੋਇਨ ਸਮੇਤ ਕੀਤਾ ਕਾਬੂ

ਨਵਾਂਸ਼ਹਿਰ 24 ਸਤੰਬਰ। ਪੁਲਸ ਨੇ ਮੋਟਰਸਾਈਕਲ ਸਵਾਰ ਇਕ ਔਰਤ ਅਤੇ ਇਕ ਵਿਅਕਤੀ ਨੂੰ 5 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਕੰਦਪੁਰ 'ਚ ਤਾਇਨਾਤ ਏ. ਐੱਸ. ਆਈ. ਭੂਸ਼ਣ ਲਾਲ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਮੁਕੰਦਪੁਰ ਤੋਂ ਪਿੰਡ ਮੰਡੇਰ ਵੱਲ ਜਾ ਰਹੀ ਸੀ ਤਾਂ ਉਨ੍ਹਾਂ ਨੇ ਪਿੰਡ ਮੰਡੇਰ ਪੁਲੀ ਦੇ ਕੋਲ ਇਕ ਵਿਅਕਤੀ ਅਤੇ ਔਰਤ ਨੂੰ ਮੋਟਰਸਾਈਕਲ 'ਤੇ ਆਉਂਦੇ ਵੇਖਿਆ। ਪੁਲਸ ਪਾਰਟੀ ਨੂੰ ਵੇਖ ਕੇ ਵਿਅਕਤੀ ਡਰ ਗਿਆ ਅਤੇ ਆਪਣੀ ਬਾਈਕ ਨੂੰ ਪਿੱਛੇ ਵੱਲ ਮੋੜਨਾ ਸ਼ੁਰੂ ਕਰ ਦਿੱਤਾ, ਜੋਕਿ ਅਚਾਨਕ ਰੁਕ ਗਿਆ। ਉਕਤ ਬਾਈਕ ਸਵਾਰਾਂ ਨੇ ਪਲਾਸਟਿਕ ਦਾ



ਲਿਫਾਫਾ ਜ਼ਮੀਨ 'ਤੇ ਸੁੱਟ ਦਿੱਤਾ। ਐੱਸ. ਐੱਚ. ਓ. ਨੇ ਦੱਸਿਆ ਕਿ ਪੁਲਸ ਮੁਲਾਜ਼ਮਾਂ ਦੀ ਮਦਦ ਨਾਲ ਉਕਤ ਵਿਅਕਤੀਆਂ ਨੂੰ ਕਾਬੂ ਕਰਕੇ ਜਦੋਂ ਲਿਫਾਫੇ ਦੀ ਜਾਂਚ ਕੀਤੀ ਗਈ ਤਾਂ ਉਸ ਵਿੱਚੋਂ 5 ਗ੍ਰਾਮ ਹੈਰੋਇਨ ਬਰਾਮਦ ਹੋਈ। ਉਕਤ ਵਿਅਕਤੀਆਂ ਦੀ ਪਛਾਣ ਜਸਵਿੰਦਰ ਕੁਮਾਰ ਉਰਫ ਕਾਕਾ ਵਾਸੀ ਤਲਵੰਡੀ ਫੱਤੂ ਅਤੇ ਔਰਤ ਦੀ ਪਛਾਣ ਸੀਮਾ ਵਾਸੀ ਮੁਕੰਦਪੁਰ ਵਜੋਂ ਹੋਈ ਹੈ। ਐੱਸ. ਐੱਚ. ਓ. ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਕਾਬੂ ਕੀਤੇ ਗਏ ਮੁਲਜ਼ਮ ਜਸਵਿੰਦਰ ਕੁਮਾਰ 'ਤੇ ਪਹਿਲਾਂ ਵੀ ਦਾਜ ਐਕਟ ਅਤੇ ਧੋਖਾਧੜੀ ਦੇ ਦੋ ਮੁਕੱਦਮੇ ਦਰਜ ਹਨ, ਜਦਕਿ ਸੀਮਾ 'ਤੇ ਐੱਨ .ਡੀ. ਪੀ. ਐੱਸ. ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਐੱਸ. ਐੱਚ. ਓ. ਨੇ ਦੱਸਿਆ ਕਿ ਕਾਬੂ ਦੋਸ਼ੀਆਂ ਖਿ਼ਲਾਫ ਥਾਣਾ ਮੁਕੰਦਪੁਰ ਵਿੱਚ ਐੱਨ. ਡੀ. ਪੀ. ਐੱਸ. ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਸਿੱਧਵਾਂ ਨਹਿਰ ਕੰਢੇ ਪੁਸ਼ਪ ਵਿਹਾਰ ਦੇ ਬਾਹਰ ਬਣ ਰਹੀ ਵਿਵਾਦਿਤ ਇਮਾਰਤ ਖਿਲਾਫ ਫਿਰ ਹੋਈ ਖਾਨਾਪੂਰਤੀ

ਲੁਧਿਆਣਾ 24 ਸਤੰਬਰ। ਨਗਰ ਨਿਗਮ ਅਧਿਕਾਰੀਆਂ ਵੱਲੋਂ ਸੋਮਵਾਰ ਨੂੰ ਸਿੱਧਵਾਂ ਨਹਿਰ ਕੰਢੇ ਪੁਸ਼ਪ ਵਿਹਾਰ ਦੇ ਬਾਹਰ ਬਣ ਰਹੀ ਵਿਵਾਦਿਤ ਇਮਾਰਤ ਦੇ ਖਿਲਾਫ ਕਾਰਵਾਈ ਕਰਨ ਦਾ ਦਾਅਵਾ ਕੀਤਾ ਗਿਆ ਪਰ ਜ਼ੋਨ ਡੀ ਦੀ ਇਮਾਰਤੀ ਸ਼ਾਖਾ ਦੀ ਟੀਮ ਵੱਲੋਂ ਉੱਥੇ ਖਾਨਾਪੂਰਤੀ ਤੋਂ ਸਿਵਾਏ ਕੁਝ ਨਹੀਂ ਕੀਤਾ ਗਿਆ ਜਿਸ ਦਾ ਸਬੂਤ ਇਹ ਹੈ ਕਿ ਇਸ ਇਮਾਰਤ ਦੀ ਉਸਾਰੀ ਲਈ 6 ਨਕਸ਼ੇ ਪਾਸ ਕਰਵਾਏ ਗਏ ਹਨ ਅਤੇ ਸਾਈਟ 'ਤੇ ਇਕੱਠ ਮਲਟੀ ਸਟੋਰੀ ਕੰਪਲੈਕਸ ਬਣਾਇਆ ਗਿਆ ਹੈ ਜਿਸ ਦੀ ਬੇਸਮੈਂਟ ਨੂੰ ਚਾਹੇ ਕਲੱਬ ਕਰ ਦਿੱਤਾ ਗਿਆ ਹੈ, ਜਦੋਂਕਿ ਓਵਰ ਕਵਰੇਜ ਦੇ ਮਾਮਲੇ ਵਿਚ ਕਾਰਵਾਈ ਸਿਰਫ ਨੋਟਿਸ ਜਾਰੀ ਕਰਨ ਤੱਕ ਹੀ ਸੀਮਤ ਹੈ ਜਿਸ ਕਰਨ ਥੱਲਿਓਂ ਉੱਪਰ ਤੱਕ ਦੇ ਅਧਿਕਾਰੀਆਂ ਦੀ ਮਿਲੀਭੁਗਤ ਸਾਹਮਣੇ ਆਈ ਹੈ। ਇਸ ਇਮਾਰਤ ਦੀ ਉਸਾਰੀ ਦੌਰਾਨ ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰਨ ਦੇ ਦੋਸ਼ ਵੀ ਲਗ ਰਹੇ ਹਨ ਕਿਉਂਕਿ ਇਸ ਦੇ ਫਰੰਟ 'ਤੇ ਸਿੰਚਾਈ ਵਿਭਾਗ ਦੀ ਜ਼ਮੀਨ ਹੈ ਅਤੇ ਸਾਈਡ 'ਤੇ ਸੂਆ ਰੋਡ ਹੈ ਜਿਸ ਸਬੰਧੀ ਇਲਾਕੇ ਦੇ ਲੋਕਾਂ ਵੱਲੋਂ ਨਗਰ ਨਿਗਮ ਦੇ ਖਿਲਾਫ ਪ੍ਰਦਰਸ਼ਨ ਵੀ ਕੀਤਾ ਗਿਆ ਹੈ। ਉੱਧਰ, ਇਸ ਰੋਡ ਨੂੰ ਕਮਰਸ਼ੀਅਲ ਡਿਕਲੇਅਰ ਕਰਨ ਦੇ ਲਈ ਨਗਰ ਨਿਗਮ ਵੱਲੋਂ ਜਾਰੀ ਨੋਟਿਸ ਵਿਚ ਸੜਕ ਦੀ ਚੌੜਾਈ ਵਧਾ ਕੇ 60 ਫੁੱਟ ਕਰਨ ਦਾ ਜ਼ਿਕਰ ਕੀਤਾ ਗਿਆ ਹੈ ਪਰ ਸਾਈਟ 'ਤੇ ਇਮਾਰਤ ਦੇ ਮਾਲਕ ਵੱਲੋਂ ਸੜਕ ਕੰਢੇ ਚਾਰਦੀਵਾਰੀ ਕਰ ਲਈ ਗਈ ਹੈ ਜਿਸ ਦੇ ਕੁਝ ਹਿੱਸੇ ਨੂੰ ਤੋੜਨ ਦਾ ਡਰਾਮਾ ਨਗਰ ਨਿਗਮ ਦੀ ਟੀਮ ਵੱਲੋਂ ਕੀਤਾ ਗਿਆ ਹੈ। ਸਿੱਧਵਾਂ ਨਹਿਰ ਕੰਢੇ ਪੁਸ਼ਪ ਵਿਹਾਰ ਦੇ ਬਾਹਰ ਬਣ ਰਹੀ ਵਿਵਾਦਿਤ ਇਮਾਰਤ ਦਾ ਮੁੱਦਾ ਪਿਛਲੇ ਦਿਨੀਂ ਹੋਈ ਵਿਧਾਨ ਸਭਾ ਦੀ ਲੋਕਲ ਬਾਡੀ ਕਮੇਟੀ ਦੀ ਬੈਠਕ ਦੌਰਾਨ ਵੀ ਛਾਇਆ ਰਿਹਾ ਸੀ। ਉਸ ਸਮੇਂ



ਚੇਅਰਮੈਨ ਗੁਰਪ੍ਰੀਤ ਗੋਗੀ ਵੱਲੋਂ ਕਮਿਸ਼ਨਰ ਨੂੰ ਇਕ ਘੰਟੇ ਦੇ ਅੰਦਰ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ ਜਿਸ ਕਾਰਨ ਇਸ ਇਮਾਰਤ ਦੀ ਉਸਾਰੀ ਨਗਰ ਨਿਗਮ ਅਧਿਕਾਰੀਆਂ ਦੇ ਗਲੇ ਦਾ ਫਾਹਾ ਬਣ ਗਈ ਅਤੇ ਕਈ ਦਿਨਾਂ ਬਾਅਦ ਉਨ੍ਹਾਂ ਵੱਲੋਂ ਕਾਰਵਾਈ ਦੇ ਨਾਮ ਤੇ ਖਾਨਾਪੂਰਤੀ ਕੀਤੀ ਗਈ ਹੈ। ਹਾਲਾਂਕਿ ਇਸ ਤੋਂ ਇਹ ਸਾਬਤ ਹੋ ਗਿਆ ਹੈ ਕਿ ਸੂਆ ਰੋਡ ਵੱਲ ਕੀਤੀ ਗਈ ਚਾਰਦੀਵਾਰੀ ਦੀ ਆੜ ਵਿਚ ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਗਿਆ ਹੈ। ਇਸ ਸਬੰਧੀ ਐੱਮ.ਟੀ.ਪੀ. ਸੰਜੇ ਕੰਵਰ ਨੇ ਕਿਹਾ ਕਿ ਇਸ ਇਮਾਰਤ ਦੇ ਮਾਲਕਾਂ ਵੱਲੋਂ ਰਿਵਾਇਜ਼ ਨਕਸ਼ਾ ਜਮ੍ਹਾ ਕਰਵਾਇਆ ਗਿਆ ਹੈ ਜਿਸ ਸਬੰਧੀ ਰਿਪੋਰਟ ਮੰਗੀ ਗਈ ਹੈ ਕਿ ਪਲਾਟ ਸਾਈਜ਼ ਦੇ ਹਿਸਾਬ ਨਾਲ ਬਾਇਲਾਜ ਦੇ ਮੁਤਾਬਕ ਉਸਾਰੀ ਹੋ ਰਹੀ ਹੈ ਜਾਂ ਨਹੀਂ, ਉਸ ਦੇ ਆਧਾਰ 'ਤੇ ਕਾਰਵਾਈ ਕੀਤੀ ਜਾਵੇਗੀ। ਇਸੇ ਤਰ੍ਹਾਂ ਇਮਾਰਤੀ ਸ਼ਾਖਾ ਦੇ ਸਟਾਫ ਤੋਂ ਸਾਈਟ 'ਤੇ ਸਰਕਾਰੀ ਜ਼ਮੀਨ 'ਤੇ ਕੋਈ ਕਬਜ਼ਾ ਨਾ ਹੋਣ ਦਾ ਸਰਟੀਫਿਕੇਟ ਲੈਣ ਤੋਂ ਬਾਅਦ ਹੀ ਨਕਸ਼ਾ ਪਾਸ ਕਰਨ ਦਾ ਫੈਸਲਾ ਕੀਤਾ ਜਾਵੇਗਾ।

## ਮਾਂ ਦੀ ਮੌਤ ਮਗਰੋਂ ਮਾਨਸਿਕ ਤੌਰ 'ਤੇ ਪਰੇਸ਼ਾਨ ਨੌਜਵਾਨ ਨੇ ਲਿਆ ਫਾਹਾ

ਪਠਾਨਕੋਟ 24 ਸਤੰਬਰ। ਵਿਸ਼ਵਕਰਮਾ ਨਗਰ ਸਥਿਤ ਇਕ ਨੌਜਵਾਨ ਵੱਲੋਂ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਖਤਮ ਕਰ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੂੰ ਦਿੱਤੀ ਜਾਣਕਾਰੀ ਅਨੁਸਾਰ 29 ਸਾਲਾ ਸਾਹਿਲ ਸੱਭਰਵਾਲ ਦੇ ਭਰਾ ਕ੍ਰਿਸ਼ਣਾ ਸੱਭਰਵਾਲ ਨੇ ਦੱਸਿਆ ਕਿ ਉਸ ਦੀ ਮਾਂ ਆਸ਼ਾ ਰਾਣੀ ਦੀ 8 ਸਾਲ ਪਹਿਲਾਂ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਭਰਾ ਆਪਣੇ ਪਿਤਾ ਦੇ ਨਾਲ ਲਮੀਨੀ ਵਿੱਚ ਰਹਿੰਦਾ ਸੀ, ਜਦੋਂਕਿ ਉਹ ਖੁਦ ਵੱਖਰੇ ਮਕਾਨ ਵਿੱਚ ਪਰਿਵਾਰ ਸਮੇਤ ਰਹਿ ਰਿਹਾ ਹੈ। ਕ੍ਰਿਸ਼ਨਾ ਨੇ ਦੱਸਿਆ ਕਿ ਬੀਤੀ ਰਾਤ ਉਸ ਦੇ ਪਿਤਾ ਯਸ਼ਪਾਲ ਉਸ ਦੇ ਘਰ ਆਏ ਹੋਏ ਸਨ ਅਤੇ ਉਨ੍ਹਾਂ ਨੇ ਆਪਣੇ ਛੋਟੇ ਭਰਾ



ਨੂੰ ਵੀ ਫੋਨ ਕੀਤਾ ਕਿ ਉਹ ਕਿਉਂ ਨਹੀਂ ਆਇਆ ਪਰ ਉਸ ਨੇ ਆਉਣ ਤੋਂ ਮਨ੍ਹਾ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਮਾਂ ਦੀ ਮੌਤ ਦੇ ਬਾਅਦ ਸਾਹਿਲ ਮਾਨਸਿਕ ਤੌਰ 'ਤੇ ਕਾਫੀ ਪਰੇਸ਼ਾਨ ਰਹਿ ਰਿਹਾ ਸੀ ਕਿਉਂਕਿ ਉਸ ਦਾ ਆਪਣੀ ਮਾਂ ਨਾਲ ਬਹੁਤ ਲਗਾਅ ਸੀ। ਸਵੇਰੇ 6 ਵਜੇ ਦੇ ਕਰੀਬ ਉਨ੍ਹਾਂ ਦੇ ਗੁਆਂਢੀ ਦਾ ਫੋਨ ਆਇਆ ਕਿ ਉਸ ਦਾ ਭਰਾ ਸਾਹਿਲ ਸੱਭਰਵਾਲ ਲਟਕਿਆ ਪਿਆ ਹੈ। ਜਦੋਂ ਉਹ ਆਪਣੇ ਘਰ ਵਾਪਸ ਆਇਆ ਤਾਂ ਦੇਖਿਆ ਕਿ ਮੁੱਖ ਦਰਵਾਜਾ ਬੰਦ ਸੀ ਅਤੇ ਉਨ੍ਹਾਂ ਨੇ ਦਰਵਾਜਾ ਤੋੜ ਕੇ ਮੁਹੱਲਾ ਵਾਸੀਆਂ ਦੀ ਮਦਦ ਨਾਲ ਸਾਹਿਲ ਨੂੰ ਹੇਠਾਂ ਲਾਹਿਆ ਪਰ ਉਦੋਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ। ਜਿ਼ਕਰਯੋਗ ਹੈ ਕਿ ਮ੍ਰਿਤਕ ਸਾਹਿਲ ਨੇ 2 ਦਿਨ ਪਹਿਲਾਂ ਹੀ ਆਪਣੀ ਮਾਂ ਦਾ ਟੈਟੂ ਆਪਣੀ ਬਾਂਹ 'ਤੇ ਬਣਵਾਇਆ ਸੀ। ਉੱਥੇ ਹੀ ਮਾਮਲੇ ਦੀ ਜਾਂਚ ਕਰ ਰਹੇ ਏ. ਐੱਸ. ਆਈ. ਨਰੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਮ੍ਰਿਤਕ ਦੇ ਭਰਾ ਦੇ ਬਿਆਨਾਂ 'ਤੇ ਕਾਰਵਾਈ ਕਰਦੇ ਲਾਸ਼ ਪੋਸਟਮਾਰਟਮ ਕਰਵਾ ਕੇ ਪਰਿਵਾਰ ਨੂੰ ਸੌਂਪ ਦਿੱਤੀ ਹੈ।

## ਕਾਰ ਅਤੇ ਟਰੱਕ ਵਿਚਾਲੇ ਜਬਰਦਸਤ ਟੱਕਰ

ਜੈਪੁਰ 24 ਸਤੰਬਰ। ਰਾਜਸਥਾਨ ਦੇ ਸਵਾਈਮਾਧੋਪੁਰ ਜਿ਼ਲ੍ਹੇ ਦੇ ਸੁਰਵਾਲ ਥਾਣਾ ਖੇਤਰ ਵਿਚ ਦਿੱਲੀ-ਮੁੰਬਈ ਐਕਸਪ੍ਰੈੱਸਵੇਅ 'ਤੇ ਐਤਵਾਰ ਸਵੇਰੇ ਇਕ ਕਾਰ ਦੇ ਟਰੱਕ ਨਾਲ ਟਕਰਾ ਜਾਣ ਕਾਰਨ ਉਸ ਵਿਚ ਸਵਾਰ ਭਰਾ-ਭੈਣ ਸਮੇਤ 4 ਲੋਕਾਂ ਦੀ ਮੌਤ ਹੋ ਗਈ ਅਤੇ 6 ਹੋਰ ਲੋਕ ਜਖਮੀ ਹੋ ਗਏ। ਪੁਲਸ ਨੇ ਦੱਸਿਆ ਕਿ ਦਿੱਲੀ-ਮੁੰਬਈ ਐਕਸਪ੍ਰੈੱਸਵੇਅ 'ਤੇ ਤ੍ਰਿਲੋਕਪੁਰਾ ਪਿੰਡ ਨੇੜੇ ਹੋਏ ਇਸ ਭਿਆਨਕ ਹਾਦਸੇ ਵਿਚ ਕਾਰ ਸਵਾਰ ਰਾਜਨ (22), ਉਸ ਦੀ ਭੈਣ ਮੋਨਿਕਾ (24), ਰੇਖਾ (42), ਅਤੇ ਧਾਪੂ ਦੇਵੀ (65) ਦੀ ਮੌਕੇ 'ਤੇ ਮੌਤ ਹੋ ਗਈ। ਜਦਕਿ 6 ਹੋਰ ਲੋਕ ਜਖਮੀ ਹੋ ਗਏ। ਇਕ ਪੁਲਸ ਅਧਿਕਾਰੀ ਮੁਤਾਬਕ ਕਾਰ ਵਿਚ ਸਵਾਰ ਸਾਰੇ ਲੋਕ ਮੱਧ ਪ੍ਰਦੇਸ਼ ਦੇ ਵਿਕ੍ਰਮਗੜ੍ਹ ਦੇ ਰਹਿਣ ਵਾਲੇ ਸਨ। ਉਨ੍ਹਾਂ ਨੇ ਦੱਸਿਆ ਕਿ ਜਖਮੀਆਂ ਨੂੰ ਸਥਾਨਕ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ ਅਤੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜਿਆ ਗਿਆ ਹੈ। ਅਧਿਕਾਰੀ ਮੁਤਾਬਕ ਹਾਦਸੇ ਮਗਰੋਂ ਟਰੱਕ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ।

## ਫੌਜੀ ਪਤੀ ਡਿਊਟੀ 'ਤੇ ਰਹਿੰਦੈ ਬਾਹਰ, ਪਿੱਛੋਂ ਜੇਠ ਨਾਲ ਬਣ ਗਏ ਨਾਜਾਇਜ ਸਬੰਧ

ਮੋਹਾਲੀ 24 ਸਤੰਬਰ। ਮੋਹਾਲੀ ਇਲਾਕੇ ਤੋਂ ਇਕ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਆਪਣੇ ਨਾਜਾਇਜ਼ ਸਬੰਧਾਂ ਨੂੰ ਲੁਕਾਉਣ ਲਈ ਮਾਂ ਤੇ ਤਾਏ ਨੇ ਮਾਸੂਮ ਬੱਚੀ ਨੂੰ ਸਲਫਾਸ ਖਿਲਾ ਦਿੱਤੀ। ਜਦੋਂ ਇਸ ਨਾਲ ਵੀ ਬੱਚੀ ਦੀ ਮੌਤ ਨਾ ਹੋਈ ਤਾਂ ਮੁਲਜਮਾਂ ਨੇ ਮਾਸੂਮ ਦਾ ਗਲਾ ਘੁੱਟ ਕੇ ਆਪਣੇ ਮਨਸੂਬੇ ਨੂੰ ਅੰਜਾਮ ਦਿੱਤਾ। ਇੰਨਾ ਹੀ ਨਹੀਂ, ਆਪਣੇ ਘਿਨੌਣੇ ਅਪਰਾਧ ਨੂੰ ਲੁਕਾਉਣ ਲਈ ਉਸ ਦਾ ਸਸਕਾਰ ਵੀ ਕਰ ਦਿੱਤਾ। ਇਹ ਖੁਲਾਸਾ ਮ੍ਰਿਤਕਾ ਦੇ ਤਾਏ ਦੀ ਗ੍ਰਿਫਤਾਰੀ ਤੋਂ ਬਾਅਦ ਹੋਇਆ ਹੈ। ਪੁਲਸ ਅਨੁਸਾਰ ਪਿੰਡ ਸ਼ਾਮਪੁਰ ਦੀ ਵਸਨੀਕ ਅੰਗਰੇਜ ਕੌਰ ਦੇ ਆਪਣੇ ਜੇਠ ਜਗਤਾਰ ਸਿੰਘ ਨਾਲ ਕਾਫੀ ਸਮੇਂ ਤੋਂ ਨਾਜਾਇਜ ਸਬੰਧ ਸਨ। ਦੋਵੇਂ ਘਰ 'ਚ ਹੀ ਗਲਤ ਕੰਮ ਕਰਦੇ ਸਨ। ਇਕ ਦਿਨ 13 ਸਾਲਾ ਮਾਸੂਮ ਪ੍ਰੀਤ ਕੌਰ ਨੇ ਦੋਵਾਂ ਨੂੰ ਇਤਰਾਜਯੋਗ ਹਾਲਤ 'ਚ ਵੇਖ ਲਿਆ। ਇਸ ਤੋਂ ਬਾਅਦ ਦੋਵੇਂ ਡਰ ਗਏ ਕਿ ਕਿਤੇ ਕੁੜੀ ਉਨ੍ਹਾਂ ਦੇ ਸਬੰਧਾਂ ਬਾਰੇ ਕਿਸੇ ਨੂੰ ਦੱਸ ਨਾ ਦੇਵੇ। ਆਪਣੇ ਸਬੰਧ ਲੁਕਾਉਣ ਲਈ




ਦੋਵਾਂ ਨੇ ਕੁੜੀ ਨੂੰ ਮਾਰਨ ਦੀ ਸਾਜਿਸ਼ ਬਣਾਈ। ਪਹਿਲਾਂ ਦੋਵਾਂ ਨੇ ਕੁੜੀ ਨੂੰ ਸਲਫਾਸ ਦਿੱਤਾ, ਜਦੋਂ ਉਸ ਦੀ ਮੌਤ ਨਾ ਹੋਈ ਤਾਂ ਮਾਸੂਮ ਦਾ ਗਲਾ ਘੁੱਟ ਦਿੱਤਾ। ਮਰਨ ਤੋਂ ਬਾਅਦ ਸਵੇਰੇ ਉਸ ਦਾ ਅੰਤਿਮ ਸਸਕਾਰ ਵੀ ਕਰ ਦਿੱਤਾ ਤਾਂ ਜੋ ਕਿਸੇ ਨੂੰ ਉਨ੍ਹਾਂ ਦੇ ਜੁਰਮ ਬਾਰੇ ਪਤਾ ਨਾ ਲੱਗ ਸਕੇ। ਘਟਨਾ ਸਬੰਧੀ ਜਦੋਂ ਥਾਣਾ ਸੋਹਾਣਾ ਪੁਲਸ ਨੂੰ ਸੂਚਨਾ ਮਿਲੀ ਤਾਂ ਪੁਲਸ ਨੇ ਮਾਸੂਮ ਬੱਚੀ ਦੀ ਮਾਂ ਤੇ ਤਾਏ ਖ਼ਿਲਾਫ਼ ਕਤਲ ਤੇ ਹੋਰ ਬਣਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ। ਪੁਲਸ ਵੱਲੋਂ ਮੁਲਜ਼ਮ ਤਾਏ ਜਗਤਾਰ ਸਿੰਘ ਨੂੰ ਤਾਂ ਗ੍ਰਿ.ਫ਼ਤਾਰ ਕਰ ਲਿਆ ਹੈ ਜਦਕਿ ਮਾਂ ਅੰਗਰੇਜ਼ ਕੌਰ ਦੀ ਭਾਲ ਜਾਰੀ ਹੈ। ਪੁਲਸ ਨੇ ਘਟਨਾ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ ਸਾਹਮਣੇ ਆਇਆ ਹੈ ਕਿ ਬੱਚੀ ਦਾ ਪਿਤਾ ਨੀਮ ਫੌਜੀ ਬਲ 'ਚ ਤਾਇਨਾਤ ਹੈ, ਜਿਸ ਕਾਰਨ ਉਹ ਡਿਊਟੀ 'ਤੇ ਬਾਹਰ ਹੀ ਰਹਿੰਦਾ ਹੈ। ਇਸੇ ਵਿਚਕਾਰ ਦੋਵਾਂ ਦੇ ਪ੍ਰੇਮ ਸਬੰਧ ਬਣ ਗਏ।

### ਟਰੇਲਰ 'ਚ ਜਾ ਵੱਜੀ ਸਵਾਰੀਆਂ ਨਾਲ ਭਰੀ ਬੱਸ, 20 ਫੁੱਟ ਡੂੰਘੀ ਖਾਈ 'ਚ ਡਿੱਗੇ ਦੋਵੇਂ ਵਾਹਨ

ਕੋਰਬਾ 24 ਸਤੰਬਰ। ਛੱਤੀਸਗੜ੍ਹ ਦੇ ਕੋਰਬਾ ਜਿ਼ਲ੍ਹੇ 'ਚ ਵੀਰਵਾਰ ਨੂੰ ਤਾਰਾ ਘਾਟੀ ਨੇੜੇ ਮੋਰਗਾ ਚੌਕੀ ਇਲਾਕੇ 'ਚ ਯਾਤਰੀਆਂ ਨਾਲ ਭਰੀ ਬੱਸ ਅਤੇ ਟਰੇਲਰ ਵਾਹਨ ਵਿਚਾਲੇ ਜਬਰਦਸਤ ਟੱਕਰ ਹੋ ਗਈ। ਇਸ ਹਾਦਸੇ ਤੋਂ ਬਾਅਦ ਦੋਵੇਂ ਵਾਹਨ 20 ਫੁੱਟ ਡੂੰਘੀ ਖਾਈ ਵਿੱਚ ਜਾ ਡਿੱਗੇ, ਜਿਸ ਕਾਰਨ ਬੱਸ 'ਚ ਸਵਾਰ ਕਈ ਸਵਾਰੀਆਂ ਗੰਭੀਰ ਤੌਰ 'ਤੇ ਜਖਮੀ ਹੋ ਗਈਆਂ। ਘਟਨਾ ਤੋਂ ਬਾਅਦ ਮੌਕੇ 'ਤੇ ਦਹਿਸਤ ਦਾ ਮਾਹੌਲ ਬਣ ਗਿਆ ਅਤੇ ਸਵਾਰੀਆਂ 'ਚ ਰੌਲਾ ਪੈ ਗਿਆ। ਸੂਤਰਾਂ ਅਨੁਸਾਰ ਹਾਦਸੇ 'ਚ 12 ਤੋਂ ਵੱਧ ਯਾਤਰੀਆਂ ਦੇ ਜਖਮੀ ਹੋਣ ਦੀ ਖਬਰ ਹੈ। ਕੁਝ ਲੋਕ ਗੰਭੀਰ ਜਖਮੀ ਹੋਏ ਹਨ। ਇੱਕ ਲੜਕੀ ਬੱਸ ਵਿੱਚ ਫਸ ਗਈ ਹੈ ਅਤੇ ਉਸ ਨੂੰ ਬਚਾਇਆ ਜਾ ਰਿਹਾ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਮੋਰਚਾ ਚੌਕੀ ਦੇ ਇੰਚਾਰਜ ਆਪਣੀ ਟੀਮ ਨਾਲ ਮੌਕੇ 'ਤੇ ਪਹੁੰਚ ਗਏ ਅਤੇ ਸਵਾਰੀਆਂ ਨੂੰ ਬਾਹਰ ਕੱਢਣ ਦਾ ਕੰਮ ਕਰਨਾ ਸੁਰੂ ਕਰ ਦਿੱਤਾ। ਇਸ ਹਾਦਸੇ 'ਚ 12 ਲੋਕ ਜਖਮੀ ਹੋ ਗਏ, ਜਦਕਿ 3 ਦੀ ਹਾਲਤ ਗੰਭੀਰ ਬਣੀ ਹੋਈ ਹੈ। ਜਖਮੀਆਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਹੈ।

## ਖੇਤ 'ਚ ਲੱਗੇ ਅਮਰੂਦ ਤੋੜ ਕੇ ਖਾਣੇ 7ਵੀਂ ਜਮਾਤ ਦੇ ਬੱਚੇ ਨੂੰ ਪਏ ਮਹਿੰਗੇ, ਕੁੱਟਮਾਰ ਕਰਕੇ ਕੀਤਾ ਹਾਲੋ-ਬੇਹਾਲ

ਤਪਾ ਮੰਡੀ 24 ਸਤੰਬਰ। ਸਬ-ਡਿਵੀਜਨਲ ਹਸਪਤਾਲ ਤਪਾ 'ਚ ਦਾਖਲ ਪਿੰਡ ਕਾਹਨੇਕੇ ਦੇ ਖੇਤ 'ਚੋਂ ਅਮਰੂਦ ਤੋੜ ਕੇ ਖਾਣ ਦੇ ਦੋਸ਼ 'ਚ ਇਕ ਨਾਬਾਲਗ ਬੱਚੇ ਨੂੰ ਘੇਰ ਕੇ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜੇਰੇ ਇਲਾਜ ਕੁਲਦੀਪ ਸਿੰਘ ਨਾਬਾਲਗ ਬੱਚੇ ਦੇ ਪਿਤਾ ਪੁੱਤਰ ਗੁਰਸੇਵਕ ਸਿੰਘ ਵਾਸੀ ਕਾਹਨੇਕੇ ਨੇ ਦੱਸਿਆ ਕਿ ਮੇਰਾ ਬੱਚਾ ਸਰਕਾਰੀ ਪ੍ਰਾਈਮਰੀ ਸਕੂਲ ਕਾਹਨੇਕੇ ਦੀ ਸੱਤਵੀਂ ਕਲਾਸ 'ਚ ਪੜ੍ਹਦਾ ਹੈ। ਬੀਤੇ ਦਿਨੀਂ ਸਵੇਰੇ 9 ਵਜੇ ਪੈਦਲ ਤੁਰ ਕੇ ਮੇਰਾ ਬੱਚਾ ਸਕੂਲ ਗਰਾਊਂਡ 'ਚ ਖੇਡਣ ਚਲਾ ਗਿਆ, ਮੈਂ ਅਪਣੇ ਘਰੋਂ ਲੜਕੇ ਨੂੰ ਲੈਣ ਲਈ ਗਿਆ ਤਾਂ ਸਕੂਲ ਨੇੜੇ ਪਿੰਡ ਦੇ ਇਕ ਧਨਾਢ ਵਿਅਕਤੀ ਦੌੜ ਕੇ ਆਇਆ ਅਤੇ ਮੇਰੇ ਲੜਕੇ ਨੂੰ ਘੇਰ ਕੇ ਨਾਜਾਇਜ ਕੁੱਟਮਾਰ ਕਰਕੇ ਘਸੀਣ ਕੇ ਸਕੂਲ ਨਜਦੀਕ ਲੈ ਗਿਆ। ਕੁੱਟਮਾਰ ਕਾਰਨ ਬੇਹੋਸ਼ ਹੋਏ ਬੱਚੇ ਦੇ ਗੁੱਝੀਆਂ ਸੱਟਾਂ ਲੱਗਣ ਕਾਰਨ ਸਹਿਮ ਗਿਆ। ਲੜਕੇ ਦੀਆਂ ਚੀਕਾਂ ਸੁਣ ਕੇ ਰਾਹਗੀਰ ਆ ਗਏ ਤਾਂ ਉਸ ਨੇ ਮੇਰੇ



ਲੜਕੇ ਨੂੰ ਛੱਡ ਦਿੱਤਾ। ਬੱਚੇ ਦਾ ਕਸੂਰ ਸਿਰਫ ਇਹ ਸੀ ਕਿ ਉਸ ਨੇ ਧਨਾਢ ਵਿਅਕਤੀ ਦੇ ਖੇਤ 'ਚ ਲੱਗੇ ਬੂਟੇ ਤੋਂ ਅਮਰੂਦ ਤੋੜ ਕੇ ਖਾਂਦੇ ਹਨ। ਧਨਾਢ ਵਿਅਕਤੀ ਨੇ ਜਾਨੋਂ ਮਾਰਨ ਦੀਆਂ ਧਮਕੀਆਂ ਅਤੇ ਗਾਲੀ-ਗਲੋਚ ਵੀ ਕੀਤੀ। ਸੱਟਾਂ ਲੱਗਣ ਕਾਰਨ ਬੱਚੇ ਨੂੰ ਸਿਵਲ ਹਸਪਤਾਲ ਤਪਾ 'ਚ ਦਾਖਲ ਕਰਵਾਇਆ ਗਿਆ, ਜਿਸ ਦਾ ਇਲਾਜ ਚੱਲ ਰਿਹਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਰੂਕਾ ਕੱਟ ਕੇ ਪੁਲਸ ਸਟੇਸ਼ਨ ਰੂੜੇਕੇ ਕਲਾਂ ਵਿਖੇ ਭੇਜ ਦਿੱਤਾ ਗਿਆ ਤਾਂ ਥਾਣੇਦਾਰ ਬਲਵਿੰਦਰ ਕੁਮਾਰ ਦੀ ਅਗਵਾਈ 'ਚ ਪੁੱਜੀ ਪੁਲਸ ਪਾਰਟੀ ਨੇ ਬੱਚੇ ਦੇ ਬਿਆਨ ਕਲਮਬੰਦ ਕਰਕੇ ਜਗਸੀਰ ਸਿੰਘ ਵਾਸੀ ਕਾਹਨੇਕੇ ਖਿ਼ਲਾਫ ਥਾਣਾ ਰੂੜੇਕੇ ਕਲਾਂ ਵਿਖੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਮਲਾਨਾ ਤੋਂ ਪਰਤਦੇ ਸਮੇਂ ਗੁਆਚ ਗਏ ਨੋਇਡਾ ਦੇ ਟਰੈਕਰ, ਪੁਲਸ ਨੇ ਇੰਝ ਬਚਾਈ ਜਾਨ

ਕੁੱਲੂ 24 ਸਤੰਬਰ। ਪੁਲਸ ਨੇ ਮਲਾਣਾ ਤੋਂ ਵਾਪਸ ਪਰਤਦੇ ਸਮੇਂ ਰਸਤਾ ਭੁੱਲਣ ਵਾਲੇ ਦੋ ਟਰੈਕਰਾਂ ਦੀ ਰੇਸਕਿਊ ਕਰਕੇ ਤਲਾਸ਼ ਕੀਤੀ। ਪੁਲਸ ਟੀਮ ਉਨ੍ਹਾਂ ਨੂੰ ਵਾਪਸ ਜਰੀ ਲੈ ਕੇ ਆਈ। ਰਸਤਾ ਭਟਕਣ ਤੋਂ ਬਾਅਦ ਇਨ੍ਹਾਂ ਟਰੈਕਰਾਂ ਨੇ 112 ਨੰਬਰ 'ਤੇ ਪੁਲਸ ਵਿਭਾਗ ਨਾਲ ਸੰਪਰਕ ਕਰਕੇ ਮਦਦ ਮੰਗੀ ਸੀ। ਇਸ ਤੋਂ ਬਾਅਦ ਜੈਰੀ ਪੁਲਸ ਚੌਕੀ ਤੋਂ ਪੁਲਸ ਦੀ ਟੀਮ ਨੂੰ ਉਕਤ ਇਲਾਕੇ ਵਿੱਚ ਭੇਜਿਆ ਗਿਆ। ਇਸ ਇਲਾਕੇ ਵਿੱਚ ਕੁਝ ਦਿਨ



ਪਹਿਲਾਂ ਹੜ੍ਹ ਆਇਆ ਸੀ, ਜਿਸ ਕਾਰਨ ਉਕਤ ਸਥਾਨ ਦਾ ਜਨਜੀਵਨ ਪ੍ਰਭਾਵਿਤ ਸੀ। ਅਜਿਹੇ 'ਚ ਇਹ ਦੋਵੇਂ ਟਰੈਕਰ ਮਲਾਨਾ ਤੋਂ ਜਰੀ ਨਿਕਲਦੇ ਸਮੇਂ ਰਸਤਾ ਭਟਕ ਗਏ। ਪੁਲਸ ਟੀਮ ਨੇ ਇਨ੍ਹਾਂ ਦੀ ਰੇਸਕਿਊ ਦੌਰਾਨ ਭਾਲ ਕੀਤੀ। ਇਨ੍ਹਾਂ ਵਿੱਚ ਇੱਕ ਨੌਜਵਾਨ ਅਤੇ ਇੱਕ ਕੁੜੀ ਸਾਮਲ ਸੀ। ਕੁੜੀ ਤੁਰਨ ਯੋਗ ਨਹੀਂ ਸੀ। ਪੁਲਸ ਮੁਲਾਜਮਾਂ ਨੇ ਉਸ ਨੂੰ ਆਪਣੀ ਪਿੱਠ 'ਤੇ ਬਿਠਾ ਲਿਆ ਅਤੇ ਉਸ ਦਾ ਜਰੀ ਹਸਪਤਾਲ ਵਿੱਚ ਇਲਾਜ ਕਰਵਾਇਆ। ਇਸ ਮੌਕੇ ਐੱਸਪੀ ਡਾ. ਕਾਰਤੀਕੇਅਨ ਗੋਕੁਲ ਚੰਦਰਨ ਨੇ ਦੱਸਿਆ ਕਿ ਦੋਵੇਂ ਟਰੈਕਰ ਹੁਣ ਸਿਹਤਮੰਦ ਹਨ। ਐੱਸਪੀ ਨੇ ਦੱਸਿਆ ਕਿ ਜਿਨ੍ਹਾਂ ਟਰੈਕਰਾਂ ਨੂੰ ਬਚਾਇਆ ਗਿਆ ਹੈ, ਉਨ੍ਹਾਂ ਦੇ ਨਾਂ ਐਲੇਕਸ ਅਤੇ ਪਲਕ ਹਨ। ਇਹ ਦੋਵੇਂ ਨੋਇਡਾ ਦੇ ਰਹਿਣ ਵਾਲੇ ਹਨ।

## ਗੁਰਦੁਆਰੇ ਦੇ ਗ੍ਰੰਥੀ ਰਹੇ ਵਿਅਕਤੀ ਦਾ ਸ਼ਰਮਨਾਕ ਕਾਰਾ, ਔਰਤਾਂ ਨਾਲ ਅਸ਼ਲੀਲ ਵੀਡੀਓਜ ਬਣਾ ਕੇ

ਬਠਿੰਡਾ 24 ਸਤੰਬਰ। ਪੁਲਸ ਥਾਣਾ ਕੋਟਫੱਤਾ ਨੇ ਔਰਤਾਂ ਦੇ ਨਾਲ ਅਸਲੀਲ ਵੀਡੀਓ ਬਣਾ ਕੇ ਬਲੈਕਮੇਲ ਕਰਨ ਵਾਲੇ ਗਿਰੋਹ ਦਾ ਪਰਦਾਫਾਸ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਇਹ ਗਿਰੋਹ ਹੁਣ ਤਕ ਕੋਟਫੱਤਾ ਇਲਾਕੇ ਦੇ ਕਈ ਲੋਕਾਂ ਨੂੰ ਆਪਣਾ ਸਿ਼ਕਾਰ ਬਣਾ ਚੁੱਕਾ ਹੈ। ਐੱਸ. ਐੱਚ. ਓ. ਕਰਮਜੀਤ ਸਿੰਘ ਪੂਹਲੀ ਦੀ ਅਗਵਾਈ ਹੇਠ ਪੁਲਸ ਟੀਮ ਨੇ ਇਸ ਗਿਰੋਹ ਵਿਚ ਸਾਮਲ ਮਾਨਸਾ ਦੀਆਂ ਕੁਝ ਔਰਤਾਂ ਦੀ ਭਾਲ ਕਰਦਿਆਂ ਗੁਰਦੁਆਰਾ ਸਾਹਿਬ ਦੇ ਸੇਵਾਮੁਕਤ ਗ੍ਰੰਥੀ ਅਤੇ ਉਸ ਦੇ ਸਾਥੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਥਾਣਾ ਕੋਟਫੱਤਾ ਦੇ ਇੰਸਪੈਕਟਰ ਕਰਮਜੀਤ ਸਿੰਘ ਨੇ ਦੱਸਿਆ ਕਿ ਪਿੰਡ ਕੋਟਫੱਤਾ ਦੇ ਰਹਿਣ ਵਾਲੇ ਸਿ਼ੰਦਰ ਸਿੰਘ (65) ਨੇ ਪੁਲਸ ਕੋਲ ਸਿ਼ਕਾਇਤ ਦਰਜ ਕਰਵਾਈ ਹੈ ਕਿ 5 ਸਾਲ ਪਹਿਲਾਂ ਕੁਲਦੀਪ ਸਿੰਘ ਵਾਸੀ ਪਿੰਡ ਭਾਗੀਵਾਂਦਰ ਨੂੰ ਗੁਰਦੁਆਰਾ ਸਾਹਿਬ 'ਚ ਗ੍ਰੰਥੀ ਸੇਵਾਦਾਰ ਵਜੋਂ ਰੱਖਿਆ ਹੋਇਆ ਸੀ। ਉਨ੍ਹਾਂ ਨੇ ਦੱਸਿਆ ਕਿ ਉਕਤ ਗ੍ਰੰਥੀ ਕਰੀਬ 6 ਮਹੀਨੇ ਤੋਂ ਗੁਰਦੁਆਰਾ ਸਾਹਿਬ ਵਿਖੇ ਸੇਵਾ ਨਿਭਾਅ ਰਿਹਾ ਸੀ ਪਰ ਉਸ ਦੇ ਵਿਵਹਾਰ ਕਾਰਨ ਪਤਵੰਤਿਆਂ ਨੇ ਉਸ ਨੂੰ ਗੁਰਦੁਆਰਾ ਸਾਹਿਬ ਤੋਂ ਵਾਪਸ ਭੇਜ ਦਿੱਤਾ ਸੀ। ਪੀੜਤ ਨੇ ਦੱਸਿਆ ਕਿ ਉਕਤ ਗ੍ਰੰਥੀ ਨੇ ਪਿੰਡ ਕੋਟਭਾਰਾ ਦੇ ਬਲਜੀਤ ਸਿੰਘ ਨਾਲ ਮਿਲ ਕੇ ਇਕ ਗਿਰੋਹ ਬਣਾਇਆ ਹੋਇਆ ਹੈ, ਜਿਸ ਵਿਚ ਕੁਝ ਔਰਤਾਂ ਵੀ ਸਾਮਲ ਹਨ। ਉਸ ਨੇ ਬਲਜੀਤ ਸਿੰਘ ਤੋਂ ਪਿੰਡ ਦੇ ਕੁਝ ਲੋਕਾਂ ਦੇ ਨੰਬਰ ਲਏ ਅਤੇ ਪਿੰਡ ਦੀਆਂ ਔਰਤਾਂ ਨੂੰ ਫੋਨ ਕਰ ਕੇ ਉਨ੍ਹਾਂ 'ਚੋਂ ਕੁਝ ਦੇ ਫੋਨਾਂ 'ਤੇ ਅਸਲੀਲ ਵੀਡੀਓਜ ਬਣਾ ਲਈਆਂ, ਜਿਸ ਤੋਂ ਬਾਅਦ ਬਲੈਕਮੇਲਿੰਗ ਦਾ ਕੰਮ ਸੁਰੂ ਕਰ ਦਿੱਤਾ ਗਿਆ। ਪੀੜਤਾ ਨੇ ਦੱਸਿਆ ਕਿ ਉਕਤ ਵਿਅਕਤੀ ਬਲਜੀਤ ਸਿੰਘ ਰਾਹੀਂ ਉਸ ਨੂੰ ਵਰਗਲਾ ਕੇ ਮਾਨਸਾ ਲੈ ਗਿਆ, ਜਿੱਥੇ ਉਸ ਨੇ ਗਲਤ ਔਰਤਾਂ ਨਾਲ ਉਸ ਦੀ ਵੀਡੀਓ ਆਦਿ ਬਣਾ ਲਈ। ਇਸੇ ਤਰ੍ਹਾਂ ਉਕਤ ਗਿਰੋਹ ਨੇ ਕਰੀਬ ਚਾਰ ਮਹੀਨੇ ਪਹਿਲਾਂ ਪਿੰਡ ਕੋਟਭਾਰਾ ਦੇ ਨਰਿੰਦਰ ਸਿੰਘ ਤੋਂ ਵੀ 3 ਲੱਖ ਰੁਪਏ ਵਸੂਲ ਕੀਤੇ ਸਨ। ਇਸ ਗਿਰੋਹ ਨੇ ਕੋਟਫੱਤਾ ਇਲਾਕੇ ਦੇ ਕਈ ਹੋਰ ਲੋਕਾਂ ਨੂੰ ਵੀ ਅਸਲੀਲ ਵੀਡੀਓ ਬਣਾ ਕੇ ਬਲੈਕਮੇਲ ਕੀਤਾ ਹੈ ਅਤੇ ਲੱਖਾਂ ਰੁਪਏ ਦੀ ਠੱਗੀ ਮਾਰੀ ਹੈ ਪਰ ਅਜਿਹੇ ਲੋਕ ਆਪਣੀ ਇੱਜਤ ਲਈ ਕੁਝ ਵੀ ਕਹਿਣ ਨੂੰ ਤਿਆਰ ਨਹੀਂ ਹਨ। ਥਾਣਾ ਕੋਟਫੱਤਾ ਦੇ ਇੰਸਪੈਕਟਰ ਕਰਮਜੀਤ ਸਿੰਘ ਨੇ ਦੱਸਿਆ ਕਿ ਬਲਜੀਤ ਸਿੰਘ ਅਤੇ ਕੁਲਦੀਪ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮੁੱਢਲੀ ਪੁੱਛਗਿੱਛ ਦੌਰਾਨ ਕਥਿਤ ਦੋਸੀਆਂ ਨੇ ਮੰਨਿਆ ਹੈ ਕਿ ਇਸ ਗਿਰੋਹ ਨਾਲ ਮਾਨਸਾ ਦੀਆਂ ਕੁਝ ਔਰਤਾਂ ਵੀ ਸਾਮਲ ਹਨ। ਉਨ੍ਹਾਂ ਕਿਹਾ ਕਿ ਪੁਲਸ ਮਾਮਲੇ ਦੀ ਜਾਂਚ ਕਰ ਕੇ ਮੁਲਜਮਾਂ ਖਿ਼ਲਾਫ ਸਖਤ ਕਾਰਵਾਈ ਕਰੇਗੀ।

### ਚੋਰੀ ਦੇ ਸ਼ੱਕ 'ਚ ਔਰਤ ਨੂੰ ਦਰੱਖਤ ਨਾਲ ਬੰਨ੍ਹਿਆ, ਫਿਰ ਲੋਹੇ ਦੀ ਗਰਮ ਰਾਡ ਨਾਲ ਦਾਗ਼'ਤਾ

ਨੈਸ਼ਨਲ ਡੈਸਕ 24 ਸਤੰਬਰ। ਉੱਤਰ ਪ੍ਰਦੇਸ ਦੇ ਦੇਵਰੀਆ ਜਿ਼ਲ੍ਹੇ ਦੇ ਇਕ ਪਿੰਡ 'ਚ ਕੁਝ ਲੋਕਾਂ ਨੇ ਚੋਰੀ ਦੇ ਸ਼ੱਕ 'ਚ ਇਕ ਔਰਤ ਨੂੰ ਦਰੱਖਤ ਨਾਲ ਬੰਨ੍ਹ ਕੇ ਉਸ ਨੂੰ ਲੋਹੇ ਦੀ ਗਰਮ ਰਾਡ ਨਾਲ ਸਾੜ ਦਿੱਤਾ। ਜਦੋਂ ਔਰਤ ਦਾ ਪਤੀ ਉਸ ਨੂੰ ਛੁਡਾਉਣ ਆਇਆ ਤਾਂ ਲੋਕਾਂ ਨੇ ਉਸ ਨੂੰ ਵੀ ਦਰੱਖਤ ਨਾਲ ਬੰਨ੍ਹ ਕੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਇਸ ਦੇ ਨਾਲ ਹੀ ਹੁਣ ਇਸ ਘਟਨਾ ਦਾ ਇਕ ਵੀਡੀਓ ਵੀ ਸਾਹਮਣੇ ਆਇਆ ਹੈ। ਘਟਨਾ ਤੋਂ ਬਾਅਦ ਪੀੜਤਾ ਦੇ ਸਹੁਰੇ ਥਾਣੇ ਗਏ ਅਤੇ ਮੁਲਜਮਾਂ ਖਿ਼ਲਾਫ ਸਿ਼ਕਾਇਤ ਦਰਜ ਕਰਵਾਈ। ਮਾਮਲਾ ਜਿ਼ਲ੍ਹੇ ਦੇ ਸੁਰੌਲੀ ਥਾਣਾ ਖੇਤਰ ਦਾ ਹੈ। ਇੱਥੋਂ ਦੇ ਉਸਰਾ ਬਾਜਾਰ ਵਾਸੀ ਉਮਾਸੰਕਰ ਨੇ ਪੁਲਸ ਨੂੰ ਦਿੱਤੀ ਸਿ਼ਕਾਇਤ ਵਿਚ ਦੱਸਿਆ ਕਿ 14 ਸਤੰਬਰ ਨੂੰ ਪਿੰਡ ਪਾਰਸਾ ਜੰਗਲ ਦਾ ਰਹਿਣ ਵਾਲਾ ਕਮਲੇਸ ਯਾਦਵ ਉਸ ਦੀ ਨੂੰਹ ਸੰਜੂ ਦੇਵੀ, ਜੋ ਕਿ ਮਾਨਸਿਕ ਤੌਰ 'ਤੇ ਬੀਮਾਰ ਹੈ, ਨੂੰ ਆਪਣੇ ਨਾਲ ਲੈ ਗਿਆ। ਕਮਲੇਸ ਨੇ ਕਿਹਾ ਸੀ ਕਿ ਉਸ ਨੇ ਸੰਜੂ ਤੋਂ ਪੁੱਛਗਿੱਛ ਕਰਨੀ ਸੀ ਪਰ ਉਸ ਨੇ ਸੰਜੂ ਨੂੰ ਦਰੱਖਤ ਨਾਲ ਬੰਨ੍ਹ ਦਿੱਤਾ। ਇਸ ਤੋਂ ਬਾਅਦ ਗਰਮ ਲੋਹੇ ਦੀ ਰਾਡ ਨਾਲ ਸਾੜਿਆ ਗਿਆ। ਇਸ ਦੇ ਨਾਲ ਹੀ ਜਦੋਂ ਉਸ ਦਾ ਲੜਕਾ ਗੁੱਡੂ ਉਸ ਨੂੰ ਬਚਾਉਣ ਗਿਆ ਤਾਂ ਉਸ ਨੂੰ ਵੀ ਦਰੱਖਤ ਨਾਲ ਬੰਨ੍ਹ ਕੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਹੁਣ ਪੁਲਸ ਨੇ ਪੀੜਤਾ ਦੇ ਸਹੁਰੇ ਦੀ ਸਿ਼ਕਾਇਤ 'ਤੇ ਦੋਸੀ ਕਮਲੇਸ ਯਾਦਵ ਅਤੇ ਹੋਰਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਦੋਸੀ ਨੇ ਔਰਤ ਨੂੰ ਚੋਰੀ ਦੇ ਸ਼ੱਕ 'ਚ ਫੜਿਆ ਸੀ। ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਐੱਸਪੀ ਸੰਕਲਪ ਸਰਮਾ ਨੇ ਦੱਸਿਆ ਕਿ ਨੇੜਲੇ ਪਿੰਡ ਦੇ ਰਹਿਣ ਵਾਲੇ ਲੋਕਾਂ ਨੇ 35 ਸਾਲਾ ਔਰਤ ਨੂੰ ਦਰੱਖਤ ਨਾਲ ਬੰਨ੍ਹ ਕੇ ਕੁੱਟਮਾਰ ਕੀਤੀ। ਉਨ੍ਹਾਂ ਦੱਸਿਆ ਕਿ ਪੀੜਤਾ ਦੇ ਸਹੁਰੇ ਦੀ ਸਿ਼ਕਾਇਤ 'ਤੇ ਮਾਮਲਾ ਦਰਜ ਕਰਕੇ 5 ਦੋਸੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਆਪਣੀਆਂ ਹਰਕਤਾਂ ਤੋਂ ਬਾਜ ਨਹੀਂ ਆ ਰਿਹਾ ਪਾਕਿ, ਸਰਹੱਦ ਨੇੜਿਓਂ ਡਰੋਨ ਤੇ ਹੈਰੋਇਨ ਬਰਾਮਦ

ਤਰਨਤਾਰਨ 24 ਸਤੰਬਰ। ਗਵਾਂਢੀ ਦੇਸ ਪਾਕਿਸਤਾਨ ਆਪਣੀਆਂ ਹਰਕਤਾਂ ਤੋਂ ਬਾਜ ਨਹੀਂ ਆ ਰਿਹਾ ਹੈ। ਜਿਸ ਦੇ ਚਲਦਿਆਂ ਸਰਹੱਦੀ ਇਲਾਕੇ ਵਿੱਚ ਡਰੋਨ ਬਰਾਮਦ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਇਸ ਦੀ ਇੱਕ ਹੋਰ ਤਾਜਾ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਭਾਰਤ ਪਾਕਿਸਤਾਨ ਸਰਹੱਦ ਨੇੜੇ ਖੇਤਾਂ ਵਿੱਚ ਡਿੱਗੇ ਪਾਕਿਸਤਾਨੀ ਡਰੋਨ ਅਤੇ 337 ਗ੍ਰਾਮ ਹੈਰੋਇਨ ਨੂੰ ਪੁਲਸ ਅਤੇ ਬੀ. ਐੱਸ. ਐੱਫ ਵੱਲੋਂ ਬਰਾਮਦ ਕੀਤਾ ਗਿਆ। ਇਸ ਸਬੰਧੀ ਥਾਣਾ ਵਲਟੋਹਾ ਵਿਖੇ ਅਣਪਛਾਤੇ ਤਸਕਰ ਖਿਲਾਫ ਮਾਮਲਾ ਦਰਜ ਕਰ ਅਗਲੇਰੀ ਜਾਂਚ ਸੂਰੂ ਕਰ ਦਿੱਤੀ ਗਈ ਹੈ। ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਭਿੱਖੀਵਿੰਡ ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਬੀਤੇ ਕੱਲ ਸਾਮ ਥਾਣਾ ਵਲਟੋਹਾ ਦੀ ਪੁਲਸ ਅਤੇ ਬੀ. ਐੱਸ. ਐੱਫ ਦੇ ਜਵਾਨਾਂ ਵੱਲੋਂ ਭਾਰਤ ਪਾਕਿਸਤਾਨ ਸਮਗਲਿੰਗ ਗਤੀਵਿਧੀਆਂ ਅਤੇ ਮਾੜੇ ਅਨਸਰਾਂ ਦੀ ਤਲਾਸ ਦੇ ਸਬੰਧੀ ਗਸਤ ਕੀਤੀ ਜਾ ਰਹੀ ਸੀ ਤਾਂ ਗੁਪਤ ਸੂਚਨਾ ਪ੍ਰਾਪਤ ਹੋਈ ਕਿ ਖੇਤਾਂ ਵਿੱਚ ਪਾਕਿਸਤਾਨੀ ਡਰੋਨ ਡਿੱਗਾ ਹੋਇਆ ਹੈ। ਇਸ ਦੌਰਾਨ ਸਾਂਝੇ ਤੌਰ ਉਪਰ ਤਲਾਸੀ ਅਭਿਆਨ ਚਲਾਉਂਦੇ ਹੋਏ ਪਿੰਡ ਕਾਲੀਆ ਵਿਖੇ ਮੌਜੂਦ ਗੁਰਵਿੰਦਰ ਸਿੰਘ ਪੁੱਤਰ ਧਰਮਿੰਦਰ ਸਿੰਘ ਵਾਸੀ ਕਾਲੀਆ ਦੇ ਖੇਤ ਵਿੱਚ ਡਿੱਗੇ ਹੋਏ ਇੱਕ ਚੀਨੀ ਡਰੋਨ ਨੂੰ ਬਰਾਮਦ ਕੀਤਾ ਗਿਆ। ਇਸ ਦੇ ਨਾਲ ਹੀ ਪੁਲਸ ਅਤੇ ਬੀ. ਐੱਸ. ਐੱਫ ਦੇ ਸਾਂਝੇ ਆਪਰੇਸਨ ਦੌਰਾਨ ਪਿੰਡ ਸੱਕਤਰਾ ਵਿਖੇ ਮਹਾਂਵੀਰ ਸਿੰਘ ਪੁੱਤਰ ਨਿੰਦਾ ਸਿੰਘ ਦੇ ਖੇਤਾਂ ਵਿੱਚ ਡਿੱਗੇ ਪੈਕਟ ਨੂੰ ਬਰਾਮਦ ਕੀਤਾ ਗਿਆ, ਜਿਸ ਵਿੱਚੋਂ 337 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਉਹਨਾਂ ਦੱਸਿਆ ਕਿ ਇਹ ਡਰੋਨ ਪਾਕਿਸਤਾਨ ਵੱਲੋਂ ਆਇਆ ਹੈ ਅਤੇ ਇਸ ਸਬੰਧੀ ਅਨਪਛਾਤੇ ਤਸਕਰ ਖਿਲਾਫ ਥਾਣਾ ਵਲਟੋਹਾ ਵਿਖੇ ਪਰਚਾ ਦਰਜ ਕਰ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ।

# ਔਰਤ ਦੀ ਹਵਸ ਦੀ ਭੇਟ ਚੜ੍ਹਿਆ ਪਤੀ ! ਪੁਲਸ ਨੇ ਪਤਨੀ ਅਤੇ ਸੱਸ ਨੂੰ ਕੀਤਾ ਗ੍ਰਿਫਤਾਰ

ਤਰਨਤਾਰਨ 24 ਸਤੰਬਰ। ਪਤਨੀ ਦੇ ਨਾਜਾਇਜ਼ ਸਬੰਧਾਂ ਤੋਂ ਦੁਖੀ ਹੋ ਕੇ ਪਤੀ ਵੱਲੋਂ ਜਹਰੀਲੀ ਦਵਾਈ ਪੀ ਕੇ ਜੀਵਨ ਲੀਲਾ ਸਮਾਪਤ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਖਾਲੜਾ ਦੀ ਪੁਲਸ ਨੇ ਕਾਰਵਾਈ ਕਰਦੇ ਹੋਏ ਮ੍ਰਿਤਕ ਦੀ ਪਤਨੀ ਅਤੇ ਸੱਸ ਨੂੰ ਗ੍ਰਿਫਤਾਰ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਅੰਗਰੇਜ਼ ਸਿੰਘ (30) ਪੁੱਤਰ ਕਾਲਾ ਸਿੰਘ ਨਿਵਾਸੀ ਪਿੰਡ ਮਾੜੀ ਮੇਘਾ ਦਾ ਵਿਆਹ ਚਰਨਜੀਤ ਕੌਰ ਪੁੱਤਰੀ ਰਵੇਲ ਸਿੰਘ ਵਾਸੀ ਪਿੰਡ ਤੂਤ ਜ਼ਿਲ੍ਹਾ ਤਰਨਤਾਰਨ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਪਤਨੀ ਚਰਨਜੀਤ ਕੌਰ ਦੇ ਕਿਸੇ ਵਿਅਕਤੀ ਨਾਲ ਨਾਜਾਇਜ਼ ਸਬੰਧ ਬਣ ਗਏ, ਜਿਸ ਦਾ ਪਤਾ ਉਸ ਦੇ ਪਤੀ ਅੰਗਰੇਜ਼ ਸਿੰਘ ਨੂੰ ਲੱਗਣ ਤੋਂ ਬਾਅਦ ਰੋਜਾਨਾ ਘਰ ਵਿਚ ਝਗੜਾ ਹੋਣ ਲੱਗ ਪਿਆ। ਇਸ ਸਬੰਧੀ ਅੰਗਰੇਜ਼ ਸਿੰਘ ਦੇ ਪਿਤਾ ਕਾਲਾ ਸਿੰਘ ਨੇ ਦੱਸਿਆ ਕਿ ਬੇਟੇ ਅੰਗਰੇਜ਼ ਸਿੰਘ ਵੱਲੋਂ ਕਈ ਵਾਰ ਆਪਣੀ ਸੱਸ ਬਿੰਦਰ ਕੌਰ ਨੂੰ ਸਾਰੀ ਜਾਣਕਾਰੀ ਵੀ ਦਿੱਤੀ ਗਈ ਪਰ ਕੋਈ ਸੁਣਵਾਈ ਨਹੀਂ ਹੋਈ। ਬੀਤੇ ਕੱਲ ਸਵੇਰ 11 ਵਜੇ ਅੰਗਰੇਜ਼ ਸਿੰਘ ਦਾ ਆਪਣੀ ਪਤਨੀ ਨਾਲ ਨਾਜਾਇਜ਼ ਸਬੰਧਾਂ ਨੂੰ ਲੈ ਕੇ ਫਿਰ ਤੋਂ ਝਗੜਾ ਹੋ ਗਿਆ, ਜਿਸ ਦੀ ਸਾਰੀ ਜਾਣਕਾਰੀ ਉਸ ਨੇ ਆਪਣੀ ਸੱਸ ਨੂੰ ਫੋਨ ਰਾਹੀਂ ਦਿੱਤੀ, ਪਰ ਬਾਅਦ ਵਿਚ ਅੰਗਰੇਜ਼ ਸਿੰਘ ਨੇ ਕਣਕ ਵਿਚ ਪਾਉਣ ਵਾਲੀ ਜ਼ਹਿਰੀਲੀ ਦਵਾਈ ਨਿਗਲ



ਲਈ। ਇਸ ਦੌਰਾਨ ਹਾਲਤ ਵਿਗੜਦੀ ਵੇਖ ਉਸ ਨੂੰ ਤੁਰੰਤ ਭਿੱਖੀਵਿੰਡ ਦੇ ਨਿੱਜੀ ਹਸਪਤਾਲ ਵਿਚ ਲਿਜਾਇਆ ਗਿਆ, ਪਰ ਉਸ ਦੀ ਰਸਤੇ ਵਿਚ ਹੀ ਮੌਤ ਹੋ ਗਈ। ਇਸ ਸਬੰਧੀ ਥਾਣਾ ਖਾਲੜਾ ਦੇ ਮੁਖੀ ਇੰਸਪੈਕਟਰ ਵਿਨੋਦ ਸ਼ਰਮਾ ਨੇ ਦੱਸਿਆ ਕਿ ਕਾਲਾ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਪਤਨੀ ਚਰਨਜੀਤ ਕੌਰ ਅਤੇ ਸੱਸ ਬਿੰਦਰ ਕੌਰ ਪਤਨੀ ਰਵੇਲ ਸਿੰਘ ਵਾਸੀ ਪਿੰਡ ਤੂਤ ਦੇ ਖ਼ਿਲਾਫ ਮਾਮਲਾ ਦਰਜ ਕਰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

## ਅਫਗਾਨਿਸਤਾਨ 'ਚ ਵਾਪਰੇ ਸੜਕ ਹਾਦਸੇ 'ਚ 2 ਲੋਕਾਂ ਦੀ ਮੌਤ

ਜਲਾਲਾਬਾਦ 24 ਸਤੰਬਰ। ਅਫਗਾਨਿਸਤਾਨ ਦੇ ਪੂਰਬੀ ਸੂਬੇ ਨੰਗਰਹਾਰ 'ਚ ਭਿਆਨਕ ਸੜਕ ਹਾਦਸਾ ਵਾਪਰ ਜਾਣ ਦੀ ਸੂਚਨਾ ਮਿਲੀ ਹੈ। ਇਸ ਸੜਕ ਹਾਦਸੇ 'ਚ 2 ਲੋਕਾਂ ਦੀ ਮੌਤ ਹੋ ਗਈ ਅਤੇ 13 ਹੋਰ ਜਖਮੀ ਹੋ ਗਏ। ਇਸ ਘਟਨਾ ਦੀ ਜਾਣਕਾਰੀ ਸਥਾਨਕ ਪੁਲਸ ਵਲੋਂ ਸਨੀਵਾਰ ਨੂੰ ਦਿੱਤੀ ਗਈ ਹੈ। ਇਸ ਮਾਮਲੇ ਦੇ ਸਬੰਧ ਵਿਚ ਸੂਬਾਈ ਪੁਲਸ ਦੇ ਬੁਲਾਰੇ ਹਾਫਿਜ ਮੌਲਵੀ ਅਬਦੁਲ ਬਸੀਰ ਜਾਬੁਲੀ ਨੇ ਕਿਹਾ ਕਿ ਇਹ ਘਟਨਾ ਸੁੱਕਰਵਾਰ ਰਾਤ ਨੂੰ ਸੂਬਾਈ ਰਾਜਧਾਨੀ ਜਲਾਲਾਬਾਦ ਦੇ ਪੁਲਸ ਜ਼ਿਲ੍ਹਾ 9 ਦੇ ਨੇੜੇ ਵਾਪਰੀ ਹੈ। ਲਾਪਰਵਾਹੀ ਨਾਲ ਡਰਾਈਵਿੰਗ ਕਰਨ ਕਾਰਨ ਇੱਕ ਵਾਹਨ ਪਲਟ ਗਿਆ, ਜਿਸ ਨਾਲ ਮੌਕੇ 'ਤੇ ਦੋ ਲੋਕਾਂ ਦੀ ਮੌਤ ਹੋ ਗਈ ਅਤੇ 13 ਹੋਰ ਜਖਮੀ ਹੋ ਗਏ। ਜਖਮੀਆਂ ਨੂੰ ਨੇੜੇ ਦੇ ਹਸਪਤਾਲ 'ਚ ਇਲਾਜ ਲਈ ਭਰਤੀ ਕਰਵਾਇਆ ਗਿਆ ਹੈ।

## 3 ਲੁਟੇਰਿਆਂ ਨੇ ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ ਬਜ਼ੁਰਗ ਜੋੜੇ ਕੋਲੋਂ ਲੁੱਟੇ ਲੱਖਾਂ ਦੇ ਗਹਿਣੇ

ਨਵਾਂਸ਼ਹਿਰ 24 ਸਤੰਬਰ। ਇਕ ਨੌਜਵਾਨ ਕੁੜੀ ਸਮੇਤ ਤਿੰਨ ਲੁਟੇਰਿਆਂ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਬਜ਼ੁਰਗ ਜੋੜੇ ਕੋਲੋਂ 3.5 ਲੱਖ ਰੁਪਏ ਦੇ ਗਹਿਣੇ ਲੁੱਟ ਲਏ ਗਏ। ਜਾਣਕਾਰੀ ਦਿੰਦੇ ਹੋਏ ਹਰਜੀਤ ਸਿੰਘ ਵਾਸੀ ਨੱਈਅਰ ਕਾਲੋਨੀ ਨਵਾਂਸ਼ਹਿਰ ਨੇ ਦੱਸਿਆ ਕਿ ਉਸ ਨੇ ਹਜ਼ੂਰ ਸਾਹਿਬ ਜਾਣਾ ਸੀ, ਜਿਸ ਕਾਰਨ ਉਹ ਆਪਣੀ ਪਤਨੀ ਗੁਰਬਖਸ਼ ਕੌਰ ਨਾਲ ਆਪਣੇ ਕੋਲ ਪਏ ਸੋਨੇ ਦੇ ਗਹਿਣੇ ਰੱਖਣ ਲਈ ਆਪਣੇ ਪਿੰਡ ਜਾ ਰਿਹਾ ਸੀ। ਨੈਸ਼ਨਲ ਹਾਈਵੇਅ 'ਤੇ ਪਿੰਡ ਸਜਾਵਲਪੁਰ ਨੇੜੇ ਇਕ ਨੌਜਵਾਨ ਕੁੜੀ ਸਮੇਤ ਮੋਟਰਸਾਈਕਲ ਸਵਾਰ ਤਿੰਨ ਵਿਅਕਤੀਆਂ ਨੇ ਉਨ੍ਹਾਂ ਨੂੰ ਰਾਹ ਪੁੱਛਣ ਦੇ ਬਹਾਨੇ ਰੋਕ ਲਿਆ। ਉਸ ਨੇ ਦੱਸਿਆ ਕਿ ਜਦੋਂ ਉਹ ਰੁਕਿਆ ਤਾਂ ਉਕਤ ਲੁਟੇਰਿਆਂ ਨੇ ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ ਉਸ ਦੇ ਟਰੰਕ 'ਚ ਪਏ ਸੋਨੇ ਦੇ ਗਹਿਣੇ, ਜਿਸ 'ਚ ਇਕ ਸੋਨੇ ਦੀ ਚੇਨ, ਗਜਰਾ, ਲਾਕੇਟ, 3 ਜੋੜੇ ਵਾਲੀਆਂ ਆਦਿ ਜਿਸ ਦੀ ਕੀਮਤ ਕਰੀਬ ਸਾਢੇ ਤਿੰਨ ਲੱਖ ਰੁਪਏ ਬਣਦੀ ਹੈ, ਖੋਹ ਕੇ ਫ਼ਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਥਾਣਾ ਸਦਰ ਨਵਾਂਸ਼ਹਿਰ ਦੀ ਪੁਲਸ ਨੂੰ ਸ਼ਿਕਾਇਤ ਦੇ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਲੁਟੇਰਿਆਂ 'ਚ ਇਕ ਵਿਅਕਤੀ ਦੀ ਉਮਰ 50 ਸਾਲ ਦੇ ਕਰੀਬ, ਦੂਜੇ ਦੀ ਉਮਰ 25-30 ਸਾਲ ਦੇ ਕਰੀਬ ਸੀ ਅਤੇ ਇਕ ਨੌਜਵਾਨ ਕੁੜੀ ਵੀ ਉਨ੍ਹਾਂ ਦੇ ਨਾਲ ਸੀ।

# ਚੋਣਾਂ ਕਾਰਨ ਨੈਸਨਲ ਹਾਈਵੇਅ 'ਤੇ ਹਾਈਟੈੱਕ ਨਾਕਾਬੰਦੀ ਦੌਰਾਨ ਜਬਤ ਕੀਤੇ 63.72 ਲੱਖ ਦੇ ਸੋਨੇ/ਹੀਰੇ ਦੇ ਗਹਿਣੇ

ਜਲੰਧਰ 24 ਸਤੰਬਰ। ਚੋਣਾਂ ਕਾਰਨ ਨੈਸ਼ਨਲ ਹਾਈਵੇਅ 'ਤੇ ਹਾਈਟੈੱਕ ਨਾਕਾਬੰਦੀ ਦੌਰਾਨ 968 ਗ੍ਰਾਮ ਵਜਨ ਦੇ 63.72 ਲੱਖ ਕੀਮਤ ਵਾਲੇ ਸੋਨੇ-ਹੀਰੇ ਦੇ ਗਹਿਣੇ ਜਬਤ ਕੀਤੇ ਗਏ ਹਨ। ਸਟੇਟ ਜੀ. ਐੱਸ. ਟੀ. ਵਿਭਾਗ ਦੇ ਮੋਬਾਈਲ ਵਿੰਗ ਵੱਲੋਂ ਗਹਿਣਿਆਂ ਦੀ ਵੈਲਿਊਏਸ਼ਨ ਕਰਵਾਉਣ ਤੋਂ ਬਾਅਦ ਸਬੰਧਤ ਗਹਿਣਿਆਂ ਨੂੰ ਸਰਕਾਰੀ ਖਜਾਨੇ ਵਿਚ ਜਮ੍ਹਾ ਕਰਵਾ ਦਿੱਤਾ ਗਿਆ ਹੈ। ਉਕਤ ਗਹਿਣੇ ਦਿੱਲੀ ਦੇ ਨੰਬਰ ਵਾਲੀ ਆਲਟੋ ਕਾਰ ਵਿਚੋਂ ਬਰਾਮਦ ਹੋਏ ਹਨ, ਜਿਸ ਕਾਰਨ ਜੀ. ਐੱਸ. ਟੀ. ਵਿਭਾਗ ਵੱਲੋਂ ਕਾਰ ਨੂੰ ਵੀ ਜਬਤ ਕਰ ਲਿਆ ਗਿਆ ਹੈ। ਦੂਜੇ ਪਾਸੇ ਗਹਿਣੇ ਫੜੇ ਜਾਣ ਸਬੰਧੀ ਇਨਕਮ ਟੈਕਸ ਵਿਭਾਗ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਚੋਣ ਕਮਿਸ਼ਨ ਨੂੰ ਇਸ ਦੀ ਜਾਣਕਾਰੀ ਭੇਜ ਦਿੱਤੀ ਗਈ ਹੈ। ਨਾਕਾਬੰਦੀ ਦੌਰਾਨ ਗਹਿਣੇ ਫੜੇ ਜਾਣ ਦਾ ਇਹ ਦੂਜਾ ਵੱਡਾ ਮਾਮਲਾ ਹੈ। ਇਸ ਤੋਂ ਪਹਿਲਾਂ 17 ਅਪ੍ਰੈਲ ਨੂੰ ਸਟੇਟ ਜੀ. ਐੱਸ. ਟੀ. ਵਿਭਾਗ ਦੇ ਮੋਬਾਇਲ ਵਿੰਗ ਵੱਲੋਂ ਲੁਧਿਆਣਾ ਦੇ ਵਪਾਰੀ ਤੋਂ 3.64 ਕਰੋੜ ਦੀ ਕੀਮਤ ਦੇ 5.50 ਕਿਲੋ ਸੋਨੇ ਦੇ ਗਹਿਣੇ ਜਬਤ ਕੀਤੇ ਗਏ ਸਨ। ਸੋਮਵਾਰ ਰਾਤ ਨੂੰ ਫਿਲੌਰ ਪੁਲਸ ਵੱਲੋਂ ਨੈਸ਼ਨਲ ਹਾਈਵੇਅ 'ਤੇ ਹਾਈਟੈੱਕ ਨਾਕਾਬੰਦੀ ਕੀਤੀ ਗਈ ਸੀ। ਇਸ ਦੌਰਾਨ ਦਿੱਲੀ ਦੇ ਨੰਬਰ ਵਾਲੀ ਆਲਟੋ ਕਾਰ ਨੂੰ ਰੋਕਿਆ ਗਿਆ। ਤਲਾਸ਼ੀ ਦੌਰਾਨ ਯੋਗੇਸ਼ ਨਾਂ ਦੇ ਵਿਅਕਤੀ ਤੋਂ 968 ਗ੍ਰਾਮ ਵਜਨ ਦੇ ਗਹਿਣੇ ਬਰਾਮਦ ਹੋਏ। ਪੁਲਸ ਵੱਲੋਂ ਪੁੱਛਗਿੱਛ ਕਰਨ 'ਤੇ ਉਕਤ ਵਿਅਕਤੀ ਕੋਈ ਕਾਗਜਾਤ



ਨਹੀਂ ਵਿਖਾ ਸਕਿਆ। ਤੁਰੰਤ ਐਕਸ਼ਨ ਲੈਂਦਿਆਂ ਫਿਲੌਰ ਪੁਲਸ ਨੇ ਸਟੇਟ ਜੀ. ਐੱਸ. ਟੀ. ਵਿਭਾਗ ਨੂੰ ਸੂਚਿਤ ਕੀਤਾ। ਸਟੇਟ ਜੀ. ਐੱਸ. ਟੀ. ਮੋਬਾਇਲ ਵਿੰਗ ਦੇ ਡਿਪਟੀ ਡਾਇਰੈਕਟਰ ਕਮਲਪ੍ਰੀਤ ਸਿੰਘ ਨੇ ਸੂਚਨਾ ਦੇ ਆਧਾਰ 'ਤੇ ਐੱਸ. ਟੀ. ਓ. ਡੀ. ਐੱਸ. ਚੀਮਾ ਨੂੰ ਕਾਰਵਾਈ ਸਬੰਧੀ ਦਿਸ਼ਾ-ਨਿਰਦੇਸ਼ ਦਿੱਤੇ ਗਏ। ਐੱਸ. ਟੀ. ਓ. ਚੀਮਾ ਨੇ ਕਾਰਵਾਈ ਨੂੰ ਅੰਜਾਮ ਦਿੱਤਾ ਤੇ ਸਬੰਧਤ ਗਹਿਣਿਆਂ, ਕਾਰ ਆਦਿ ਲੈ ਕੇ ਦੇਰ ਰਾਤ ਜੀ. ਐੱਸ. ਟੀ. ਦਫਤਰ ਪਹੁੰਚੇ। ਉਕਤ ਗਹਿਣੇ ਦਿੱਲੀ ਵਿਚ ਜਿਊਲਰੀ ਦਾ ਵਪਾਰ ਕਰਨ ਵਾਲਿਆਂ ਨਾਲ ਸਬੰਧਤ ਹਨ ਅਤੇ ਵਪਾਰੀ ਦਾ ਸੇਲਜ਼ਮੈਨ ਉਕਤ ਗਹਿਣਿਆਂ ਦਾ ਸੈਂਪਲ ਲੈ ਕੇ ਜਲੰਧਰ ਆ ਰਿਹਾ ਸੀ ਪਰ ਪੁਲਸ ਦੀ ਨਾਕਾਬੰਦੀ ਦੌਰਾਨ ਗਹਿਣੇ ਫੜੇ ਗਏ।

## ਫਰਜੀ ਇੰਮੀਗ੍ਰੇਸ਼ਨ ਦਫਤਰ ਚਲਾ ਰਹੇ ਵਿਅਕਤੀ ਖਿਲਾਫ ਕੇਸ ਦਰਜ

ਖਰੜ 24 ਸਤੰਬਰ। ਇੱਥੇ ਗੈਰ-ਕਾਨੂੰਨੀ ਢੰਗ ਨਾਲ ਇੰਮੀਗ੍ਰੇਸ਼ਨ ਦਾ ਕੰਮ ਕਰਦੇ ਇਕ ਵਿਅਕਤੀ ਖ਼ਿਲਾਫ ਸਦਰ ਪੁਲਸ ਵਲੋਂ ਅਧੀਨ ਨਿਯਮਾਵਲੀ ਮੁਕੱਦਮਾ ਦਰਜ ਕੀਤਾ ਗਿਆ ਹੈ। ਹਾਸਲ ਜਾਣਕਾਰੀ ਮੁਤਾਬਕ ਪੁਲਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਧਰਮਵੀਰ ਸਰਮਾ ਵਾਸੀ ਕੋਟਕਪੂਰਾ ਫਰੀਦਕੋਟ, ਹਾਲ ਵਾਸੀ ਮੋਹਾਲੀ ਇਥੋਂ ਦੀ ਲਾਂਡਰਾਂ ਰੋਡ ਸਥਿਤ ਸੰਤੇਮਾਜਰਾ ਵਿਖੇ ਇੰਮੀਗ੍ਰੇਸ਼ਨ ਦਾ ਦਫਤਰ ਚਲਾ ਰਿਹਾ ਹੈ। ਉਸ ਨੇ ਆਪਣੇ ਦਫਤਰ ਦੇ ਬਾਹਰ ਬਿਨਾਂ ਕਿਸੇ ਸਰਕਾਰੀ ਮਾਨਤਾ ਗੋਲਡਨ ਲੀਗਲ ਕੰਸਲਟੈਂਸੀ ਦੇ ਬੋਰਡ ਲਗਾ ਰੱਖੇ ਹਨ, ਜੋ ਬਿਨਾਂ ਕਿਸੇ ਵੈਧ ਲਾਇਸੈਂਸ ਦੇ ਅਜਿਹਾ ਕਰਕੇ ਨਿਯਮਾਂ ਦੀ ਉਲੰਘਣਾ ਕਰ ਰਿਹਾ ਹੈ। ਪੁਲਸ ਵਲੋਂ ਦੋਸੀ ਖ਼ਿਲਾਫ ਇੰਮੀਗ੍ਰੇਸ਼ਨ ਐਕਟ ਦੀ ਧਾਰਾ-24 ਤਹਿਤ ਮਾਮਲਾ ਦਰਜ ਕਰ ਅੱਗੇ ਦੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ।

# ਨਹਿਰ 'ਚੋਂ ਮਿਲੀ ਮਾਸੂਮ ਬੱਚੀ ਦੀ ਲਾਸ਼, ਮੂੰਹ ਤੇ ਹੱਥਾਂ ਨੂੰ ਕੁੱਤਿਆਂ ਨੇ ਨੋਚਿਆ

ਕੁਰੂਕਸੇਤਰ 24 ਸਤੰਬਰ। ਹਰਿਆਣਾ ਦੇ ਕੁਰੂਕਸੇਤਰ ਦੇ ਪਿੰਡ ਕਿਰਮਿਚ 'ਚ ਨਹਿਰ 'ਚੋਂ ਦੇਰ ਸਾਮ 5 ਸਾਲਾ ਬੱਚੀ ਦੀ ਲਾਸ ਬਰਾਮਦ ਹੋਈ ਹੈ। ਇਸ ਲਾਸ ਨੂੰ ਕੁੱਤਿਆਂ ਨੇ ਨੋਚਿਆ ਹੋਇਆ ਸੀ। ਸੂਚਨਾ ਮਿਲਣ 'ਤੇ ਪੁਲਸ ਨੇ ਲਾਸ ਨੂੰ ਕਬਜੇ 'ਚ ਲੈ ਕੇ ਸਨਾਖਤ ਕਰਨ ਦੀ ਕੋਸ਼ਿਸ਼ ਕੀਤੀ। ਲਾਸ ਕਰੀਬ 2 ਹਫਤੇ ਪੁਰਾਣੀ ਲੱਗ ਰਹੀ ਹੈ। ਲਾਸ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਗੋਤਾਖੋਰਾਂ ਨੂੰ ਨਹਿਰ 'ਚ ਕਬਾੜ ਵਿਚਕਾਰ ਇਕ ਬੱਚੀ ਦੀ ਲਾਸ ਪਈ ਹੋਣ ਦੀ ਸੂਚਨਾ ਮਿਲੀ ਸੀ। ਸੂਚਨਾ ਤੋਂ ਬਾਅਦ ਗੋਤਾਖੋਰ ਪੁਲਸ ਟੀਮ ਸਮੇਤ ਮੌਕੇ 'ਤੇ ਪਹੁੰਚੇ ਅਤੇ ਲਾਸ ਨੂੰ ਬਾਹਰ ਕੱਢ ਕੇ ਪੁਲਸ ਹਵਾਲੇ ਕਰ ਦਿੱਤਾ। ਕੁੱਤਿਆਂ ਨੇ ਬੱਚੀ ਦੇ ਮੂੰਹ, ਗਰਦਨ ਅਤੇ ਬਾਹਾਂ ਨੂੰ ਨੋਚਿਆ। ਮੁੱਢਲੀ ਜਾਂਚ ਮੁਤਾਬਕ ਲਾਸ 10-15 ਦਿਨ ਪੁਰਾਣੀ ਲੱਗ ਰਹੀ ਹੈ। ਇਸ ਬੱਚੀ ਨੇ ਕਾਲੇ ਰੰਗ ਦੀ ਲੋਅਰ ਅਤੇ ਸਕਾਈ ਬਲੂ ਟੀ-ਸਰਟ ਪਹਿਨੀ ਹੋਈ ਸੀ। ਫਿਲਹਾਲ ਪੁਲਸ ਨੇ ਲਾਸ ਨੂੰ ਆਪਣੇ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਜਾਂਚ ਅਧਿਕਾਰੀ ਹੈੱਡ ਕਾਂਸਟੇਬਲ ਪਰਮਜੀਤ ਨੇ ਦੱਸਿਆ ਕਿ ਲਾਸ ਨੂੰ ਕਬਜੇ ਵਿਚ ਲੈ ਕੇ ਹਸਪਤਾਲ ਦੇ ਮੁਰਦਾ ਘਰ 'ਚ ਰਖਵਾਇਆ ਗਿਆ ਹੈ। ਅਜੇ ਤੱਕ ਲਾਸ ਦੀ ਪਛਾਣ ਨਹੀਂ ਹੋ ਸਕੀ ਹੈ। ਤਿੰਨ ਦਿਨਾਂ ਬਾਅਦ ਲਾਸ ਦਾ ਪੋਸਟਮਾਰਟਮ ਕੀਤਾ ਜਾਵੇਗਾ। ਇਸ ਦੌਰਾਨ ਪੁਲਸ ਲਾਸ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰੇਗੀ। ਜਾਣਕਾਰੀ ਅਨੁਸਾਰ ਗੋਤਾਖੋਰ ਨਹਿਰ 'ਚ ਕਬਾੜ ਵਿਚਕਾਰ ਇਕ ਮਾਸੂਮ ਬੱਚੀ ਲੜਕੀ ਦੀ ਲਾਸ ਪਈ ਹੋਣ ਦੀ ਸੂਚਨਾ ਮਿਲੀ ਸੀ। ਸੂਚਨਾ ਤੋਂ ਬਾਅਦ ਗੋਤਾਖੋਰ ਪੁਲਸ ਟੀਮ ਸਮੇਤ ਮੌਕੇ 'ਤੇ ਪਹੁੰਚੇ ਅਤੇ ਲਾਸ ਨੂੰ ਬਾਹਰ ਕੱਢ ਕੇ ਪੁਲਸ ਹਵਾਲੇ ਕਰ ਦਿੱਤਾ। ਬੱਚੀ ਦਾ ਮੂੰਹ, ਗਰਦਨ ਅਤੇ ਬਾਹਾਂ ਕੁੱਤਿਆਂ ਨੇ ਨੋਚ ਦਿੱਤੀਆਂ ਸਨ।

## ਰੀਲ ਬਣਾਉਣ ਤੋਂ ਮਨ੍ਹਾ ਕੀਤਾ ਤਾਂ ਨਾਬਾਲਗ ਕੁੜੀ ਨੇ ਚੁੱਕਿਆ ਖੌਫਨਾਕ ਕਦਮ

ਅੰਬਿਕਾਪੁਰ 24 ਸਤੰਬਰ। ਛੱਤੀਸਗੜ੍ਹ ਦੇ ਅੰਬਿਕਾਪੁਰ 'ਚ 14 ਸਾਲਾ ਨਾਬਾਲਗ ਕੁੜੀ ਨੂੰ ਇੰਸਟਾਗ੍ਰਾਮ 'ਚ ਰੀਲ ਬਣਾਉਣ ਤੋਂ ਮਨ੍ਹਾ ਕਰਨ 'ਤੇ ਉਸ ਨੇ ਫਾਹਾ ਲਗਾ ਕੇ ਖੁਦਕੁਸ਼ੀ ਕਰ ਲਈ। ਕੁੜੀ ਦੇ 16 ਸਾਲਾ ਭਰਾ ਨੇ ਉਸ ਨੂੰ ਰੀਲ ਬਣਾਉਣ ਤੋਂ ਮਨ੍ਹਾ ਕੀਤਾ ਅਤੇ ਮੰਮੀ-ਪਾਪਾ ਨੂੰ ਦੱਸਣ ਦੀ ਗੱਲ ਕਹੀ ਤਾਂ ਨਾਰਾਜ ਨਾਬਾਲਗਾ ਨੇ ਫਾਹਾ ਲਗਾ ਲਿਆ। ਮਾਮਲਾ ਕੁਸਮੀ ਥਾਣਾ ਖੇਤਰ ਦਾ ਹੈ। ਪੂਰਾ ਮਾਮਲਾ ਕੋਰੰਧਾ ਰੋਡ ਸਥਿਤ ਪਿੰਡ ਪੰਚਾਇਤ ਰਤਾਸਿਲੀ ਦਾ ਹੈ। ਇੱਥੇ ਇਕ ਕੁੜੀ ਨੇ ਐਤਵਾਰ ਦੁਪਹਿਰ ਫਾਹਾ ਲਗਾ ਕੇ ਜਾਨ ਦੇ ਦਿੱਤੀ। ਮ੍ਰਿਤਕਾ ਦੇ ਵੱਡੇ ਭਰਾ ਸਾਹਿਲ ਅਨੁਸਾਰ ਉਸ ਦੀ ਭੈਣ ਪਰਿਵਾਰ ਵਾਲਿਆਂ ਦੇ ਮਨ੍ਹਾ ਕਰਨ ਦੇ ਬਾਵਜੂਦ ਮੋਬਾਇਲ 'ਚ ਇੰਸਟਾਗ੍ਰਾਮ ਐਪ ਡਾਊਨਲੋਡ ਕਰ ਕੇ ਵੀਡੀਓ ਬਣਾ ਕੇ ਅਪਲੋਡ ਕਰਨ ਦੇ ਨਾਲ ਆਪਣੇ ਦੋਸਤਾਂ ਨਾਲ ਚੈਟਿੰਗ ਕਰਦੀ ਸੀ। ਘਟਨਾ ਦੇ ਕੁਝ ਦੇ ਪਹਿਲਾਂ ਵੀ ਜਦੋਂ ਸਾਹਿਬ ਨੇ ਉਸ ਨੂੰ ਮੋਬਾਇਲ 'ਤੇ ਇੰਸਟਾਗ੍ਰਾਮ ਚਲਾਉਂਦੇ ਹੋਏ ਦੇਖਿਆ ਤਾਂ ਰੋਕ-ਟੋਕ ਕਰਦੇ ਹੋਏ ਇਸ ਦੀ ਸ਼ਿਕਾਇਤ ਮੰਮੀ-ਪਾਪਾ ਨੂੰ ਕਰਨ ਦੀ ਗੱਲ ਕਹੀ। ਸ਼ੱਕ ਹੈ ਕਿ ਇਸੇ ਕਾਰਨ ਕੁੜੀ ਨੇ ਫਾਹਾ ਲਗਾ ਕੇ ਜਾਨ ਦੇ ਦਿੱਤੀ। ਫਿਲਹਾਲ ਪੁਲਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਹਾਜੀਪੁਰ 'ਚ ਭਿਆਨਕ ਹਾਦਸਾ, ਨੌਜਵਾਨ ਦੀ ਦਰਦਨਾਕ ਮੌਤ, ਧੜ ਨਾਲੋਂ ਵੱਖ ਹੋਈ ਗਰਦਨ

ਹਾਜੀਪੁਰ 24 ਸਤੰਬਰ। ਹਾਜੀਪੁਰ ਤੋਂ ਦਸੂਹਾ ਸੜਕ 'ਤੇ ਪੈਂਦੇ ਪਿੰਡ ਖਿਜਰਪੁਰ ਵਿਖੇ ਅੱਜ ਸਵੇਰੇ ਹਾਜੀਪੁਰ ਵੱਲੋਂ ਆ ਰਹੀ ਇਕ ਹਿਮਾਚਲ ਨੰਬਰ ਦੀ ਕਾਰ ਨੇ ਇਕ ਨੌਜਵਾਨ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ। ਇਸ ਹਾਦਸੇ ਵਿਚ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਟੱਕਰ ਇੰਨੀ ਜਬਰਦਸਤ ਸੀ ਕਿ ਨੌਜਵਾਨ ਦਾ ਸਿਰ ਧੜ ਨਾਲੋਂ ਵੱਖ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਦੀ ਪਛਾਣ ਪਵਨ ਕੁਮਾਰ ਪੁੱਤਰ ਬਚਨ ਸਿੰਘ ਵਾਸੀ ਖਿਜਰਪੁਰ ਵਜੋਂ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਖਿਜਰਪੁਰ ਵਾਸੀ ਮਹਿੰਦਰ ਸਿੰਘ ਨੇ ਦੱਸਿਆ ਕਿ ਸਵੇਰੇ ਕਰਿਆਨੇ ਦੀ ਦੁਕਾਨ ਤੋਂ ਸਾਮਾਨ ਲੈ ਕੇ ਸੜਕ ਪਾਰ ਕਰ ਰਿਹਾ ਸੀ ਤਾਂ



ਉਸ ਸਮੇਂ ਹਾਜੀਪੁਰ ਵੱਲੋਂ ਆ ਰਹੀ ਤੇਜ ਰਫਤਾਰ ਕਾਰ ਨੇ ਇਸ ਨੌਜਵਾਨ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਪਵਨ ਕੁਮਾਰ ਦੀ ਮੌਕੇ 'ਤੇ ਮੌਤ ਹੋ ਗਈ। ਟੱਕਰ ਇਨੀ ਜਬਰਦਸਤ ਸੀ ਕਿ ਪਵਨ ਕੁਮਾਰ ਦੀ ਗਰਦਨ ਧੜ ਤੋਂ ਵੱਖ ਹੋ ਗਈ ਗਈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਪਵਨ ਦੇ ਵੱਡੇ ਭਰਾ ਦੀ ਵੀ ਕੁਝ ਸਮੇਂ ਪਹਿਲਾਂ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਮੌਕੇ 'ਤੇ ਪਹੁੰਚੇ ਹਾਜੀਪੁਰ ਪੁਲਸ ਦੇ ਏ. ਐੱਸ. ਆਈ. ਗੁਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਕਾਰ ਚਾਲਕ ਮੌਕੇ ਤੋਂ ਫਰਾਰ ਹੈ ਅਤੇ ਮ੍ਰਿਤਕ ਦੀ ਲਾਸ ਨੂੰ ਪੋਸਟਮਾਰਟਮ ਲਈ ਮੁਕੇਰੀਆਂ ਦੇ ਸਰਕਾਰੀ ਹਸਪਤਾਲ ਵਿਖੇ ਭੇਜ ਕੇ ਅਗਲੀ ਕਾਰਵਾਈ ਸੂਰੂ ਕਰ ਦਿੱਤੀ ਹੈ।

## ਪਰਾਲੀ ਦੇ ਟਰਾਲੇ ਨੂੰ ਅੱਗ ਲੱਗਣ ਕਾਰਨ ਸੜ ਕੇ ਹੋਇਆ ਸੁਆਹ

ਹਾਜੀਪੁਰ 24 ਸਤੰਬਰ। ਹਾਜੀਪੁਰ ਤੋਂ ਦਸੂਹਾ ਸੜਕ 'ਤੇ ਪੈਂਦੇ ਪਿੰਡ ਖਿਜਰਪੁਰ ਵਿਖੇ ਉਸ ਵੇਲੇ ਵੱਡਾ ਹਾਦਸਾ ਹੋਣ ਤੋਂ ਟਲ ਗਿਆ ਜਦੋਂ ਪਿੰਡ ਬਸ ਸਟੈਂਡ ਨੇੜੇ ਇਕ ਪਰਾਲੀ ਨੂੰ ਲੈ ਕੇ ਜਾ ਰਹੇ ਟਰਾਲੇ ਨੂੰ ਅੱਗ ਲੱਗਣ ਕਾਰਨ ਪਰਾਲੀ ਅਤੇ ਟਰਾਲਾ ਸੜ ਕੇ ਸੁਆਹ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ



ਇਕ ਟਰਾਲੇ ਨੂੰ ਮਨਜਿੰਦਰ ਸਿੰਘ ਪੁੱਤਰ ਜਮੀਤ ਸਿੰਘ ਵਾਸੀ ਕੋਹਾੜੇਵਾਲ ਫਾਜਲਿਕਾ ਪਰਾਲੀ ਲੈ ਕੇ ਦਸੂਹਾ ਸਾਈਡ ਤੋਂ ਤਲਵਾੜਾ ਨੇੜੇ ਸੰਸਾਰਪੁਰ ਟੈਰਸ ਜਾ ਰਿਹਾ ਸੀ, ਜਦੋਂ ਉਹ ਪਿੰਡ ਖਿਜਰਪੁਰ ਨੇੜੇ ਪੁੱਜਾ ਤਾਂ ਪਿੱਛੇ ਟਰਾਲੇ ਨੂੰ ਅਚਾਨਕ ਅੱਗ ਲੱਗ ਗਈ। ਵੇਖਦੇ ਹੀ ਵੇਖਦੇ ਅੱਗ ਨੇ ਆਪਣਾ ਭਿਆਨਕ ਰੂਪ ਧਾਰਨ ਕਰ ਲਿਆ। ਪਿੰਡ ਵਾਸੀਆਂ ਨੇ ਦੱਸਿਆ ਕਿ ਟਰਾਲੇ ਨੂੰ ਲੱਗੀ ਅੱਗ ਨਾਲ ਇਸ ਗੱਲ ਦਾ ਬਚਾਅ ਰਿਹਾ ਕਿ ਜੇਕਰ ਹਵਾ ਚਲਦੀ ਹੁੰਦੀ ਤਾਂ ਸਾਰਾ ਪਿੰਡ ਹੀ ਅੱਗ ਦੀ ਲਪੇਟ 'ਚ ਆ ਜਾਣਾ ਸੀ। ਜਦੋਂ ਤੱਕ ਫਾਇਰ ਬ੍ਰਿਗੇਡ ਆਈ ਉਦੋਂ ਤੱਕ ਟਰਾਲਾ ਅਤੇ ਪਰਾਲੀ ਸੜ ਕੇ ਸੁਆਹ ਹੋ ਚੁੱਕਿਆ ਸੀ। ਸਮਾਚਾਰ ਲਿਖੇ ਜਾਣ ਤੱਕ ਅੱਗ ਲੱਗਣ ਦੇ ਕਾਰਣਾਂ ਦਾ ਪਤਾ ਨਹੀਂ ਲੱਗ ਸਕਿਆ ਸੀ। ਮੌਕੇ 'ਤੇ ਪੁਲਸ ਨੇ ਲੋਕਾਂ ਦੇ ਸਹਿਯੋਗ ਨਾਲ ਹਾਜੀਪੁਰ ਦਸੂਹਾ ਸੜਕ 'ਤੇ ਲੱਗੇ ਜਾਮ ਨੂੰ ਖੁੱਲ੍ਹਵਾਇਆ ਅਤੇ ਅੱਗ ਲੱਗਣ ਦੇ ਕਾਰਣਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਸੀ।

# ਕਮਿਸਨਰੇਟ ਪੁਲਸ ਨੇ 55 ਕਿਲੋ ਹੈਰੋਇਨ ਸਮੇਤ ਹੋਰ ਨਸੀਲੇ ਪਦਾਰਥਾਂ ਨੂੰ ਕੀਤਾ ਨਸਟ

ਜਲੰਧਰ 24 ਸਤੰਬਰ। ਪੁਲਸ ਕਮਿਸਨਰ ਸਵਪਨ ਸਰਮਾ ਦੀ ਅਗਵਾਈ ਹੇਠ ਜਲੰਧਰ ਕਮਿਸਨਰੇਟ ਪੁਲਸ ਨੇ ਸੁੱਕਰਵਾਰ ਨੂੰ ਸਮੱਗਲਰਾਂ ਪਾਸੋਂ ਜਬਤ ਕੀਤੀ ਗਈ ਕਰੀਬ 55 ਕਿਲੋ ਹੈਰੋਇਨ ਸਮੇਤ ਭਾਰੀ ਮਾਤਰਾ 'ਚ ਨਸੀਲੇ ਪਦਾਰਥਾਂ ਦਾ ਨਿਪਟਾਰਾ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦੇ ਪੁਲਸ ਕਮਿਸਨਰ ਨੇ ਦੱਸਿਆ ਕਿ ਨਸ਼ਿਆਂ ਖ਼ਿਲਾਫ ਵਿੱਢੀ ਜੰਗ ਦੌਰਾਨ ਪੁਲਸ ਨੇ ਨਸਾ ਤਸਕਰਾਂ ਖ਼ਿਲਾਫ ਵੱਖ-ਵੱਖ ਮੁਕੱਦਮੇ ਦਰਜ ਕਰਕੇ ਵੱਡੀ ਮਾਤਰਾ ਵਿੱਚ ਨਸੀਲੇ ਪਦਾਰਥ ਬਰਾਮਦ ਕੀਤੇ ਹਨ। ਉਨ੍ਹਾਂ ਕਿਹਾ ਕਿ ਐੱਨ. ਡੀ. ਪੀ. ਐੱਸ. ਐਕਟ ਦੀ ਧਾਰਾ 52ਏ ਤਹਿਤ ਕੇਸ ਜਾਇਦਾਦ ਨੂੰ ਡਰੱਗ ਨਿਪਟਾਰਾ ਕਮੇਟੀ ਨਸਟ ਕਰ ਦਿੰਦੀ ਹੈ। ਸਵਪਨ ਸਰਮਾ ਨੇ ਕਿਹਾ ਕਿ ਨਸਾ ਨਿਪਟਾਰਾ ਕਮੇਟੀ ਨੇ ਪਿੰਡ ਬੀੜ ਵਿੱਚ ਨਸੇ ਦੀ ਜਾਇਦਾਦ ਨੂੰ ਨਸਟ ਕੀਤਾ ਹੈ। ਪੁਲਸ ਕਮਿਸਨਰ ਨੇ ਦੱਸਿਆ ਕਿ ਅੱਜ ਨਸਟ ਕੀਤੇ ਗਏ ਨਸੀਲੇ ਪਦਾਰਥਾਂ 'ਚ 54 ਕਿਲੋ 962 ਗ੍ਰਾਮ ਹੈਰੋਇਨ, 5 ਕਿਲੋ ਭੁੱਕੀ ਅਤੇ 180 ਨਸੀਲੀਆਂ ਗੋਲੀਆਂ ਸਾਮਲ ਹਨ। ਕਮਿਸਨਰੇਟ ਪੁਲਸ ਵੱਲੋਂ ਜ਼ਿਲ੍ਹੇ ਵਿੱਚੋਂ ਨਸਾਖੋਰੀ ਦਾ ਸਫਾਇਆ ਕਰਨ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਉਂਦਿਆਂ ਉਨ੍ਹਾਂ ਕਿਹਾ ਕਿ ਇਸ ਘਿਨੌਣੇ ਅਪਰਾਧ ਵਿਰੁੱਧ ਫੋਰਸ ਵੱਲੋਂ ਜੀਰੋ ਟਾਲਰੈਂਸ ਦੀ ਨੀਤੀ ਅਪਣਾਈ ਜਾ ਰਹੀ ਹੈ। ਸਵਪਨ ਸਰਮਾ ਨੇ ਕਿਹਾ ਕਿ ਮਾਨਵਤਾ ਵਿਰੁੱਧ ਇਸ ਅਪਰਾਧ ਵਿੱਚ ਸਾਮਲ ਕੋਈ ਵੀ ਵਿਅਕਤੀ ਭਾਵੇਂ ਉਹ ਕਿੰਨਾ ਵੀ ਤਕੜਾ ਕਿਉਂ ਨਾ ਹੋਵੇ, ਕਮਿਸਨਰੇਟ ਪੁਲਸ ਵੱਲੋਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। ਪੁਲਸ ਕਮਿਸਨਰ ਨੇ ਕਿਹਾ ਕਿ ਕਮਿਸਨਰੇਟ ਪੁਲਸ ਵੱਲੋਂ ਇਕ ਪਾਸੇ ਨਸ਼ਿਆਂ ਦੀ ਸਪਲਾਈ ਨੂੰ ਰੋਕਣ ਅਤੇ ਦੂਜੇ ਪਾਸੇ ਇਸ ਨੂੰ ਜੜ੍ਹ ਤੋਂ ਖਤਮ ਕਰਨ ਲਈ ਸਖਤ ਚੌਕਸੀ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਜੋਰ ਜਲੰਧਰ ਨੂੰ ਇਸ ਸਰਾਪ ਤੋਂ ਮੁਕਤ ਕਰਨਾ ਯਕੀਨੀ ਬਣਾਉਣਾ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਇਸ ਅਲਾਮਤ ਨੂੰ ਖਤਮ ਕਰਨ ਲਈ ਜੰਗੀ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ। ਇਸ ਦੌਰਾਨ ਸਵਪਨ ਸਰਮਾ ਨੇ ਨਸ਼ਿਆਂ ਵਿਰੁੱਧ ਵਿੱਢੀ ਜੰਗ ਵਿੱਚ ਆਮ ਲੋਕਾਂ ਤੋਂ ਪੂਰਨ ਸਹਿਯੋਗ ਅਤੇ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਜਲੰਧਰ ਨੂੰ ਨਸਾ ਮੁਕਤ ਜ਼ਿਲ੍ਹਾ ਬਣਾਉਣ ਦਾ ਮਿਸਨ ਉਨ੍ਹਾਂ ਦੇ ਸਹਿਯੋਗ ਤੋਂ ਬਿਨਾਂ ਪੂਰਾ ਨਹੀਂ ਕੀਤਾ ਜਾ ਸਕਦਾ।


## ਉੱਤਰ ਰੇਲਵੇ

ਨਿਵਿਦਾ ਸੂਚਨਾ ਈ-ਨਿਵਿਦਾ (IREPS ਦੇ ਮਾਧਿਅਮ ਨਾਲ ਨਿਵਿਦਾ ਮੰਗ)

| | | | |
|---|---|---|---|
| ਐਨ.ਆਈ.ਟੀ. | 06-NRCH-24-25 ਤਾਰੀਕ : 20.09.2024 | | |
| ਕੰਮ ਦਾ ਨਾਮ (ਸਥਾਨ ਦੇ ਨਾਲ) | ਏਡੀਈਐਨ/ਉਤਰੀ ਰੇਲਵੇ ਸੈਂਟਰਲ ਹਸਪਤਾਲ ਦੇ ਤਹਿਤ ਐਸਐਸਈ/ ਡਬਲਯੂ/ ਉਤਰੀ ਰੇਲਵੇ ਸੈਂਟ੍ਰਲ ਹਸਪਤਾਲ ਦੇ ਅਨੁਭਾਗ ਵਿਚ ਮਾਈਕ੍ਰੋਬਾਯੋਲਾਜੀ ਲੈਬ ਨਾਲ ਨਵੀਂ ਸਰਜਰੀ ਓਪੀਡੀ ਤਕ ਸ਼ੇਡ ਦੀ ਮੁਰੰਮਤ ਅਤੇ ਟਪਕਦੀ ਛੱਤ ਦੀ ਮੁਰੰਮਤ ਅਤੇ ਪਾਣੀ ਦੀਆਂ ਟੰਕੀਆਂ ਅਤੇ ਏਸੀ ਇਕਾਈਆਂ ਅਤੇ ਇਮਾਰਤਾਂ ਦੀ ਛੱਛ ਨੂੰ ਕਵਰ ਕਰਨਾ। | | |
| ਕੰਮ ਦੀ ਅੰਦਾਜਨ ਲਾਗਤ (₹) | ₹2,09,99,972.51 | ਅਗਾਊਂ ਰਾਸ਼ੀ (₹) | ₹2,55,000/- |
| ਕੰਮ ਦੀ ਸਮਾਪਤੀ ਸਮਾਂ | 12 ਮਹੀਨੇ | | |
| ਨਿਵਿਦਾ ਪੇਸ਼ ਕੁਰਨ ਅਤੇ ਨਿਵਿਦਾ ਖੋਹਲਣ ਦੇ ਲਈ ਮਿਤੀ ਅਤੇ ਸਮਾਂ | 18.10.2024 ਨੂੰ 15.00 ਵਜੇ ਤਕ ਅਤੇ 18.10.2024 ਨੂੰ 15.00 ਵਜੇ ਨਿਵਿਦਾ ਖੁਲਣਾ | | |
| ਵੈਬਸਾਈਟ ਦੇ ਵੇਰਵੇ ਦਾ ਨੋਟਿਸ ਬੋਰਡ ਸਥਾਨ ਟੈਂਡਰ ਦਾ ਪੂਰਾ ਵੇਰਵਾ | ਇਹ ਨਿਵਿਦਾ ਆਈ.ਆਰ.ਈ.ਪੀ.ਐਸ. ਵੈਬਸਾਈਟ ਯਾਨੀ . www.ireps.gov.in 'ਤੇ ਉਪਲਬਧ ਹੈ। | | |

ਨੰ. 128-W/269/OET/2024-25/NRCH/NIT-06 ਤਾਰੀਕ : 20.09.2024 2957/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

ਕੌਮੀ ਪੱਤ੍ਰਿਕਾ

# ਮੁੱਖ ਸਕੱਤਰ ਡਾ.ਟੀ.ਵੀ.ਐਸ.ਐਨ. ਪ੍ਰਸਾਦ ਨੇ ਸਰਕਾਰੀ ਵਿਭਾਗਾਂ ਵਿੱਚ ਭ੍ਰਿਸ਼ਟਾਚਾਰ ਨਾਲ ਨਜਿੱਠਣ ਵਿੱਚ ਚੀਫ ਵਿਜੀਲੈਂਸ ਅਫਸਰਾਂ (ਸੀਵੀਓ) ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ

**ਚੰਡੀਗੜ੍ਹ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਸਕੱਤਰ ਡਾ.ਟੀ.ਵੀ.ਐਸ.ਐਨ. ਪ੍ਰਸਾਦ ਨੇ ਸਰਕਾਰੀ ਵਿਭਾਗਾਂ ਵਿੱਚ ਭ੍ਰਿਸ਼ਟਾਚਾਰ ਨਾਲ ਨਜਿੱਠਣ ਵਿੱਚ ਚੀਫ ਵਿਜੀਲੈਂਸ ਅਫਸਰਾਂ (ਸੀਵੀਓ) ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ ਹੈ। ਉਸ ਨੇ ਸੀ.ਵੀ.ਓ. ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਆਪਣੇ ਵਿਭਾਗਾਂ ਵਿੱਚ ਵਧੇਰੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਪੰਜ ਮੁੱਖ ਮੁੱਦਿਆਂ ਦੀ ਰੂਪ ਰੇਖਾ ਤਿਆਰ ਕਰਨ ਲਈ ਇੱਕ ਵਿਆਪਕ ਯੋਜਨਾ ਤਿਆਰ ਕਰਕੇ ਦੋ ਹਫਤਿਆਂ ਵਿੱਚ ਰਾਜ ਸਰਕਾਰ ਨੂੰ ਸੌਂਪਣ।

ਡਾ: ਪ੍ਰਸਾਦ ਅੱਜ ਇੱਥੇ ਸਮੂਹ ਵਿਭਾਗਾਂ ਦੇ ਮੁੱਖ ਚੌਕਸੀ ਅਫ਼ਸਰਾਂ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।

ਜ਼ਿਕਰਯੋਗ ਹੈ ਕਿ ਸੀ.ਵੀ.ਓ. ਵਿਜੀਲੈਂਸ ਵਿਭਾਗ ਦੇ ਮੁੱਖ ਸਕੱਤਰ ਅਤੇ ਵਿਸ਼ੇਸ਼ ਸਕੱਤਰ ਨੂੰ ਨਿਯਮਤ ਤੌਰ 'ਤੇ ਆਪਣੀਆਂ ਰਿਪੋਰਟਾਂ ਅਤੇ ਸਿਫ਼ਾਰਸ਼ਾਂ ਸੌਂਪਣ। ਇਹ ਸਮੇਂ ਸਿਰ ਦਖਲ ਅਤੇ ਸੁਧਾਰਾਤਮਕ ਕਾਰਵਾਈ ਕਰਨਾ ਸੰਭਵ ਬਣਾਉਂਦਾ ਹੈ, ਜਿਸ ਨਾਲ ਸਵੱਛ ਪ੍ਰਸ਼ਾਸਨ ਪ੍ਰਤੀ ਰਾਜ ਦੀ ਵਚਨਬੱਧਤਾ ਹੋਰ ਮਜ਼ਬੂਤ ਹੁੰਦੀ ਹੈ।

ਮੁੱਖ ਚੌਕਸੀ ਅਫਸਰਾਂ (ਸੀਵੀਓਜ਼) ਦੇ ਵਧੇਰੇ ਸੁਤੰਤਰ ਅਤੇ ਕੁਸ਼ਲਤਾ ਨਾਲ ਕੰਮ ਕਰਨ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ, ਮੁੱਖ ਸਕੱਤਰ ਨੇ ਭਰੋਸਾ ਦਿਵਾਇਆ ਕਿ ਲੋੜ ਅਨੁਸਾਰ ਸਟਾਫ ਅਤੇ ਹੋਰ ਲੋੜਾਂ ਪੂਰੀਆਂ ਕੀਤੀਆਂ ਜਾਣਗੀਆਂ। ਉਨ੍ਹਾਂ ਇਹ ਵੀ ਦੱਸਿਆ ਕਿ ਸੀ.ਵੀ.ਓ. ਸੀਬੀਆਈ ਦੀ ਸਾਲਾਨਾ ਗੁਪਤ ਰਿਪੋਰਟ (ਏਸੀਆਰ) ਵਿੱਚ ਇੱਕ ਵੱਖਰਾ ਕਾਲਮ ਬਣਾਇਆ ਜਾਵੇਗਾ, ਜਿਸ ਵਿੱਚ ਭ੍ਰਿਸ਼ਟਾਚਾਰ ਦੀ ਨਿਗਰਾਨੀ ਅਤੇ ਪਾਰਦਰਸ਼ਤਾ ਯਕੀਨੀ ਬਣਾਉਣ ਵਿੱਚ ਉਨ੍ਹਾਂ ਦੇ ਸ਼ਲਾਘਾਯੋਗ ਯਤਨਾਂ ਨੂੰ ਦਰਜ ਕੀਤਾ ਜਾਵੇਗਾ। ਪਹਿਲਕਦਮੀ ਦਾ ਉਦੇਸ਼ ਉਨ੍ਹਾਂ ਦੀਆਂ ਭੂਮਿਕਾਵਾਂ ਵਿੱਚ ਵਧੇਰੇ ਸਮਰਪਣ ਅਤੇ ਵਚਨਬੱਧਤਾ ਨੂੰ ਉਤਸ਼ਾਹਿਤ ਕਰਨਾ ਹੈ।

ਮੁੱਖ ਸਕੱਤਰ ਨੇ ਵਿਭਾਗਾਂ ਵਿੱਚ ਇਮਾਨਦਾਰੀ, ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਉੱਚੇ ਮਿਆਰਾਂ ਨੂੰ ਕਾਇਮ ਰੱਖਣ ਵਿੱਚ ਸੀਵੀਓ ਦੀ ਮਦਦ ਕੀਤੀ ਹੈ। ਦੀ ਭੂਮਿਕਾ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਚੌਕਸੀ ਯਤਨ ਲੋਕਾਂ ਦੇ ਭਰੋਸੇ ਦੀ ਰਾਖੀ ਕਰਦੇ ਹਨ ਅਤੇ ਸ਼ਾਸਨ ਢਾਂਚੇ ਨੂੰ ਮਜ਼ਬੂਤ ਕਰਦੇ ਹਨ। ਸੀ.ਵੀ.ਓ. IAS ਦਾ ਅੰਤਮ ਟੀਚਾ ਸਰਕਾਰੀ ਕੰਮਕਾਜ ਵਿੱਚ ਇਮਾਨਦਾਰੀ, ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਹੈ। ਨਾਲ ਹੀ, ਸੰਗਠਨਾਤਮਕ ਅਭਿਆਸਾਂ ਵਿੱਚ ਖਾਮੀਆਂ ਦੀ ਪਛਾਣ ਕਰਕੇ ਅਤੇ ਭ੍ਰਿਸ਼ਟਾਚਾਰ ਦੇ ਜੋਖਮਾਂ ਨੂੰ ਘਟਾਉਣ ਲਈ ਸੁਧਾਰਾਂ ਦਾ ਸੁਝਾਅ ਦੇ ਕੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਜਾਂ ਘਟਾਉਣ ਵਿੱਚ ਉਹਨਾਂ ਦੀ ਮਹੱਤਵਪੂਰਨ ਭੂਮਿਕਾ ਹੈ।

ਵਿਜੀਲੈਂਸ ਵਿਭਾਗ ਦੀ ਵਿਸ਼ੇਸ਼ ਸਕੱਤਰ ਡਾ: ਪ੍ਰਿਅੰਕਾ ਸੋਨੀ ਨੇ ਸਬੰਧਤ ਸੀ.ਵੀ.ਓ. ਨੇ ਵੱਖ-ਵੱਖ ਵਿਭਾਗਾਂ ਦੀ ਤਿਮਾਹੀ ਪ੍ਰਗਤੀ ਰਿਪੋਰਟਾਂ ਬਾਰੇ ਵਿਸਥਾਰਪੂਰਵਕ ਪੇਸ਼ਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸੀ.ਵੀ.ਓ. ਨੂੰ ਚੌਕਸੀ ਨਾਲ ਸਬੰਧਤ ਮਾਮਲਿਆਂ ਵਿੱਚ ਪ੍ਰਸ਼ਾਸਨਿਕ ਸਕੱਤਰਾਂ ਜਾਂ ਵਿਭਾਗਾਂ ਦੇ ਮੁਖੀਆਂ ਦੇ ਵਿਸ਼ੇਸ਼ ਸਹਾਇਕ ਵਜੋਂ ਕੰਮ ਕਰਦੇ ਹੋਏ ਰੋਕਥਾਮ ਅਤੇ ਦੰਡਕਾਰੀ ਚੌਕਸੀ ਡਿਊਟੀਆਂ ਸੌਂਪੀਆਂ ਗਈਆਂ ਹਨ। ਉਨ੍ਹਾਂ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਭ੍ਰਿਸ਼ਟ ਅਮਲ ਸਰਕਾਰੀ ਵਿਭਾਗਾਂ ਦੇ ਕੰਮਕਾਜ ਵਿੱਚ ਰੁਕਾਵਟ ਨਾ ਪਵੇ। ਉਨ੍ਹਾਂ ਦੱਸਿਆ ਕਿ ਆਪਣੀ ਨਿਵਾਰਕ ਵਿਜੀਲੈਂਸ ਸਮਰੱਥਾ ਵਿੱਚ ਸੀ.ਵੀ. ੦ ਸੰਗਠਨ ਦੇ ਅੰਦਰ ਸੰਭਾਵੀ ਭ੍ਰਿਸ਼ਟਾਚਾਰ ਦੇ ਜੋਖਮਾਂ ਦੀ ਸਰਗਰਮੀ ਨਾਲ ਪਛਾਣ ਕਰੋ। ਉਹ ਭ੍ਰਿਸ਼ਟਾਚਾਰ ਦੀਆਂ ਗਤੀਵਿਧੀਆਂ ਬਾਰੇ ਖੁਫੀਆ ਜਾਣਕਾਰੀ ਇਕੱਠੀ ਕਰਦੇ ਹਨ, ਹਿੱਸੇਦਾਰਾਂ ਨੂੰ ਸਿੱਖਿਅਤ ਕਰਦੇ ਹਨ ਅਤੇ ਕਮਜ਼ੋਰ ਖੇਤਰਾਂ ਦੀ ਪਛਾਣ ਕਰਨ ਲਈ ਵਿਭਾਗੀ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਸੀ.ਵੀ.ਓ. ਉਹ ਜਿੱਥੇ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਦੀ ਡੂੰਘਾਈ ਨਾਲ ਜਾਂਚ ਕਰਦੇ ਹਨ, ਉੱਥੇ ਦੰਡਕਾਰੀ ਚੌਕਸੀ ਲਈ ਵੀ ਜ਼ਿੰਮੇਵਾਰ ਹਨ।

ਉਸਨੇ ਕਿਹਾ ਕਿ ਇੱਕ ਵਾਰ ਜਾਂਚ ਪੂਰੀ ਹੋਣ ਤੋਂ ਬਾਅਦ, ਉਹ ਆਪਣੇ ਨਤੀਜਿਆਂ ਦੀ ਰਿਪੋਰਟ ਅਨੁਸ਼ਾਸਨੀ ਅਧਿਕਾਰੀਆਂ ਨੂੰ ਦਿੰਦੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਭ੍ਰਿਸ਼ਟ ਪ੍ਰਥਾਵਾਂ ਵਿੱਚ ਸ਼ਾਮਲ ਲੋਕਾਂ ਵਿਰੁੱਧ ਢੁਕਵੀਂ ਕਾਰਵਾਈ ਕੀਤੀ ਜਾਵੇ।

ਸ਼੍ਰੀ ਵਿਜੇਂਦਰ ਕੁਮਾਰ, ਪ੍ਰਮੁੱਖ ਸਕੱਤਰ, ਮਨੁੱਖੀ ਸਰੋਤ ਵਿਭਾਗ, ਨੇ ਮੁੱਖ ਚੌਕਸੀ ਅਫਸਰਾਂ ਨੂੰ ਹੋਰ ਸ਼ਕਤੀਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਤਾਂ ਜੋ ਉਹ ਆਪਣੀ ਡਿਊਟੀ ਨੂੰ ਵਧੇਰੇ ਕੁਸ਼ਲਤਾ ਨਾਲ ਨਿਭਾ ਸਕਣ। ਉਨ੍ਹਾਂ ਭ੍ਰਿਸ਼ਟਾਚਾਰ ਵਾਲੇ ਖੇਤਰਾਂ ਦੀ ਪਛਾਣ ਕਰਨ ਅਤੇ ਸਰਕਾਰੀ ਦਫ਼ਤਰਾਂ ਵਿੱਚ ਅਕਸਰ ਆਉਣ ਵਾਲੇ ਵਿਅਕਤੀਆਂ 'ਤੇ ਤਿੱਖੀ ਨਜ਼ਰ ਰੱਖਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਏ.ਡੀ.ਜੀ.ਪੀ. ਸ਼੍ਰੀਮਤੀ ਮਮਤਾ ਸਿੰਘ ਸੀ.ਵੀ.ਓ ਉਨ੍ਹਾਂ ਦੀ ਕਾਰਜਕੁਸ਼ਲਤਾ ਨੂੰ ਵਧਾਉਣ ਲਈ ਖਰੀਦ ਮੈਨੂਅਲ ਅਤੇ ਸੰਚਾਲਨ ਨਿਯਮਾਂ ਦਾ ਡੂੰਘਾਈ ਨਾਲ ਅਧਿਐਨ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਸੰਚਾਲਨ ਵਿੱਚ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਆਈਟੀ ਦੀ ਵੱਧ ਤੋਂ ਵੱਧ ਵਰਤੋਂ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ।

# ਸਵੱਛਤਾ ਹੀ ਸੇਵਾ ਮੁਹਿੰਮ ਦੀ ਲੜੀ ਤਹਿਤ ਨਗਰ ਕੌਂਸਲ ਵੱਲੋਂ ਸਟਾਲ ਲਗਾ ਕੇ ਵੰਡੀ ਗਈ ਖਾਦ

**ਫਾਜ਼ਿਲਕਾ, 24 ਸਤੰਬਰ**
**ਕੌਮੀ ਪੱਤ੍ਰਿਕਾ ਬਿਊਰੋ-**

ਸਵੱਛਤਾ ਹੀ ਸੇਵਾ ਮੁਹਿੰਮ ਅਧੀਨ 2 ਅਕਤੂਬਰ ਤੱਕ ਚਲਾਈਆਂ ਜਾ ਰਹੀਆਂ ਗਤੀਵਿਧੀਆਂ ਦੀ ਲੜੀ ਤਹਿਤ ਕਾਰਜ ਸਾਧਕ ਅਫਸਰ ਜਗਸੀਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ *ਤੇ ਨਗਰ ਕੌਂਸਲ ਫਾਜ਼ਿਲਕਾ ਵੱਲੋਂ ਪ੍ਰਤਾਪ ਬਾਗ ਅਤੇ ਘੰਟਾ ਘਰ ਵਿਖੇ ਸਟਾਲ ਲਗਾ ਕੇ ਖਾਦ ਦੀ ਵੰਡ ਕੀਤੀ ਗਈ

ਸੁਪਰਡੈਂਟ ਨਰੇਸ਼ ਖੇੜਾ ਨੇ ਜਾਣਕਾਰੀ ਦਿੰਦਿਆਂ ਦਸਿਆ ਕਿ ਨਗਰ ਕੌਂਸਲ ਵੱਲੋਂ ਸਬਜੀਆਂ ਤੇ ਫਲਾਂ ਦੇ ਛਿਲਕਿਆਂ ਤੋਂ ਜੈਵਿਕ ਖਾਦ ਤਿਆਰ ਕੀਤੀ ਜਾ ਰਹੀ ਹੈ ਤੇ ਇਸ ਜੈਵਿਕ ਖਾਦ ਨੂੰ ਕਿਸਾਨ ਵੀਰ, ਨਰਸਰੀਆਂ ਵਾਲੇ ਵਰਤੋਂ ਵਿਚ ਲਿਆ ਸਕਦੇ ਹਨ।

ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਲੋਕ ਘਰਾਂ ਵਿਚ ਗਿਲਾ ਤੇ ਸੁੱਕਾ ਕੂੜਾ ਵੱਖਰਾ ਵੱਖਰਾ ਰੱਖਣ ਤੇ ਵੱਖਰਾ ਵੱਖਰਾ ਹੀ ਵੇਸਟ ਕੁਲੈਕਟਰਾਂ ਨੂੰ ਕੂੜਾ ਜਮਾਂ ਕਰਵਾਇਆ ਜਾਵੇ।

# ਪਰਾਲੀ ਦੇ ਸੁਚੱਜੇ ਪ੍ਰਬੰਧਨ ਦੇ ਸਬੰਧ 'ਚ ਡਿਪਟੀ ਕਮਿਸ਼ਨਰ ਨੇ ਕੀਤਾ ਵੱਖ-ਵੱਖ ਪਿੰਡਾਂ ਦਾ ਦੌਰਾ

**ਹੁਸ਼ਿਆਰਪੁਰ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਅੱਜ ਗੜ੍ਹਸ਼ੰਕਰ ਬਲਾਕ ਦੇ ਪਿੰਡਾਂ ਸਿੰਬਲੀ, ਨਾਜਰਪੁਰ, ਪਨਾਮ, ਚੱਕਾ ਗੁਰੂ, ਧਮਾਈ ਆਦਿ ਦਾ ਦੌਰਾ ਕੀਤਾ। ਇਸ ਦੌਰੇ ਦੌਰਾਨ ਉਨ੍ਹਾਂ ਇਨ੍ਹਾਂ ਪਿੰਡਾਂ ਦੇ ਕਿਸਾਨਾਂ ਨਾਲ ਪਰਾਲੀ ਪ੍ਰਬੰਧਨ ਨੂੰ ਜ਼ਿਲ੍ਹੇ ਵਿਚ ਲਾਗੂ ਕਰਨ ਦੇ ਸਬੰਧ ਵਿਚ ਕਿਸਾਨ ਸੈਮੀਨਾਰ ਕਰਵਾਇਆ।ਉਨ੍ਹਾਂ ਪਰਾਲੀ ਪ੍ਰਬੰਧਨ ਦੇ ਵੱਖ-ਵੱਖ ਉਪਰਾਲਿਆਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਅਤੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਖੇਤੀ ਮਸ਼ੀਨਰੀ, ਬੇਲਰ, ਪਰਾਲੀ ਨੂੰ ਪਸ਼ੂਆਂ ਦੀ ਖੁਰਾਕ ਵਜੋਂ ਵਰਤਣ ਵਰਗੇ ਵੱਖ-ਵੱਖ ਸਾਧਨਾਂ ਨੂੰ ਅਪਣਾਉਣ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਪਰਾਲੀ ਪ੍ਰਬੰਧਨ ਸਬੰਧੀ ਕਿਸਾਨਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਅਤੇ ਮੌਕੇ 'ਤੇ ਹੀ ਉਨ੍ਹਾਂ ਦੇ ਢੁੱਕਵੇਂ ਹੱਲ ਦਾ ਭਰੋਸਾ ਦਿੱਤਾ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਅੱਗ ਨਾ ਲਗਾਉਣ ਅਤੇ ਇਸ ਦੇ ਪ੍ਰਬੰਧਨ ਲਈ ਉਪਲਬੱਧ ਸਾਧਨਾਂ ਦੀ ਸਹੀ ਵਰਤੋਂ ਕਰਨ।

ਇਸ ਕਿਸਾਨ ਸੈਮੀਨਾਰ ਵਿੱਚ ਹਾਜ਼ਰ ਐਸ.ਡੀ.ਐਮ. ਗੜ੍ਹਸ਼ੰਕਰ ਸ਼ਿਵਰਾਜ ਸਿੰਘ ਬੱਲ ਨੇ ਵੀ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਕਰਦਿਆਂ ਕਿਹਾ ਕਿ ਜੇਕਰ ਕਿਸੇ ਵੀ ਕਿਸਾਨ ਨੂੰ ਪਰਾਲੀ ਦੇ ਪ੍ਰਬੰਧਨ ਵਿੱਚ ਕੋਈ ਸਮੱਸਿਆ ਪੇਸ਼ ਆਉਂਦੀ ਹੈ ਤਾਂ ਉਹ ਸਬੰਧਤ ਬਲਾਕ ਖੇਤੀਬਾੜੀ ਦਫ਼ਤਰ ਨਾਲ ਸੰਪਰਕ ਕਰ ਸਕਦਾ ਹੈ।ਇਸ ਮੌਕੇ ਪਰਾਲੀ ਦੀਆਂ ਗੰਢਾਂ ਦੀ ਖਪਤ ਕਰਨ ਵਾਲੀ

ਇਕਾਈ ਈਕੋ ਊਰਜਾ ਵੈਂਚਰ ਦੇ ਨੁਮਾਇੰਦੇ ਅਮਿਤ ਵੀ ਮੌਜੂਦ ਸਨ, ਜਿਨ੍ਹਾਂ ਨੇ ਬੇਲਰਾਂ ਰਾਹੀਂ ਪਰਾਲੀ ਨੂੰ ਇਕੱਠਾ ਕਰਨ ਬਾਰੇ ਜਾਣਕਾਰੀ ਦਿੱਤੀ। ਨਾਲ ਹੀ ਕੁਲਵੀਰ ਸਿੰਘ, ਐਗਰੀਗੇਟਰ ਨੇ ਇਨ੍ਹਾਂ ਪਿੰਡਾਂ ਵਿੱਚ ਬੇਲਰ ਦੀ ਵਰਤੋਂ ਕਰਕੇ ਪਰਾਲੀ ਇਕੱਠੀ ਕਰਨ ਲਈ ਸਹਿਮਤੀ ਦਿੱਤੀ।

ਕਿਸਾਨ ਸੈਮੀਨਾਰ ਦੌਰਾਨ ਕਿਸਾਨਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਭਰੋਸਾ ਦਿਵਾਇਆ ਕਿ ਉਹ ਖੇਤਾਂ ਵਿੱਚ ਪਰਾਲੀ ਨੂੰ ਅੱਗ ਨਹੀਂ ਲਗਾਉਣਗੇ ਅਤੇ ਇਸ ਦੇ ਯੋਗ ਪ੍ਰਬੰਧਨ ਲਈ ਵਚਨਬੱਧ ਰਹਿਣਗੇ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਹੁਸ਼ਿਆਰਪੁਰ ਦਵਿੰਦਰ ਸਿੰਘ ਨੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਦੀਆਂ ਇਨ-ਸੀਟੂ ਅਤੇ ਐਕਸ-ਸੀਟੂ ਤਕਨੀਕਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਇਸ ਦੇ ਨਾਲ ਹੀ ਡਿਪਟੀ ਕਮਿਸ਼ਨਰ ਨੇ ਪਰਾਲੀ ਪ੍ਰਬੰਧਨ ਸਬੰਧੀ ਜਾਗਰੂਕਤਾ ਫੈਲਾਉਣ ਦੇ ਮੰਤਵ ਨਾਲ ਇੱਕ ਜਾਗਰੂਕਤਾ ਵੈਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਇਸ ਕਿਸਾਨ ਸੈਮੀਨਾਰ ਵਿੱਚ ਅਮਰਜੀਤ ਸਿੰਘ, ਸਤਨਾਮ ਸਿੰਘ, ਬੀਰਇੰਦਰ ਸਿੰਘ, ਅਵਤਾਰ ਸਿੰਘ, ਜਸਵੰਤ ਸਿੰਘ ਭੱਠਲ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਹੋਰ ਅਧਿਕਾਰੀਆਂ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਵੀ ਹਾਜ਼ਰ ਸਨ।

# 'ਖੇਡਾਂ ਵਤਨ ਪੰਜਾਬ ਦੀਆਂ 2024 ਸੀਜ਼ਨ-3 ਤਹਿਤ ਜਿਲ੍ਹਾ ਪੱਧਰੀ ਖੇਡਾਂ ਉਮਰ ਵਰਗ ਅੰ.21 ਅਤੇ ਅੰ.21-30 ਦੇ ਨਤੀਜੇ ਰਹੇ ਸ਼ਾਨਦਾਰ'



**ਸ਼੍ਰੀ ਮੁਕਤਸਰ ਸਾਹਿਬ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀਮਤੀ ਅਨਿੰਦਰਵੀਰ ਕੌਰ ਬਰਾੜ, ਜਿਲ੍ਹਾ ਖੇਡ ਅਫਸਰ, ਸ਼੍ਰੀ ਮੁਕਤਸਰ ਸਾਹਿਬ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਖੇਡ ਵਿਭਾਗ ਵਲੋਂ ਜਿਲ੍ਹਾ ਪ੍ਰਸ਼ਾਸਨ ਸ਼੍ਰੀ ਮੁਕਤਸਰ ਸਾਹਿਬ ਅਤੇ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ ਖੇਡਾਂ ਵਤਨ ਪੰਜਾਬ ਦੀਆਂ 2024 ਸੀਜ਼ਨ-3 ਤਹਿਤ ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਵਿਖੇ ਜਿਲ੍ਹਾ ਪੱਧਰੀ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ। ਉਹਨਾਂ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਖੇਡ ਸਟੇਡੀਅਮ, ਸ਼੍ਰੀ ਮੁਕਤਸਰ ਸਾਹਿਬ ਵਿਖੇ ਅੰ.21 ਅਤੇ ਅੰ.21-30 ਉਮਰ ਵਰਗ ਦੇ ਖੇਡ ਮੁਕਾਬਲੇ ਅੱਜ ਦੂਜੇ ਦਿਨ ਜਾਰੀ ਰਹੇ, ਜਿਸ ਵਿਚ ਖਿਡਾਰੀਆਂ ਦੇ ਨਤੀਜੇ ਬਹੁਤ ਹੀ ਸ਼ਾਨਦਾਰ ਰਹੇ।

ਹੈਂਡਬਾਲ ਗੇਮ, ਅੰਡਰ-21 (ਲੜਕੇ) ਵਿਚ ਐਸ.ਡੀ.ਸ.ਸ.ਸਕੂਲ ਰੱਥੜੀਆਂ ਦੀ ਟੀਮ ਨੇ ਪਹਿਲਾ ਸਥਾਨ, ਪਿੰਡ ਭੁੱਲਰ ਦੀ ਟੀਮ ਨੇ ਦੂਜਾ ਸਥਾਨ ਅਤੇ ਪਿੰਡ ਮੱਲਣ ਦੀ ਟੀਮ ਨੇ ਤੀਜਾ ਸਥਾਨ ਹਾਸਿਲ ਕੀਤਾ। ਹੈਂਡਬਾਲ, ਅੰ.21 (ਲੜਕੀਆਂ) ਪਿੰਡ ਭੁੱਲਰ ਦੀ ਟੀਮ ਨੇ ਪਹਿਲਾ ਸਥਾਨ, ਨਿਊ ਮਾਲਵਾ ਸਕੂਲ ਮੱਲਣ ਨੇ ਦੂਜਾ ਸਥਾਨ ਅਤੇ ਐਸ.ਡੀ.ਸ.ਸ.ਸਕੂਲ ਰੱਥੜੀਆਂ ਨੇ ਤੀਜਾ ਸਥਾਨ ਹਾਸਿਲ ਕੀਤਾ।

ਅਥਲੈਟਿਕਸ (ਲੜਕੀਆਂ) ਈਵੈਂਟ 1500 ਮੀਟਰ , ਉਮਰ ਵਰਗ 21-30 ਵਿਚ ਸੋਨਾ ਕੌਰ ਨੇ ਪਹਿਲਾ ਸਥਾਨ, ਕਰਮਪ੍ਰੀਤ ਕੌਰ ਨੇ ਦੂਜਾ ਸਥਾਨ ਤੇ ਸੁਖਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਿਲ ਕੀਤਾ। ਅਥਲੈਟਿਕਸ (ਲੜਕੇ) ਈਵੈਂਟ 200 ਮੀਟਰ ਅੰ.21 ਵਿਚ ਗੁਰਜੀਤ ਸਿੰਘ ਨੇ ਪਹਿਲਾ ਸਥਾਨ, ਜਸ਼ਨਦੀਪ ਸਿੰਘ ਨੇ ਦੂਜਾ ਸਥਾਨ ਅਤੇ ਗੁਰਦਾਸ ਸਿੰਘ ਨੇ ਤੀਜਾ ਸਥਾਨ ਹਾਸਿਲ ਕੀਤਾ।

ਇਨ੍ਹਾਂ ਜਿਲ੍ਹਾ ਪੱਧਰੀ ਖੇਡਾਂ ਵਿੱਚ ਵਾਲੀਬਾਲ (ਸ਼ੂਟਿੰਗ/ਸਮੈਸ਼ਿੰਗ), ਖੋ-ਖੋ, ਕਬੱਡੀ (ਸਰਕਲ/ਨੈਸ਼ਨਲ), ਅਥਲੈਟਿਕਸ, ਫੁੱਟਬਾਲ, ਹੈਂਡਬਾਲ, ਚੈੱਸ, ਬੈਡਮਿੰਟਨ, ਬਾਸਕਿਟਬਾਲ, ਕਿੱਕ ਬਾਕਸਿੰਗ, ਬਾਕਸਿੰਗ, ਕੁਸ਼ਤੀ, ਪਾਵਰ ਲਿਫਟਿੰਗ, ਵੇਟ ਲਿਫਟਿੰਗ ਅਤੇ ਗੱਤਕਾ ਗੇਮ ਦੇ ਖੇਡ ਮੁਕਾਬਲੇ ਕਰਵਾਏ ਗਏ।

ਇਸ ਮੌਕੇ ਖੇਡ ਵਿਭਾਗ ਸ਼੍ਰੀ ਮੁਕਤਸਰ ਸਾਹਿਬ ਦੇ ਸਮੂਹ ਕੋਚ ਕੰਵਲਜੀਤ ਸਿੰਘ ਹੈਂਡਬਾਲ ਕੋਚ, ਰਮਨਦੀਪ ਕੌਰ ਬਾਕਸਿੰਗ ਕੋਚ, ਗੁਰਸੇਵਕ ਸਿੰਘ ਕਬੱਡੀ ਕੋਚ, ਦੀਪੀ ਰਾਣੀ ਜਿਮਨਾਸਟਿਕ ਕੋਚ, ਨੀਤੀ ਹਾਕੀ ਇੰਦਰਪ੍ਰੀਤ ਕੌਰ ਹਾਕੀ ਕੋਚ, ਵਿਕਰਮਜੀਤ ਸਿੰਘ ਅਥਲੈਟਿਕਸ ਕੋਚ, ਸੁਰੇਖਾ ਕਲਰਕ, ਅੰਕੁਸ਼ ਸੇਤੀਆ ਸਟੇਨੋ ਅਤੇ ਸਿਖਿਆ ਵਿਭਾਗ ਦੇ ਸਮੂਹ ਡੀ.ਪੀ.ਈ./ਪੀ.ਟੀ.ਆਈ. ਸਿਹਤ ਵਿਭਾਗ ਦੀ ਟੀਮ, ਸਕਿਊਰਟੀ ਦੀ ਟੀਮ ਅਤੇ ਖੇਡ ਪ੍ਰੇਮੀ ਮੌਜੂਦ ਸਨ।

# ਪਰਾਲੀ ਦੀ ਸੁਚੱਜੀ ਸਾਂਭ ਸੰਭਾਲ ਅਧੀਨ ਬਲਾਕ-ਬਟਾਲਾ ਦੇ ਪਿੰਡ ਮਿਰਜਾਜਾਨ ਵਿਖੇ ਕਿਸਾਨ ਜਾਗਰੂਕਤਾ ਕੈਂਪ

**ਬਟਾਲਾ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਟਾਲਾ ਵੱਲੋ ਮੁੱਖ ਖੇਤੀਬਾੜੀ ਅਫਸਰ ਡਾ. ਸੁਰਿੰਦਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾ ਤਹਿਤ ਬਲਾਕ ਖੇਤੀਬਾੜੀ ਅਫਸਰ ਬਟਾਲਾ ਦੀ ਯੋਗ ਅਗਵਾਈ ਅਤੇ ਡਾ. ਸਿਮਰਨਜੀਤ ਸਿੰਘ ਭਿੰਡਰ ਦੇ ਪ੍ਰਬੰਧਾਂ ਹੇਠ ਬਟਾਲਾ ਵਿਖੇ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ।

ਇਸ ਮੋਕੇ ਡਾ. ਪਰਮਬੀਰ ਕੌਰ ਖੇਤੀਬਾੜੀ ਵਿਕਾਸ ਅਫਸਰ (ਪੌਦਾ ਸੁਰੱਖਿਆ) ਵੱਲੋਂ ਸਟੇਜ ਤੋ ਆਏ ਹੋਏ ਕਿਸਾਨਾ ਅਤੇ ਮੁੱਖ ਮਹਿਮਾਨਾ ਨੂੰ ਸੰਬੋਧਨ ਕੀਤਾ ਗਿਆ।

ਕੈਂਪ ਵਿੱਚ ਪਹੁੰਚੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਾ. ਸਿਮਰਨਜੀਤ ਸਿੰਘ ਭਿੰਡਰ, ਖੇਤੀਬਾੜੀ ਵਿਕਾਸ ਅਫਸਰ (ਬਟਾਲਾ) ਨੇ ਝੋਨੇ ਅਤੇ ਬਾਸਮਤੀ ਦੀ ਫਸਲ ਦੇ ਉਤਪਾਦਨ ਬਾਰੇ ਡਿਟੇਲ ਜਾਣਕਾਰੀ ਦਿੰਦਿਆ ਵੱਖ-ਵੱਖ ਬਿਮਾਰੀਆ ਅਤੇ ਕੀੜੇ-ਮਕੋੜਿਆਂ ਦੀ ਰੋਕਥਾਮ ਬਾਰੇ ਜਾਣਕਾਰੀ ਦਿੱਤੀ ਅਤੇ ਝੋਨੇ ਦੀ ਪਰਾਲੀ ਦਾ ਇੰਨ-ਸੀਟੂ ਅਤੇ ਐਕਸ - ਸੀਟੂ ਢੰਗ ਨਾਲ ਪ੍ਰਬੰਧਨ ਕਰਕੇ ਕਣਕ ਦੀ ਬਜਾਈ ਬਾਰੇ ਕਿਸਾਨਾ ਨੂੰ ਜਾਣੂ ਕਰਵਾਇਆ।

ਇਸ ਮੌਕੇ ਡ. ਕੰਵਲਜੀਤ ਕੌਰ ਖੇਤੀਬਾੜੀ ਵਿਕਾਸ ਅਫਸਰ ਨੇ ਦੱਸਿਆ ਕੇ ਪਰਾਲੀ ਨੂੰ ਅੱਗ ਲਗਾਉਣ ਨਾਲ ਜਿੱਥੇ ਦਿਨੋ ਦਿਨ ਪ੍ਰਦੂਸ਼ਣ ਵਿਚ ਵਾਧਾ ਤਾਂ ਹੋ ਹੀ ਰਿਹਾ ਹੈ , ਇਸ ਦੇ ਨਾਲ ਨਾਲ ਜ਼ਮੀਨ ਵਿਚਲੇ ਜਰੂਰੀ ਤੱਤ ਨਸ਼ਟ ਹੋ ਰਹੇ ਹਨ ਤੇ ਸਾਡੇ ਮਿੱਤਰ ਕੀੜੇ ਵੀ ਮਰ ਜਾਂਦੇ ਹਨ।

ਉਨ੍ਹਾ ਕਿਹਾ ਕਿ ਅੱਗ ਲਗਾਉਣ ਨਾਲ ਰਾਹ ਜਾਂਦੇ ਰਾਹੀਆ ਨੂੰ ਵੀ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਕਈ ਵਾਰ ਖੇਤਾ ਵਿਚ ਲਗਾਈ ਅੱਗ ਕਾਰਨ ਹਾਦਸੇ ਵੀ ਹੋ ਜਾਂਦੇ ਹਨ ਇਸ ਲਈ ਸਾਨੂੰ ਫਸਲਾ ਦੀ ਰਹਿੰਦ ਖਹੂੰਦ ਨੂੰ ਅੱਗ ਨਹੀ ਲਗਾਉਣੀ ਚਾਹੀਦੀ, ਸਗੋ ਫਸਲਾ ਦੀ ਰਹਿੰਦ ਖਹੂੰਦ ਨੂੰ ਜਮੀਨ ਵਿਚ ਵਾਹ ਕੇ ਜਮੀਨ ਦੀ ਉਪਜਾਊ ਸ਼ਕਤੀ ਵਿਚ ਵਾਧਾ ਕਰਨਾ ਚਾਹੀਦਾ ਹੈ।

ਕਿਸਾਨਾਂ ਨਾਲ ਕਣਕ ਦੀਆਂ ਕਿਸਮਾਂ ਅਤੇ ਸਫ਼ਲ ਕਾਸ਼ਤ ਸਬੰਧੀ ਵੀ ਨੁਕਤੇ ਸਾਂਝੇ ਕੀਤੇ ਅਤੇ ਪੀ.ਐਮ ਕਿਸਾਨ ਨਿੱਧੀ ਸਕੀਮ ਬਾਰੇ ਕਿਸਾਨਾ ਨੂੰ ਜਾਣਕਾਰੀ ਦਿੱਤੀ।

ਡਾ. ਪਰਮਬੀਰ ਸਿੰਘ ਕਾਹਲੋਂ ਖੇਤੀਬਾੜੀ ਅਫਸਰ ਬਟਾਲਾ ਨੇ ਕਿਸਾਨਾਂ ਨੂੰ ਸਰਕਾਰ ਵਲੋਂ ਪਰਾਲੀ ਦੀ ਸਾਂਭ ਸੰਭਾਲ ਲਈ ਸਬਸਿਡੀ ਤੇ ਦਿੱਤੇ ਜਾਣ ਵਾਲੇ ਸੰਦਾਂ ਦੀ ਜਾਣਕਾਰੀ ਦਿੱਤੀ ਅਤੇ ਓਹਨਾਂ ਵਿਸ਼ੇਸ਼ ਤੌਰ ਤੇ ਸਰਫੇਸ ਸੀਡਰ ਬਾਰੇ ਕਿਸਾਨਾਂ ਨੂੰ ਜਾਣੂ ਕਰਵਾਇਆ।

ਇਸ ਮੌਕੇ ਖੇਤੀਬੜੀ ਵਿਭਾਗ ਬਟਾਲਾ ਤੋਂ ਸ਼੍ਰੀ ਗੁਰਸ਼ਰਨਜੀਤ ਸਿੰਘ ਖੇਤੀਬਾੜੀ ਉਪ ਨਿਰੀਖਕ , ਅਵਤਾਰ ਸਿੰਘ ਆਦਿ ਅਤੇ ਇਲਾਕੇ ਦੇ ਅਗਾਂਹਵਧੂ ਕਿਸਾਨ ਸਤਨਾਮ ਸਿੰਘ, ਰਣਜੀਤ ਸਿੰਘ , ਜਸਪਾਲ ਸਿੰਘ, ਆਦਿ ਹਾਜ਼ਰ ਸਨ।

ਖੇਤੀਬਾੜੀ ਵਿਭਾਗ ਦੇ ਅਧਿਕਰੀਆਂ ਵੱਲੋਂ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਵਿੱਚ ਆ ਰਹੀਆਂ ਮੁਸ਼ਕਲਾਂ ਵੀ ਸੁਣੀਆਂ ਗਈਆਂ ਅਤੇ ਉਹਨਾਂ ਮੁਸ਼ਕਲਾਂ ਦਾ ਹੱਲ ਕਰਨ ਦਾ ਭਰੋਸਾ ਵੀ ਦਿੱਤਾ ਗਿਆ।

# ਕੇਜਰੀਵਾਲ ਵੱਲੋਂ ਹਰਿਆਣਾ ਵਿੱਚ ਚੋਣ ਮੁਹਿੰਮ ਸ਼ੁਰੂ



**ਯਮੁਨਾਨਗਰ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਹਰਿਆਣਾ ਦੇ ਲੋਕ ਇਸ ਵਾਰ ਬਦਲਾਅ ਚਾਹੁੰਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਚੋਣਾਂ ਤੋਂ ਬਾਅਦ ਹਰਿਆਣਾ ਵਿੱਚ ਜੋ ਵੀ ਸਰਕਾਰ ਬਣੇਗੀ, ਉਹ ਆਮ ਆਦਮੀ ਪਾਰਟੀ ਦੇ ਸਮਰਥਨ ਤੋਂ ਬਿਨਾਂ ਨਹੀਂ ਬਣੇਗੀ। ਉਹ 5 ਅਕਤੂਬਰ ਨੂੰ ਹੋਣ ਵਾਲੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਲਈ ਸੂਬੇ ਵਿੱਚ ਪਾਰਟੀ ਦੀ ਚੋਣ ਮੁਹਿੰਮ ਸ਼ੁਰੂ ਕਰਨ ਮੌਕੇ ਬੋਲ ਰਹੇ ਸਨ।

ਇਸ ਦੌਰਾਨ ਉਨ੍ਹਾਂ ਜ਼ਿਲ੍ਹਾ ਯਮੁਨਾਨਗਰ ਦੇ ਵਿਧਾਨ ਸਭਾ ਹਲਕਾ ਜਗਾਧਰੀ ਤੋਂ ਪਾਰਟੀ ਉਮੀਦਵਾਰ ਆਦਰਸ਼ ਪਾਲ ਦੇ ਹੱਕ ਵਿੱਚ ਇਕ ਰੋਡ ਸ਼ੋਅ ਵੀ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਆਮ ਆਦਮੀ ਪਾਰਟੀ ਦੀ ਸੂਬਾ ਇਕਾਈ ਦੇ ਪ੍ਰਧਾਨ ਸੁਸ਼ੀਲ ਗੁਪਤਾ ਅਤੇ ਪਾਰਟੀ ਦੇ ਵੱਡੀ ਗਿਣਤੀ ਆਗੂ ਤੇ ਵਰਕਰ ਵੀ ਹਾਜ਼ਰ ਸਨ। ਇਸ ਦੌਰਾਨ ਸੰਬੋਧਨ ਕਰਦਿਆਂ ਸ੍ਰੀ ਕੇਜਰੀਵਾਲ ਨੇ ਕਿਹਾ ਕਿ ਚੋਣਾਂ ਦਾ ਐਲਾਨ ਹੋਣ ਕਰ ਕੇ ਉਹ ਧਾਰਮਿਕ ਸਥਾਨਾਂ 'ਤੇ ਬਾਹਰੋਂ ਹੀ ਨਤਮਸਕਤ ਹੋ ਰਹੇ ਹਨ ਅਤੇ ਚੋਣਾਂ ਤੋਂ ਬਾਅਦ ਉਹ ਮੁੜ ਤੋਂ ਜਗਾਧਰੀ ਆਉਣਗੇ ਅਤੇ ਮੰਦਰ ਤੇ ਗੁਰਦੁਆਰੇ ਮੱਥਾ ਟੇਕਣਗੇ। ਇਸ ਦੌਰਾਨ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਜੇਲ੍ਹ ਵਿੱਚ ਤੋੜਨ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ ਅਤੇ ਆਮ ਕੈਦੀਆਂ ਵਾਲੀਆਂ ਸਹੂਲਤਾਂ ਵੀ ਨਹੀਂ ਦਿੱਤੀਆਂ ਗਈਆਂ। ਕੁਝ ਦਿਨਾਂ ਲਈ ਉਨ੍ਹਾਂ ਦੀਆਂ ਦਵਾਈਆਂ ਵੀ ਬੰਦ ਕਰ ਦਿੱਤੀਆਂ ਗਈਆਂ। ਉਨ੍ਹਾਂ ਲੋਕਾਂ ਨੂੰ ਸੂਬੇ ਵਿਚਲੀ ਮੌਜੂਦਾ ਭਾਜਪਾ ਸਰਕਾਰ ਨੂੰ ਬਦਲਣ ਦਾ ਸੱਦਾ ਦਿੱਤਾ।

# ਜੈਪੁਰ ਰਗਸ ਨੇ ਕੀਤਾ ਰਗ ਉਤਸਵ ਸ਼ੁਰੂ ਕਰਨ ਦਾ ਐਲਾਨ




**ਲੁਧਿਆਣਾ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀ ਅਮੀਰ ਟੈਕਸਟਾਈਲ ਵਿਰਾਸਤ ਦਾ ਪ੍ਰਤੀਕ ਅਤੇ ਹੱਥਾਂ ਨਾਲ ਬਣੇ ਕਾਲੀਨਾਂ ਦੇ ਦੁਨੀਆਂ ਭਰ ਵਿੱਚ ਸਭ ਤੋਂ ਵੱਡੀ ਕੰਪਨੀ ਜੈਪੁਰ ਰਗਸ ਨੇ ਆਪਣੇ ਸੱਭਿਆਚਾਰਕ ਵਿਲੱਖਣ ਰਗ ਉਤਸਵ ਦੀ ਸ਼ੁਰੂਆਤ ਦਾ ਐਲਾਨ ਕੀਤਾ ਹੈ। ਇਹ ਸਾਲਾਨਾ ਤਿਉਹਾਰ ਇੱਕ ਜਸ਼ਨ ਹੈ ਜੋ ਵਪਾਰ ਤੋਂ ਅੱਗੇ ਜਾ ਕੇ ਪੇਂਡੂ ਭਾਰਤੀ ਕਾਰੀਗਰਾਂ ਦੀ ਕਲਾ ਅਤੇ ਦੁਨੀਆ ਭਰ ਦੇ ਗਾਹਕਾਂ ਦੇ ਪਸੰਦ ਨੂੰ ਇਕੱਠਾ ਕਰਦਾ ਹੈ। ਜੈਪੁਰ ਰਗਸ ਇੱਕ ਸ਼ਾਨਦਾਰ ਵਿੱਤੀ ਸਾਲ ਵਿੱਚ 975 ਕਰੋੜ ਰੁਪਏ ਦੇ ਗਰੁੱਪ ਟਰਨਓਵਰ ਦੇ ਨਾਲ ਅਤੇ ਪੁਣੇ ਅਤੇ ਲੰਡਨ ਵਿੱਚ ਨਵੇਂ ਸਟੋਰਾਂ ਦੇ ਸਫਲਤਾਪੂਰਵਕ ਲਾਂਚ ਦੇ ਨਾਲ, ਰਗਸ ਉਤਸਵ ਇੱਕ ਵਾਰ ਫਿਰ ਦਿਲਾਂ ਨੂੰ ਮੋਹ ਲੈਣ ਲਈ ਤਿਆਰ ਹੈ। ਭਾਰਤ, ਮਿਲਾਨ, ਦੁਬਈ, ਰੂਸ ਅਤੇ ਚੀਨ ਵਰਗੇ ਸਥਾਨਾਂ ਵਿੱਚ 17 ਸਟੋਰਾਂ ਦੇ ਨਾਲ, ਇਹ ਬ੍ਰਾਂਡ ਹੁਣ ਭਾਰਤ ਵਿੱਚ ਵਿਸੇਸ਼ ਰੂਪ ਵਿੱਚ ਇੱਕ ਮਹੀਨੇ ਦਾ ਉਤਸਵ ਆਯੋਜਿਤ ਕਰਨ ਲਈ ਤਿਆਰ ਹੈ, ਜੋ ਇਸਦੇ ਸਾਰੇ ਭਾਰਤੀ ਸਥਾਨਾਂ ਅਤੇ ਇਸਦੀ ਵੈੱਬਸਾਈਟ 'ਤੇ ਇੱਕ ਯਾਦਗਾਰ ਅਨੁਭਵ ਦੀ ਪ੍ਰਦਾਨ ਕਰਦਾ ਹੈ।

ਰਗ ਉਤਸਵ ਵਿੱਚ ਮਹਿਮਾਨਾਂ ਨੂੰ 5,000 ਤੋਂ ਵੱਧ ਸ਼ਾਨਦਾਰ ਰਗਾਂ ਦੀ ਇੱਕ ਸ਼ਾਨਦਾਰ ਸਲੈਕਸ਼ਨ ਦੇਖਣ ਦਾ ਮੌਕਾ ਮਿਲੇਗਾ, ਜਿਨ੍ਹਾਂ ਵਿੱਚੋਂ ਹਰ ਇੱਕ ਪਰੰਪਰਾ, ਸੱਭਿਆਚਾਰ ਅਤੇ ਕਾਰੀਗਰੀ ਦੀ ਵਿਲੱਖਣ ਕਹਾਣੀ ਦੱਸਦਾ ਹੈ। ਜੈਪੁਰ ਰਗ ਦੇ ਡਾਇਰੈਕਟਰ ਯੋਗੇਸ਼ ਚੌਧਰੀ ਦਾ ਕਹਿਣਾ ਹੈ ਕਿ ਰਗ ਉਤਸਵ ਸਿਰਫ਼ ਇੱਕ ਤਿਉਹਾਰ ਨਹੀਂ ਹੈ, ਸਗੋਂ ਮਨੁੱਖੀ ਭਾਵਨਾ ਅਤੇ ਰਚਨਾਤਮਕਤਾ ਦਾ ਜਸ਼ਨ ਹੈ। ਇਹ ਸਾਡੇ ਲਈ ਦੁਨੀਆ ਨੂੰ ਭਾਰਤ ਦੀ ਆਤਮਾ ਦੇ ਨੇੜੇ ਲਿਆਉਣ ਦਾ ਇੱਕ ਤਰੀਕਾ ਹੈ, ਜਿੱਥੇ ਹਰ ਰਗ ਇੱਕ ਕੈਨਵਸ ਹੈ, ਅਤੇ ਹਰ ਧਾਗਾ ਇੱਕ ਕਹਾਣੀ ਹੈ।

# ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚੋਂ 'ਤੱਕੜੀ' ਗਾਇਬ



**ਮਾਨਸਾ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਧਾਨ ਸਭਾ ਚੋਣਾਂ ਸਬੰਧੀ ਜਦੋਂ ਚੋਣ ਮੈਦਾਨ ਪੂਰੀ ਤਰ੍ਹਾਂ ਭਖ ਗਿਆ ਹੈ ਤਾਂ ਪਹਿਲੀ ਵਾਰ ਉੱਥੇ ਪੰਜਾਬੀ ਬੋਲਦੇ ਇਲਾਕਿਆਂ ਲਈ ਹਮੇਸ਼ਾ ਮੋਹਰੀ ਹੋ ਕੇ ਲੜਾਈ ਲੜਨ ਵਾਲੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਚੋਣ ਮੈਦਾਨ ਵਿੱਚ ਉਮੀਦਵਾਰ ਉਤਾਰਨ ਤੇ ਪ੍ਰਚਾਰ ਕਰਨ ਤੋਂ ਕੋਹਾਂ ਦੂਰ ਹੋ ਗਈ ਹੈ। ਕਿਸੇ ਵੇਲੇ ਅਕਾਲੀ ਦਲ ਵੱਲੋਂ ਚੌਟਾਲਿਆਂ ਅਤੇ ਭਾਰਤੀ ਜਨਤਾ ਪਾਰਟੀ ਨਾਲ ਸਾਂਝ ਪਾ ਕੇ ਹਰਿਆਣਾ ਦੀਆਂ 8 ਤੋਂ 10 ਸੀਟਾਂ ਤੱਕ ਮੁਕਾਬਲਾ ਦਿੱਤਾ ਜਾਂਦਾ ਰਿਹਾ ਹੈ। ਅਕਾਲੀ ਦਲ ਦੇ ਟਕਸਾਲੀ ਆਗੂ ਹਰ ਵਾਰ ਨੀਲੀਆਂ ਪੱਗਾਂ ਸਜਾ ਕੇ ਮਾਲਵਾ ਖੇਤਰ ਨਾਲ ਲੱਗਦੇ ਹਰਿਆਣਾ ਦੇ ਇਲਾਕਿਆਂ ਵਿੱਚ ਹਰ-ਰੋਜ਼ ਸਵੇਰ ਸਾਰ ਚੋਣ ਪ੍ਰਚਾਰ ਲਈ ਨਿਕਲ ਜਾਂਦੇ ਸਨ ਅਤੇ ਦੇਰ ਸ਼ਾਮ ਮੁੜਦੇ ਸਨ ਪਰ ਇਸ ਵਾਰ ਅਜਿਹਾ ਨਹੀਂ ਹੋ ਰਿਹਾ। ਵੇਰਵਿਆਂ ਅਨੁਸਾਰ ਅਕਾਲੀ ਦਲ ਫ਼ਤਿਆਬਾਦ, ਰਤੀਆ, ਟੋਹਾਣਾ, ਰੋੜੀ, ਕਾਲਿਆਂਵਾਲੀ, ਡੱਬਵਾਲੀ, ਸਿਰਸਾ, ਏਲਨਾਬਾਦ, ਅੰਬਾਲਾ ਅਤੇ ਕਈ ਹੋਰ ਹਲਕਿਆਂ ਵਿੱਚ ਆਪਣੇ ਭਾਈਵਾਲਾਂ ਲਈ ਪ੍ਰਚਾਰ ਕਰਦੇ ਸਨ ਪਰ ਇਸ ਵਾਰ ਹਰਿਆਣਾ ਦੇ ਪੰਜਾਬੀ ਬੋਲਦੇ ਇਲਾਕਿਆਂ ਵਿੱਚ ਕਿੱਧਰੇ ਅਕਾਲੀ ਦਲ ਦੇ ਵੱਡੇ ਜਥੇਦਾਰ ਪ੍ਰਚਾਰ ਕਰਦੇ ਦਿਖਾਈ ਨਹੀਂ ਦੇ ਰਹੇ। ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪੁਰਾਣੇ ਸਿਆਸੀ ਸਾਥੀ ਅਤੇ ਦੇਸ਼ ਦੇ ਸਾਬਕਾ ਉਪ ਪ੍ਰਧਾਨ ਮੰਤਰੀ ਚੌਧਰੀ ਦੇਵੀ ਲਾਲ ਅਤੇ ਉਨ੍ਹਾਂ ਦੇ ਪੱਤਰ ਓਮ ਪ੍ਰਕਾਸ਼ ਚੌਟਾਲਾ ਨਾਲ ਗੂੜ੍ਹੀ ਸਾਂਝ ਹੋਣ ਕਾਰਨ ਦੋਵੇਂ ਇਕੱਠਿਆਂ ਚੋਣਾਂ ਲੜਦੇ ਆ ਰਹੇ ਸਨ ਪਰ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣਾ ਤੋਂ ਬਾਅਦ ਪਹਿਲੀ ਵਾਰ ਆਈਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਅਜਿਹਾ ਨਹੀਂ ਹੋਇਆ ਪਰ ਹੁਣ ਸ਼੍ਰੋਮਣੀ ਅਕਾਲੀ ਦਲ ਅੰਦਰੂਨੀ ਕਲੇਸ਼ ਵਿੱਚ ਫਸਿਆ ਹੋਣ ਕਾਰਨ ਪ੍ਰਚਾਰ ਨਹੀਂ ਕਰ ਸਕਿਆ।

ਇਸ ਵੇਲੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਨੇ ਤਨਖਾਹੀਆ ਕਰਾਰ ਦਿੱਤਾ ਹੋਇਆ ਹੈ ਅਤੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ, ਜੋ ਖੁਦ ਹਰਿਆਣਾ ਦੇ ਇੰਚਾਰਜ ਹਨ, ਕਿਸੇ ਵੱਡੇ ਚੋਣ ਜਲਸੇ ਵਿੱਚ ਸੰਬੋਧਨ ਕਰਦੇ ਅਜੇ ਤੱਕ ਦਿਖਾਈ ਨਹੀਂ ਦਿੱਤੇ ਹਨ। ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਪਾਰਟੀ ਵੱਲੋਂ ਇਸ ਵਾਰ ਹਰਿਆਣਾ ਵਿੱਚ ਕਾਂਗਰਸ ਅਤੇ ਭਾਜਪਾ ਦੇ ਉਮੀਦਵਾਰਾਂ ਨੂੰ ਹਰਾਉਣ ਲਈ ਇਨੈਲੋ ਦੀ ਮਦਦ ਕੀਤੀ ਜਾ ਰਹੀ ਹੈ। ਅਕਾਲੀ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਦਰਜਨ ਤੋਂ ਵੱਧ ਪਹਿਲੀ ਕਤਾਰ ਦੇ ਨੇਤਾਵਾਂ ਨੂੰ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾ ਦੇਣਾ ਸ਼੍ਰੋਮਣੀ ਅਕਾਲੀ ਦਲ ਦੀ ਵੱਡੀ ਬਦਕਿਸਮਤੀ ਹੈ।

# ਕਾਂਗਰਸ ਉਮੀਦਵਾਰ ਦੇ ਕਾਫ਼ਿਲੇ 'ਤੇ ਫਾਇਰਿੰਗ; ਸਮਰਥਕ ਜ਼ਖ਼ਮੀ



**ਪੰਚਕੂਲਾ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਸ ਜ਼ਿਲ੍ਹੇ ਦੇ ਕਾਲਕਾ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਤੇ ਕਾਂਗਰਸੀ ਉਮੀਦਵਾਰ ਪ੍ਰਦੀਪ ਚੌਧਰੀ ਦੇ ਕਾਫ਼ਿਲੇ 'ਤੇ ਗੋਲੀਆਂ ਚਲਾਈਆਂ ਗਈਆਂ। ਜਦੋਂ ਪ੍ਰਦੀਪ ਚੌਧਰੀ ਚੋਣ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਬਰਵਾਲਾ ਆ ਰਹੇ ਸਨ ਤਾਂ ਪਿੰਡ ਭੜੌਲੀ ਨੇੜੇ ਉਨ੍ਹਾਂ ਦੇ ਕਾਫ਼ਲੇ 'ਤੇ ਹਮਲਾ ਕਰ ਦਿੱਤਾ ਗਿਆ। ਇਸ ਹਮਲੇ 'ਚ ਪ੍ਰਦੀਪ ਚੌਧਰੀ ਤਾਂ ਵਾਲ-ਵਾਲ ਬਚ ਗਏ ਪਰ ਚੌਧਰੀ ਨਾਲ ਮੌਜੂਦ ਇੱਕ ਸਮਰਥਕ ਦੇ ਗੋਲੀਆਂ ਲੱਗੀਆਂ, ਜਿਸ ਦੀ ਪਛਾਣ ਗੋਲਡੀ ਖੇੜੀ ਵਜੋਂ ਹੋਈ ਹੈ। ਉਸ ਨੂੰ ਇਲਾਜ ਲਈ ਨੇੜਲੇ ਹਸਪਤਾਲ ਲਿਜਾਇਆ ਗਿਆ ਜਿੱਥੋਂ ਉਸ ਨੂੰ ਪੀਜੀਆਈ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ। ਕਾਂਗਰਸੀ ਉਮੀਦਵਾਰ ਪ੍ਰਦੀਪ ਚੌਧਰੀ ਦੇ ਕਾਫ਼ਿਲੇ 'ਤੇ ਹਮਲਾ ਕਰਨ ਵਾਲਿਆਂ ਬਾਰੇ ਹਾਲੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ ਪਰ ਕਿਹਾ ਜਾ ਰਿਹਾ ਹੈ ਕਿ ਇਸ ਹਮਲੇ ਪਿੱਛੇ ਸ਼ਰਾਰਤੀ ਅਨਸਰਾਂ ਦਾ ਹੱਥ ਹੈ। ਇਹ ਵੀ ਪਤਾ ਲੱਗਿਆ ਹੈ ਕਿ ਕਾਫ਼ਿਲੇ ਦਾ ਕਾਫੀ ਸਮਾਂ ਪਿੱਛਾ ਕੀਤਾ ਗਿਆ। ਇਸ ਹਮਲੇ ਤੋਂ ਬਾਅਦ ਸੁਰੱਖਿਆ ਪ੍ਰਬੰਧਾਂ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਇਸ ਤੋਂ ਪਹਿਲਾਂ ਪੁਲੀਸ ਵੱਲੋਂ ਦਾਅਵੇ ਕੀਤੇ ਜਾ ਰਹੇ ਸਨ ਕਿ ਪੰਚਕੂਲਾ ਅਤੇ ਕਾਲਕਾ ਹਲਕੇ ਵਿੱਚ ਲਗਾਏ ਗਏ ਨਾਕਿਆਂ ਉੱਤੇ ਪੂਰੀ ਚੈਕਿੰਗ ਕੀਤੀ ਜਾ ਰਹੀ ਹੈ ਪਰ ਅੱਜ ਦੇ ਹਮਲੇ ਤੋਂ ਬਾਅਦ ਪੁਲੀਸ ਦੇ ਇਹ ਦਾਅਵੇ ਖੋਖਲੇ ਨਜ਼ਰ ਆ ਰਹੇ ਹਨ। ਇਸ ਤੋਂ ਬਾਅਦ ਪੁਲੀਸ ਨੇ ਹਾਲਾਤ ਦਾ ਜਾਇਜ਼ਾ ਲਿਆ। ਦੱਸਿਆ ਜਾ ਰਿਹਾ ਹੈ ਕਿ ਗੋਲਡੀ ਖੇੜੀ ਨੂੰ ਦੋ ਗੋਲੀਆਂ ਲੱਗੀਆਂ ਹਨ। ਪੁਲੀਸ ਵੱਲੋਂ ਵੱਖ ਵੱਖ ਪਹਿਲੂਆਂ 'ਤੇ ਜਾਂਚ ਕੀਤੀ ਜਾ ਰਹੀ ਹੈ। ਪੁਲੀਸ ਨੇ ਅਣਪਛਾਤੇ ਹਮਲਾਵਰਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

# ਕਾਂਗਰਸ ਮੈਨੀਫੈਸਟੋ ਸਿਰਫ਼ ਝੂਠ ਦਾ ਪੁਲੰਦਾ: ਨਾਇਬ ਸੈਣੀ



**ਸ਼ਾਹਬਾਦ ਮਾਰਕੰਡਾ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਾਂਗਰਸ ਪਾਰਟੀ ਦਾ ਮੈਨੀਫੈਸਟੋ ਸਿਰਫ਼ ਝੂਠ ਦਾ ਪੁਲੰਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਝੂਠੇ ਵਾਅਦੇ ਕਰ ਕੇ ਸੱਤਾ ਹਥਿਆਈ ਹੈ ਤੇ ਸੱਤਾ ਵਿਚ ਆਉਣ ਮਗਰੋਂ ਲੋਕਾਂ ਲਈ ਕੁਝ ਨਹੀਂ ਕੀਤਾ। ਮੁੱਖ ਮੰਤਰੀ ਸੈਣੀ ਅੱਜ ਇਥੇ ਬਰਾੜਾ ਰੋਡ 'ਤੇ ਇੱਕ ਨਿੱਜੀ ਪੈਲੇਸ ਵਿਚ ਭਾਜਪਾ ਉਮੀਦਵਾਰ ਸੁਭਾਸ਼ ਕਲਸਾਨਾ ਦੇ ਹੱਕ ਵਿੱਚ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਵਿੱਚ ਦੋ ਸਾਲ ਪਹਿਲਾਂ ਕਾਂਗਰਸ ਸਰਕਾਰ ਬਣੀ ਸੀ, ਪਰ ਉਥੋਂ ਦਾ ਕੋਈ ਨਾਗਰਿਕ ਅੱਜ ਖੁਸ਼ ਨਹੀਂ ਹੈ। ਕਾਂਗਰਸ ਵੱਲੋਂ ਉੱਥੇ ਚੋਣਾਂ ਦੌਰਾਨ ਹਰ ਵਰਗ ਨਾਲ ਕੀਤੇ ਵਾਅਦਿਆਂ ਵਿੱਚੋਂ ਇਕ ਵੀ ਪੂਰਾ ਨਹੀਂ ਕੀਤਾ। ਉਥੋਂ ਦੇ ਸਰਕਾਰੀ ਕਰਮਚਾਰੀਆਂ ਨੂੰ ਤਨਖ਼ਾਹ ਲਈ ਵੀ ਹੜਤਾਲ ਕਰਨੀ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤੇ ਮੰਤਰੀਆਂ ਵੀ ਆਪਣੀ ਤਨਖ਼ਾਹ ਛੱਡਣ ਦਾ ਦਿਖਾਵਾ ਕਰ ਰਹੇ ਹਨ। ਕਾਂਗਰਸ ਨੇ ਹਿਮਾਚਲ ਦੀਆਂ ਔਰਤਾਂ ਨੂੰ 1500 ਰੁਪਏ ਦੇਣ ਦਾ ਵਾਅਦਾ ਕੀਤਾ ਸੀ ਜੋ ਪੂਰਾ ਨਹੀਂ ਹੋਇਆ। ਸੈਣੀ ਨੇ ਕਿਹਾ ਕਿ ਐੱਮਐੱਸਪੀ ਨੂੰ ਲੈ ਕੇ ਕਾਂਗਰਸ ਨੇ ਕਿੰਨਾ ਰੌਲਾ ਪਾਇਆ ਸੀ ਜਦਕਿ ਹਰਿਆਣਾ ਦੇਸ਼ ਦਾ ਪਹਿਲਾ ਸੂਬਾ ਹੈ ਜੋ ਕਿਸਾਨਾਂ ਦੀਆਂ 24 ਫ਼ਸਲਾਂ ਐੱਮਐੱਸ ਪੀ 'ਤੇ ਖਰੀਦ ਰਿਹਾ ਹੈ। ਉਨ੍ਹਾਂ ਕਾਂਗਰਸ ਤੋਂ ਪੁੱਛਿਆ ਕਿ ਕਰਨਾਟਕ ਤੇ ਤਿਲੰਗਾਨਾ ਵਿਚ ਕਿੰਨੀਆਂ ਫ਼ਸਲਾਂ ਐੱਮਐੱਸਪੀ 'ਤੇ ਖਰੀਦਿਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿਚ ਡਬਲ ਇੰਜਨ ਦੀ ਸਰਕਾਰ ਬਣਨ ਨਾਲ ਨੌਜਵਾਨਾਂ ਨੂੰ ਤੇਜੀ ਨਾਲ ਨੌਕਰੀਆਂ ਮਿਲਣਗੀਆਂ ਤੇ ਸੂਬੇ ਦੇ ਵਿਕਾਸ ਵਿਚ ਵੀ ਤੇਜ਼ੀ ਆਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਸੂਬੇ ਵਿਚ ਤੀਜੀ ਵਾਰ ਭਾਜਪਾ ਸਰਕਾਰ ਬਣਨ ਜਾ ਰਹੀ ਹੈ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਸ੍ਰੀ ਸੈਣੀ ਦੇ ਇੱਥੇ ਪੁੱਜਣ 'ਤੇ ਭਾਜਪਾ ਵਰਕਰਾਂ ਵਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਕੁਰੂਕਸ਼ੇਤਰ ਤੋਂ ਸੰਸਤ ਮੈਂਬਰ ਨਵੀਨ ਜਿੰਦਲ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਤਾਰਫ਼ੀ ਕੀਤੀ। ਉਨ੍ਹਾਂ ਸੁਭਾਸ਼ ਚੰਦ ਕਲਸਾਨਾ ਨੂੰ ਸਮਰਥਣ ਦੇਣ ਦੀ ਅਪੀਲ ਵੀ ਕੀਤੀ। ਭਾਜਪਾ ਉਮੀਦਵਾਰ ਸੁਭਾਸ਼ ਕਲਸਾਨਾ ਨੇ ਕਿਹਾ ਕਿ ਜੇ ਹਲਕੇ ਦੇ ਲੋਕਾਂ ਨੇ ਉਨ੍ਹਾਂ ਨੂੰ ਆਪਣਾ ਅਸ਼ੀਰਵਾਦ ਦਿੱਤਾ ਤਾਂ ਉਹ ਇਸ ਹਲਕੇ ਵਿਚ ਫੈਲੇ ਨਸ਼ੇ ਦੇ ਕੋਹੜ ਨੂੰ ਜੜ੍ਹੋਂ ਖਤਮ ਕਰ ਦੇਣਗੇ। ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣਗੇ।

# ਭਾਜਪਾ ਕਿਸਾਨਾਂ ਦੀ ਸਭ ਤੋਂ ਵੱਡੀ ਦੁਸ਼ਮਣ: ਰਾਜਾ ਵੜਿੰਗ

**ਕਾਲਾਂਵਾਲੀ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਕਾਲਾਂਵਾਲੀ ਤੋਂ ਕਾਂਗਰਸੀ ਉਮੀਦਵਾਰ ਸ਼ੀਸ਼ਪਾਲ ਕੇਹਰਵਾਲਾ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ। ਪੇਂਡੂ ਚੋਣ ਜਲਸਿਆਂ ਨੂੰ ਸੰਬੋਧਨ ਕਰਦਿਆਂ ਵੜਿੰਗ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਕਿਸਾਨਾਂ ਦੀ ਸਭ ਤੋਂ ਵੱਡੀ ਦੁਸ਼ਮਣ ਹੈ, ਜੋ ਹਮੇਸ਼ਾ ਕਿਸਾਨ ਵਿਰੋਧੀ ਫੈਸਲੇ ਲੈਂਦੀ ਹੈ। ਇਸ ਦੌਰਾਨ ਪਿੰਡ ਤਾਰੂਆਣਾ, ਤਿਲੋਕੇਵਾਲਾ, ਖਤਰਾਵਾਂ, ਭਾਦੜਾ, ਬੀਰੂਵਾਲਾ ਗੁੜ੍ਹਾ, ਝੋਰੜਰੋਹੀ, ਥਿਰਾਜ, ਭੀਮਾ, ਫੱਗੂ, ਸੁਰਤੀਆ ਤੇ ਰੋੜੀ ਚੋਣ



ਜਲਸਿਆਂ 'ਚ ਸੰਸਦ ਮੈਂਬਰ ਰਾਜਾ ਵੜਿੰਗ ਨੇ ਕਿਹਾ ਕਿ ਭਾਜਪਾ ਦੇ ਰਾਜ ਵਿੱਚ ਕਿਸਾਨ ਵਿਰੋਧੀ ਤਿੰਨ ਕਾਨੂੰਨ ਬਣੇ, ਜਿਸ ਕਰਕੇ ਕਿਸਾਨਾਂ ਨੂੰ ਦਿੱਲੀ ਵਿੱਚ ਮੋਰਚਾ ਲਾਉਣਾ ਪਿਆ। ਇਸ ਦੌਰਾਨ 750 ਕਿਸਾਨਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਦਿਹਾਤੀ ਵੋਟਰਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਚੰਗੇ ਕੱਲ੍ਹ ਅਤੇ ਭਵਿੱਖ ਦੇ ਵਿਕਾਸ ਲਈ ਕਾਂਗਰਸੀ ਉਮੀਦਵਾਰ ਸ਼ੀਸ਼ਪਾਲ ਕੇਹਰਵਾਲਾ ਨੂੰ ਚੁਣਨ।

# ਤਾਜ਼ੇ ਪਾਣੀ ਨਾਲ ਭਰੀ ਜਾਵੇਗੀ ਬੜਖਲ ਝੀਲ: ਵਿਜੈ ਪ੍ਰਤਾਪ



**ਫਰੀਦਾਬਾਦ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਬੜਖਲ ਤੋਂ ਕਾਂਗਰਸੀ ਉਮੀਦਵਾਰ ਵਿਜੈ ਪ੍ਰਤਾਪ ਨੇ ਐੱਨਆਈਟੀ 3 ਪਾਰਕ ਚਿਮਨੀਬਾਈ ਚੌਂਕ, 3 ਨੰਬਰ ਮਾਰਕੀਟ ਜੀ ਬਲਾਕ, ਮੈਟਰੋ ਗਾਰਡਨ, ਨਹਿਰੂ ਕਲੋਨੀ, 5 ਐਨ ਬਲਾਕ, ਨਿਸ਼ਨ ਹੱਟ ਐੱਨਆਈਟੀ 5, ਹੋਪ ਜਿਮ ਐੱਨਆਈਟੀ 5 ਵਿੱਚ ਚੋਣ ਮੀਟਿੰਗਾਂ ਕੀਤੀਆਂ। ਉਨ੍ਹਾਂ ਹੋਪ ਜਿਮ ਵਿਖੇ ਨੌਜਵਾਨਾਂ ਨੂੰ ਕਿਹਾ ਕਿ ਸਪੋਰਟਸ ਹੱਬ ਸ਼ਹਿਰ ਵਿੱਚ ਕਾਇਮ ਕੀਤੀ ਜਾਣੀ ਚਾਹੀਦੀ ਹੈ। ਫਰੂਟ ਗਾਰਡਨ ਵੈਲਫੇਅਰ ਐਸੋਸੀਏਸ਼ਨ ਵੱਲੋਂ ਸਰਪ੍ਰਸਤ ਆਰ ਕੇ ਮਲਿਕ, ਸੁਨੀਲ ਕੁਮਾਰ, ਜੋਗਿੰਦਰ ਤੇ ਵਿਨੋਦ ਕਾਠਪਾਲ ਨੇ ਉਨ੍ਹਾਂ ਨੂੰ ਸਮਰਥਨ ਦਿੱਤਾ। ਉਨ੍ਹਾਂ ਸੈਕਟਰ-21 ਸੀ ਮਾਰਕੀਟ, ਸੈਕਟਰ-21 ਡੀ, ਸੈਕਟਰ-21 ਏ, ਮਹਿਤੂ ਡੇਰਾ ਲੱਕੜਪੁਰ, ਸੈਕਟਰ-21 ਬੀ ਵਿੱਚ ਜਨਤਕ ਮੀਟਿੰਗਾਂ ਨੂੰ ਸੰਬੋਧਨ ਕੀਤਾ।

ਉਨ੍ਹਾਂ ਕਿਹਾ ਕਿ ਬੜਖਲ ਝੀਲ ਨੂੰ ਭਰਨ ਦੇ ਨਾਂ 'ਤੇ 200 ਕਰੋੜ ਰੁਪਏ ਖਰਚ ਕੀਤੇ ਗਏ ਪਰ ਝੀਲ ਗੰਦੇ ਸੀਵਰੇਜ ਦੇ ਪਾਣੀ ਨਾਲ ਭਰੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਡੇ ਪਹਾੜਾਂ ਵਿੱਚ ਬੜਖਲ ਝੀਲ ਤੋਂ ਵੀ ਵੱਡੀਆਂ ਝੀਲਾਂ ਬਣ ਚੁੱਕੀਆਂ ਹਨ। ਸੂਬੇ 'ਚ ਕਾਂਗਰਸ ਦੀ ਸਰਕਾਰ ਆਉਣ 'ਤੇ ਉਨ੍ਹਾਂ ਝੀਲਾਂ ਦਾ ਪਾਣੀ ਝੀਲ 'ਚ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ ਵਿੱਚ ਬਹੁਤ ਪੱਛੜ ਗਏ ਹਾਂ। ਦਸ ਸਾਲ ਪਹਿਲਾਂ ਫਰੀਦਾਬਾਦ ਨੋਇਡਾ ਅਤੇ ਗੁੜਗਾਉਂ ਨਾਲੋਂ ਬਿਹਤਰ ਸੀ ਪਰ ਅੱਜ ਸ਼ਹਿਰ ਦੀ ਹਾਲਤ ਬਦਤਰ ਹੈ।ਵਿਜੈ ਨੇ ਕਿਹਾ ਕਿ ਪਿਛਲੇ ਦਸ ਸਾਲਾਂ 'ਚ ਭਾਜਪਾ ਸਰਕਾਰ ਵਿੱਚ ਬੈਠੇ ਲੋਕਾਂ ਨੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਹੀਂ ਸਮਝਿਆ। ਅੱਜ ਸ਼ਹਿਰ ਦੀ ਹਾਲਤ ਲਈ ਭਾਰਤੀ ਜਨਤਾ ਪਾਰਟੀ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਉਹ ਆਪਣਾ ਚਿਹਰਾ ਬਦਲ ਕੇ ਲੋਕਾਂ ਨੂੰ ਮੂਰਖ ਨਹੀਂ ਬਣਾ ਸਕਦੀ। ਲੋਕਾਂ ਨੂੰ ਸਹੂਲਤਾਂ ਦੇਣ ਦੀ ਵਿਉਂਤਬੰਦੀ ਉਨ੍ਹਾਂ ਦੀ ਸੋਚ ਅਤੇ ਦੂਰਅੰਦੇਸ਼ੀ ਵਿੱਚ ਨਹੀਂ ਹੈ।

# ਜ਼ਿਲ੍ਹਾ ਪ੍ਰਸ਼ਾਸਨ ਪਰਾਲੀ ਪ੍ਰਬੰਧਨ ਲਈ ਕਿਸਾਨਾਂ ਦੇ ਬੂਹਾਂ ’ਤੇ

**ਮਲੇਰਕੋਟਲਾ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਪੱਲਵੀ ਵਲੋਂ ਪਰਾਲੀ ਸਾੜਨ ਦੀਆਂ ਗਤੀਵਿਧੀਆਂ ਵਿਰੁੱਧ ਮੁਹਿੰਮ ਨੂੰ ਹੋਰ ਤੇਜ਼ ਕਰਦੇ ਹੋਏ, ਸੰਭਾਵਿਤ ਪਿੰਡਾਂ ਭਨਭੌਰਾ,ਝੱਲ ਅਤੇ ਚੌਂਦਾ ਵਿਖੇ ਕਿਸਾਨਾਂ ਨਾਲ ਜਾਗਰੂਕਤਾ ਪੈਦਾ ਕਰਨ ਲਈ ਨੁੱਕੜ ਮੀਟਿੰਗਾਂ ਕੀਤੀਆਂ ਗਈਆਂ ਹਨ। ਨੁੱਕੜ ਮੀਟਿੰਗਾਂ ਦਾ ਮਕਸਦ ਲੋਕਾਂ ਨੂੰ ਜਾਗਰੂਕ ਕਰਨਾ, ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ, ਅਤੇ ਕਿਸਾਨਾਂ ਨੂੰ ਸਰਕਾਰ ਵਲੋਂ ਦਿੱਤੀਆਂ ਸਹਾਇਕ ਯੋਜਨਾਵਾਂ ਦੀ ਜਾਣਕਾਰੀ ਦੇਣਾ ਸੀ, ਤਾਂ ਜੋ ਉਹਨਾਂ ਨੂੰ ਪਰਾਲੀ ਸਾੜਨ ਤੋਂ ਹਟਾ ਕੇ ਹੋਰ ਸਿਰਜਣਾਤਮਕ ਹੱਲਾਂ ਵਲ ਮੋੜਿਆ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਪਿੰਡ ਨਿਵਾਸੀਆਂ ਅਤੇ ਕਿਸਾਨਾਂ ਨਾਲ ਗੱਲ ਬਾਤ ਕਰਦਿਆ ਕਿਹਾ ਵਾਤਾਵਰਣ ਨੂੰ ਪਲੀਤ ਕਰਨਾ ਉਸੇ ਤਰ੍ਹਾਂ ਹੈ ਜਿਵੇਂ ਅਸੀਂ ਭਵਿੱਖ ਤੋਂ ਕਰਜ਼ਾ ਲੈ ਕੇ ਅੱਜ ਜੀਅ ਰਹੇ ਹਾਂ ਪਰ ਇਸ ਦੇ ਮਾੜੇ ਪ੍ਰਭਾਵਾਂ ਦਾ ਨਤੀਜਾ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਭੁਗਤਣਾ ਪਵੇਗਾ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਨੂੰ ਲੱਗਦਾ ਹੈ ਕਿ ਮਾਚਸ ਦੀ ਇੱਕ ਤੀਲੀ ਨਾਲ ਖੇਤ ਵਿਚੋਂ ਪਰਾਲੀ ਖਤਮ ਹੋ ਜਾਂਦੀ ਹੈ ਤੇ ਕੋਈ ਖਰਚਾ ਨਹੀਂ ਆਉਦਾ ਪਰ ਉਹ ਗਲਤ ਹਨ, ਇਸ ਨਾਲ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਲੱਗਣ ਵਾਲੀਆਂ ਬਿਮਾਰੀਆਂ ’ਤੇ ਪਰਾਲੀ ਪ੍ਰਬੰਧਨ ਨਾਲੋਂ ਕਈ ਗੁਣਾ ਜ਼ਿਆਦਾ ਖਰਚ ਦਵਾਈਆਂ ’ਤੇ ਆਉਦਾ ਹੈ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਜਿਥੇ ਵੀ ਅੱਗ ਲੱਗਦੀ ਹੈ ਤਾਂ ਉਸ ਦੀ ਰਿਪੋਰਟ ਸੈਟੇਲਾਈਟ ਰਾਹੀਂ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਤੱਕ ਪੁੱਜ ਜਾਂਦੀ ਹੈ, ਇਸ ਲਈ ਜੇਕਰ ਕਿਸੇ ਨੂੰ ਲੱਗਦਾ ਹੈ ਕਿ ਉਸ ਵੱਲੋਂ ਲਗਾਈ ਗਈ ਅੱਗ ਦਾ ਕਿਸੇ ਨੂੰ ਨਹੀਂ ਪਤਾ ਲੱਗੇਗਾ ਤਾਂ ਉਹ ਗਲਤ ਹੈ ਕਿਉਂਕਿ ਸੈਟੇਲਾਈਟ ਦੀ ਤਿੱਖੀ ਨਜ਼ਰ ਅੱਗ ਲੱਗਣ ਦੀਆਂ ਘਟਨਾਵਾਂ ’ਤੇ ਰਹਿੰਦੀ ਹੈ । ਉਨ੍ਹਾਂ ਕਿਸਾਨਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਪਰਾਲੀ ਪ੍ਰਬੰਧਨ ਲਈ ਉਪਲਬੱਧ ਮਸ਼ੀਨਰੀ ਦੀ ਵਰਤੋਂ ਕਰਕੇ ਕਿਸਾਨ ਇਸ ਦਾ ਸਹੀ ਤਰ੍ਹਾਂ ਨਿਪਟਾਰਾ ਕਰਨ ਨੂੰ ਤਰਜੀਹ ਦੇਣ । ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਰਾਲੀ ਸਾੜਨ ਦੇ ਮੁੱਦੇ ਨੂੰ ਹੱਲ ਕਰਨ ਲਈ ਵਿਆਪਕ ਰਣਨੀਤੀ ਅਪਣਾਈ ਜਾ ਰਹੀ ਹੈ ਤਾਂ ਜੋ ਪਰਾਲੀ ਸਾੜਨ ਦੀ ਘਟਨਾਵਾਂ ਨੂੰ ਜ਼ੀਰੋ ਕੀਤਾ ਜਾ ਸਕੇ । ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ ਦੇ ਸਹਿਯੋਗ ਨਾਲ ਜ਼ਿਲ੍ਹੇ ਵਿੱਚ ਇਨ-ਸੀਟੂ ਅਤੇ ਐਕਸ-ਸੀਟੂ ਪ੍ਰਬੰਧਨ ਦੁਆਰਾ ਫਸਲਾਂ ਦੀ ਰਹਿੰਦ-ਖੂੰਹਦ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕਰਨ ਦੇ ਨਾਲ-ਨਾਲ ਪਿੰਡਾਂ ਵਿੱਚ ਇੱਕ ਵਿਆਪਕ ਜਾਗਰੂਕਤਾ ਮੁਹਿੰਮ ਚਲਾਈ ਗਈ ਹੈ ਤਾਂ ਜੋ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਸਕੇ ।

ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਬੇਲਰ, ਰੇਕ, ਸੁਪਰ ਸੀਡਰ, ਸਮਾਰਟ ਸੀਡਰ, ਸਰਫੇਸ ਸੀਡਰ, ਜ਼ੀਰੋ ਡਰਿੱਲ, ਆਰ.ਐਮ.ਬੀ ਹਲ, ਮਲਚਰ, ਸਟਰਾਅ ਹੈਲੀਕਾਪਟਰ, ਸੁਪਰ ਐਸ.ਐਮ.ਐਸ, ਫਸਲ ਰੀਪਰ, ਰੋਟਰੀ ਸਲੈਸ਼ਰ ਅਤੇ ਟਰੈਕਟਰਾਂ ਆਦਿ ਵਰਗੀਆਂ 1561 ਮਸ਼ੀਨਾਂ ਮੁਹੱਈਆ ਕਰਵਾਈਆਂ ਗਈਆਂ ਹਨ। ਪਰਾਲੀ ਪ੍ਰਬੰਧਨ ਲਈ ਮੌਜੂਦ ਮਸ਼ੀਨਰੀ ਦਾ ਕਿਸਾਨ ਲਾਭ ਉਠਾਉਣ । ਉਨ੍ਹਾਂ ਕਿਹਾ ਕਿ ਜ਼ਿਲ੍ਹੇ ਚ ਖੇਤੀ ਮਸ਼ੀਨਰੀ ਦੀ ਕੋਈ ਕਮੀ ਨਹੀਂ ਹੈ । ਵਧੇਰੇ ਜਾਣਕਾਰੀ ਅਤੇ ਤਕਨੀਕੀ ਸਹਾਇਤਾ ਲਈ ਕਿਸਾਨ ਖੇਤੀ ਵਿਭਾਗ ਨਾਲ ਸੰਪਰਕ ਕਰਨ।

ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਆਪਣੇ ਜੀਵਨ, ਵਾਤਾਵਰਣ ਤੇ ਧਰਤੀ ਨੂੰ ਸੰਭਾਲਣ ਲਈ ਪਰਾਲੀ ਨੂੰ ਬਿਨ੍ਹਾਂ ਅੱਗ ਲਗਾਏ ਸੰਭਾਲਣ ਜਾਂ ਜਮੀਨ ਵਿੱਚ ਹੀ ਵਾਹੁਣ ਲਈ ਆਪਣੀ ਸੋਚ ਬਦਲਣ ਅਤੇ ਤਕਨੀਕੀ ਸਹਾਰਾ ਲੈਣ ਦੀ ਅਪੀਲ ਕੀਤੀ । ਉਨ੍ਹਾਂ ਕਿਸਾਨਾਂ ਅਤੇ ਪਿੰਡ ਨਿਵਾਸੀਆਂ ਨੂੰ ਕਿਸੇ ਵੀ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਝੋਨੇ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਤੋਂ ਗੁਰੇਜ਼ ਕਰਨ ਲਈ ਵੀ ਕਿਹਾ ।

ਇਸ ਮੌਕੇ ਪਿੰਡ ਨਿਵਾਸੀਆਂ,ਕਿਸਾਨਾਂ, ਸਰਪੰਚਾਂ, ਕਿਸਾਨ ਯੂਨੀਅਨਾਂ, ਪ੍ਰਭਾਵਸ਼ਾਲੀ ਵਿਅਕਤੀਆਂ ਨੇ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਤੋਂ ਸਾਡੇ ਵਾਤਾਵਰਨ ਨੂੰ ਬਚਾਉਣ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਸਹਿਯੋਗ ਦੇਣ ਦਾ ਭਰੋਸਾ ਦਿੱਤਾ ।ਇਸ ਮੌਕੇ ਐਸ.ਪੀ.(ਐਚ) ਸ੍ਰੀਮਤੀ ਸਵਰਨਜੀਤ ਕੌਰ, ਮੁੱਖ ਖੇਤੀਬਾੜੀ ਅਫਸਰ, ਸੰਗਰੂਰ/ ਮਾਲੇਰਕੋਟਲਾ ਡਾ. ਹਰਬੰਸ ਸਿੰਘ,ਖੇਤੀਬਾੜੀ ਵਿਕਾਸ ਅਫਸਰ ਮਾਲੇਰਕੋਟਲਾ ਡਾ. ਕੁਲਦੀਪ ਕੌਰ, ਖੇਤੀਬਾੜੀ ਵਿਕਾਸ ਅਫਸਰ ਡਾ. ਸਵਦੀਪ ਕੁਮਾਰ ਤੋਂ ਇਲਾਵਾ ਕਿਸਾਨ ਆਗੂ ਸਤਵੀਰ ਸਿੰਘ ਸੀਰਾ ਵੀ ਮੌਜੂਦ ਸਨ ।

# 68ਵੀਆਂ ਰਾਜ ਪੱਧਰੀ ਅੰਤਰ ਜ਼ਿਲ੍ਹਾ ਸਕੂਲ ਖੇਡਾਂ ’ਚ ਸਰਕਲ ਕਬੱਡੀ ਲੜਕਿਆਂ ਦੇ ਮੁਕਾਬਲੇ ਅਮਿੱਟ ਛਾਪ ਛੱਡਦੇ ਹੋਏ ਸਮਾਪਤ

**ਰੂਪਨਗਰ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ ’ਰਾਜ ਪੱਧਰੀ ਅੰਤਰ ਜ਼ਿਲ੍ਹਾ ਸਕੂਲ ਖੇਡਾਂ’ ਸਰਕਲ ਕਬੱਡੀ ਅੰਡਰ-19 ਲੜਕਿਆਂ ਟੂਰਨਾਮੈਂਟ, ਜੋ ਕਿ ਸਕੂਲ ਆਫ ਐਮੀਨੈਂਸ ਰੂਪਨਗਰ ਵਿਖੇ 17 ਸਤੰਬਰ ਤੋਂ ਚੱਲ ਰਹੀਆਂ ਸਨ, ਅੱਜ ਅਮਿੱਟ ਛਾਪ ਛੱਡਦੇ ਹੋਏ ਸਮਾਪਤ ਹੋ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਜਲੰਧਰ ਪਹਿਲੇ, ਸੰਗਰੂਰ ਦੂਸਰੇ ਤੇ ਅੰਮ੍ਰਿਤਸਰ ਤੀਸਰੇ ਸਥਾਨ ਤੇ ਰਹੇ।

ਇਨ੍ਹਾਂ ਮੁਕਾਬਲਿਆਂ ਦੇ ਚੌਥੇ ਦਿਨ ਦੀ ਸ਼ੁਰੂਆਤ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਜਨਰਲ ਸਕੱਤਰ ਪ੍ਰਿੰਸੀਪਲ ਜਗਤਾਰ ਸਿੰਘ ਅਤੇ ਜ਼ਿਲ੍ਹਾ ਖੇਡ ਕੋਆਰਡੀਨੇਟਰ ਸ਼ਰਨਜੀਤ ਕੌਰ ਵੱਲੋਂ ਕਰਵਾਈ ਗਈ। ਉਨ੍ਹਾਂ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ ਅਤੇ ਕਿਹਾ ਕਿ ਵਿਦਿਆਰਥੀ ਜੀਵਨ ਵਿੱਚ ਵਿੱਦਿਆ ਦੇ ਨਾਲ ਨਾਲ ਖੇਡਾਂ ਦਾ ਆਪਣਾ ਮਹੱਤਵ ਹੈ।

ਚੌਥੇ ਦਿਨ ਸਰਕਲ ਕਬੱਡੀ ਅੰਡਰ 19 ਲੜਕਿਆਂ ਦੇ ਹੋਏ ਮੁਕਾਬਲਿਆਂ ਦੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਮਨਜਿੰਦਰ ਸਿੰਘ ਚੱਕਲ ਨੇ ਦੱਸਿਆ ਕਿ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਸਰਕਲ ਕਬੱਡੀ ਅੰਡਰ -19 ਲੜਕੀਆ ਦੇ ਵਿਚ ਸੰਗਰੂਰ ਦੀ ਟੀਮ ਨੇ ਬਰਨਾਲਾ ਦੀ ਟੀਮ ਨੂੰ 30-20 ਦੇ ਨਾਲ ਹਰਾਇਆ। ਮੋਗੇ ਦੀ ਟੀਮ ਨੇ ਸ਼ਹੀਦ ਭਗਤ ਸਿੰਘ ਨਗਰ ਦੀ ਟੀਮ ਨੂੰ 33-13 ਨਾਲ ਹਰਾਇਆ। ਬਠਿੰਡੇ ਦੀ ਟੀਮ ਨੇ ਹੁਸ਼ਿਆਰਪੁਰ ਦੀ ਦੀ ਟੀਮ ਨੂੰ 27-23 ਨਾਲ ਹਰਾਇਆ । ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੀ ਟੀਮ ਨੇ ਫਰੀਦਕੋਟ ਦੀ ਟੀਮ ਨੂੰ 29-15 ਨਾਲ ਹਰਾਇਆ। ਤਰਨਤਾਰਨ ਦੀ ਟੀਮ ਨੇ ਮਲੇਰਕੋਟਲਾ ਦੀ ਟੀਮ ਨੂੰ 28-14 ਨਾਲ ਹਰਾਇਆ। ਅੰਮ੍ਰਿਤਸਰ ਦੀ ਟੀਮ ਨੇ ਗੁਰਦਾਸਪੁਰ ਦੀ ਟੀਮ ਨੂੰ 30-17 ਨਾਲ ਹਰਾਇਆ। ਸ੍ਰੀ ਮੁਕਤਸਰ ਸਾਹਿਬ ਦੀ ਟੀਮ ਨੇ ਫਤਿਹਗੜ੍ਹ ਸਾਹਿਬ ਦੀ ਟੀਮ ਨੂੰ 27-13 ਨਾਲ ਹਰਾਇਆ। ਲੁਧਿਆਣਾ ਦੀ ਟੀਮ ਨੇ ਰੂਪਨਗਰ ਦੀ ਟੀਮ ਨੂੰ 29-18 ਨਾਲ ਹਰਾਇਆ। ਸੰਗਰੂਰ ਦੀ ਟੀਮ ਨੇ ਫਾਜ਼ਿਲਕਾ ਦੀ ਟੀਮ ਨੂੰ 19-12 ਨਾਲ ਹਰਾਇਆ। ਫਿਰੋਜ਼ਪੁਰ ਦੀ ਟੀਮ ਨੇ ਕਪੂਰਥਲਾ ਦੀ ਟੀਮ ਨੂੰ 27-21 ਨਾਲ ਹਰਾਇਆ। ਮੋਗਾ ਦੀ ਟੀਮ ਨੇ ਪਟਿਆਲੇ ਦੀ ਟੀਮ ਨੂੰ 30-18 ਨਾਲ ਹਰਾਇਆ। ਬਠਿੰਡਾ ਦੀ ਟੀਮ ਨੇ ਮਲੇਰਕੋਟਲਾ ਦੀ ਟੀਮ ਨੂੰ 39-12 ਨਾਲ ਹਰਾਇਆ। ਅੰਮ੍ਰਿਤਸਰ ਦੀ ਟੀਮ ਨੇ ਲੁਧਿਆਣਾ ਦੀ ਟੀਮ ਨੂੰ 24-22 ਨਾਲ ਹਰਾਇਆ। ਫਰੀਦਕੋਟ ਦੀ ਟੀਮ ਨੇ ਫਤਿਹਗੜ੍ਹ ਸਾਹਿਬ ਦੀ ਟੀਮ ਨੂੰ 28-20 ਨਾਲ ਹਰਾਇਆ। ਮਾਨਸਾ ਦੀ ਟੀਮ ਨੇ ਕਪੂਰਥਲਾ ਦੀ ਟੀਮ ਨੂੰ 26-19 ਨਾਲ ਹਰਾਇਆ। ਬਰਨਾਲਾ ਦੀ ਟੀਮ ਨੇ ਫਾਜ਼ਿਲਕਾ ਦੀ ਟੀਮ ਨੂੰ 26-13 ਨਾਲ ਹਰਾਇਆ। ਪਟਿਆਲਾ ਦੀ ਟੀਮ ਨੇ ਨਵਾਂ ਸ਼ਹਿਰ ਦੀ ਟੀਮ ਨੂੰ 22-15 ਨਾਲ ਹਰਾਇਆ। ਹੁਸ਼ਿਆਰਪੁਰ ਦੀ ਟੀਮ ਨੇ ਮਲੇਰ ਕੋਟਲਾ ਦੀ ਟੀਮ ਨੂੰ 20-12 ਨਾਲ ਹਰਾਇਆ। ਅੰਮ੍ਰਿਤਸਰ ਦੀ ਟੀਮ ਨੇ ਰੂਪਨਗਰ ਦੀ ਟੀਮ ਨੂੰ 24-12 ਨਾਲ ਹਰਾਇਆ। ਮੋਹਾਲੀ ਦੀ ਟੀਮ ਨੇ ਫਤਿਹਗੜ੍ਹ ਸਾਹਿਬ ਦੀ ਟੀਮ ਨੂੰ 24-18 ਨਾਲ ਹਰਾਇਆ। ਜਲੰਧਰ ਦੀ ਟੀਮ ਨੇ ਮਾਨਸਾ ਦੀ ਟੀਮ ਨੂੰ 30-23 ਨਾਲ ਹਰਾਇਆ। ਹੁਸ਼ਿਆਰਪੁਰ ਦੀ ਟੀਮ ਨੇ ਤਰਨ ਤਾਰਨ ਦੀ ਟੀਮ ਨੂੰ 24-21 ਨਾਲ ਹਰਾਇਆ। ਗੁਰਦਾਸਪੁਰ ਦੀ ਟੀਮ ਨੇ ਰੂਪਨਗਰ ਦੀ ਟੀਮ ਨੂੰ 27-18 ਨਾਲ ਹਰਾਇਆ। ਮੁਕਤਸਰ ਸਾਹਿਬ ਦੀ ਟੀਮ ਨੇ ਮੋਹਾਲੀ ਦੀ ਟੀਮ ਨੂੰ 27-14 ਨਾਲ ਹਰਾਇਆ। ਜਲੰਧਰ ਦੀ ਟੀਮ ਨੇ ਫਿਰੋਜ਼ਪੁਰ ਦੀ ਟੀਮ ਨੂੰ 34-17 ਨਾਲ ਹਰਾਇਆ। ਬਠਿੰਡਾ ਦੀ ਟੀਮ ਨੇ ਤਰਨ ਤਾਰਨ ਦੀ ਟੀਮ ਨੂੰ 29-16 ਨੂੰ ਹਰਾਇਆ। ਲੁਧਿਆਣਾ ਦੀ ਟੀਮ ਨੇ ਗੁਰਦਾਸਪੁਰ ਦੀ ਟੀਮ ਨੂੰ 27-16 ਨਾਲ ਹਰਾਇਆ। ਮਾਨਸਾ ਦੀ ਟੀਮ ਨੇ ਫਿਰੋਜ਼ਪੁਰ ਦੀ ਟੀਮ ਨੂੰ 25-11 ਨਾਲ ਹਰਾਇਆ।



ਕੁਆਰਟਰ ਫਾਈਨਲ ਵਿੱਚ ਸ੍ਰੀ ਮੁਕਤਸਰ ਸਾਹਿਬ ਨੇ ਹੁਸ਼ਿਆਰਪੁਰ ਨੂੰ 34-15 ਨਾਲ ਹਰਾਇਆ। ਜਲੰਧਰ ਨੇ ਬਰਨਾਲਾ ਨੂੰ 29-21 ਨਾਲ ਹਰਾਇਆ। ਲੁਧਿਆਣਾ ਨੇ ਮੋਹਾਲੀ ਨੂੰ 27-14 ਨਾਲ ਹਰਾਇਆ। ਮਾਨਸਾ ਨੇ ਪਟਿਆਲਾ ਨੂੰ 30-13 ਨਾਲ ਹਰਾਇਆ।

ਕੁਆਟਰ ਫਾਈਨਲ ਵਿੱਚ ਮੋਗਾ ਦੀ ਟੀਮ ਨੇ ਲੁਧਿਆਣਾ ਦੀ ਟੀਮ ਨੂੰ 22-20 ਨਾਲ ਹਰਾਇਆ। ਅੰਮ੍ਰਿਤਸਰ ਦੀ ਟੀਮ ਨੇ ਮਾਨਸਾ ਦੀ ਟੀਮ ਨੂੰ 28-21 ਨਾਲ ਹਰਾਇਆ। ਸੰਗਰੂਰ ਦੀ ਟੀਮ ਨੇ ਮੁਕਤਸਰ ਸਾਹਿਬ ਨੂੰ 27-26 ਨਾਲ ਹਰਾਇਆ। ਜਲੰਧਰ ਦੀ ਟੀਮ ਨੇ ਬਠਿੰਡਾ ਦੀ ਟੀਮ ਨੂੰ 33-21 ਨਾਲ ਹਰਾਇਆ। ਸੈਮੀ ਫਾਈਨਲ ਦੇ ਮੁਕਾਬਲੇ ਵਿੱਚ ਜਲੰਧਰ ਦੀ ਟੀਮ ਨੇ ਮੋਗਾ ਦੀ ਟੀਮ ਨੂੰ 35-9 ਨਾਲ ਹਰਾਇਆ, ਜਦਕਿ ਸੰਗਰੂਰ ਦੀ ਟੀਮ ਨੇ ਅੰਮ੍ਰਿਤਸਰ ਦੀ ਟੀਮ ਨੂੰ 46-27 ਨਾਲ ਹਰਾਇਆ।

ਫਾਈਨਲ ਦੇ ਮੁਕਾਬਲੇ ਵਿੱਚ ਸੰਗਰੂਰ ਦੀ ਟੀਮ ਨੂੰ 34-24 ਨਾਲ ਹਰਾ ਕੇ ਪਹਿਲਾ ਸਥਾਨ ਹਾਸਿਲ ਕੀਤਾ ਅਤੇ ਸੰਗਰੂਰ ਦੂਸਰੇ ਸਥਾਨ ਤੇ ਰਿਹਾ। ਤੀਸਰੇ ਸਥਾਨ ਲਈ ਅੰਮ੍ਰਿਤਸਰ ਦੀ ਟੀਮ ਨੇ ਮੋਗਾ ਦੀ ਟੀਮ ਨੂੰ 25-23 ਨਾਲ ਹਰਾ ਕੇ ਤੀਸਰਾ ਸਥਾਨ ਹਾਸਿਲ ਕੀਤਾ। ਇਸ ਪ੍ਰਕਾਰ ਪਹਿਲਾ ਸਥਾਨ ਜਲੰਧਰ ਦੀ ਟੀਮ ਨੂੰ ਦੂਸਰਾ ਸਥਾਨ ਸੰਗਰੂਰ ਦੀ ਟੀਮ ਨੂੰ ਅਤੇ ਤੀਸਰਾ ਸਥਾਨ ਅੰਮ੍ਰਿਤਸਰ ਦੀ ਟੀਮ ਨੂੰ ਪ੍ਰਾਪਤ ਹੋਇਆ। ਇਨ੍ਹਾਂ ਜੇਤੂ ਟੀਮਾਂ ਨੂੰ ਜ਼ਿਲ੍ਹਾ ਸਿੱਖਿਆ ਅਫਸਰ ਸੰਜੀਵ ਕੁਮਾਰ ਗੌਤਮ ਨੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਸੁਰਿੰਦਰਪਾਲ ਸਿੰਘ, ਮੇਜ਼ਬਾਨ ਸਕੂਲ ਦੇ ਪ੍ਰਿੰਸੀਪਲ ਜਸਵਿੰਦਰ ਕੌਰ, ਪ੍ਰਿੰਸੀਪਲ ਪੂਜਾ ਗੋਇਲ, ਪ੍ਰਿੰਸੀਪਲ ਰਜਿੰਦਰ ਸਿੰਘ, ਪ੍ਰਿੰਸੀਪਲ ਸਤਵਿੰਦਰ ਕੌਰ, ਪ੍ਰਿੰਸੀਪਲ ਅਨੀਤਾ ਸ਼ਰਮਾ ਹਾਜ਼ਰ ਸਨ।

# ਥੱਪਲ ਬਰੋਟੂ ਵਿਖੇ ਖੁਲਿਆ ਓਜਲ ਬਿਊਟੀ ਸਲੂਨ



**ਸ੍ਰੀ ਅਨੰਦਪੁਰ ਸਾਹਿਬ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਦਸਮੇਸ਼ ਅਕੈਡਮੀ ਸ਼ੜਕ ਤੇ ਸਥਿੱਤ ਪਿੰਡ ਥੱਪਲ ਬਰੋਟੂ ਵਿਖੇ ਸਪਨਾ ਪਤਨੀ ਵਿਨੋਦ ਕੁਮਾਰ ਨੇ ਓਜਲ ਬਿਊਟੀ ਸਲੂਨ ਖੋਲਿਆ। ਜਿਸ ਦਾ ਉਦਘਾਟਨ ਮੇਜਰ ਜਨਰਲ ਜੇ ਐਸ ਘੁੰਮਣ ਸੇਵਾਮੁਕਤ ਦੀ ਧਰਮ ਪਤਨੀ ਨਰਿੰਦਰ ਕੌਰ ਘੁੰਮਣ ਨੇ ਕੀਤਾ।

ਇਸ ਮੌਕੇ ਸਪਨਾ ਨੇ ਦੱਸਿਆ ਕਿ ਇਸ ਇਲਾਕੇ ਵਿੱਚ ਸਲੂਨ ਦੀ ਘਾਟ ਸੀ ਅਤੇ ਥੱਪਲ ਅਤੇ ਇਸ ਦੇ ਆਸ ਪਾਸ ਦੇ ਪਿੰਡਾਂ ਦੀਆਂ ਔਰਤਾਂ ਨੂੰ ਬਿਊਟੀਸ਼ੀਅਨ ਸੇਵਾਵਾਂ ਲਈ 4—5 ਕਿਲੋਮੀਟਰ ਦੂਰ ਅਨੰਦਪੁਰ ਸਾਹਿਬ ਵਿਖੇ ਜਾਣਾ ਪੈਂਦਾ ਸੀ।ਓਜਲ ਬਿਊਟੀ ਸਲੂਨ ਖੁੱਲਣ ਨਾਲ ਜਿਥੇ ਲੋਕਾਂ ਦੀ ਸਮੇਂ ਦੀ ਬੱਚਤ ਹੋਵੇਗੀ ਅਤੇ ਬਜ਼ਾਰ ਨਾਲੋਂ ਸਸਤੇ ਰੇਟਾਂ ਤੇ ਹੇਅਰ, ਸਕਿੰਨ ਕੇਅਰ, ਫੇਸੀਅਲ, ਬਲੀਚ, ਪੇਡੀਕੇਅਰ, ਮੇਨੀਕੇਅਰ, ਬਰਾਈਡਲ ਮੇਕਅੱਪ ਆਦਿ ਦੀ ਸਹੂਲਤ ਵੀ ਹੋਵੇਗੀ। ਇਸ ਮੌਕੇ ਘੁੰਮਣ ਨੇ ਸਪਨਾ ਅਤੇ ਵਿਨੋਦ ਕੁਮਾਰ ਓਜਲ ਬਿਊਟੀ ਸਲੂਨ ਖੋਲਣ ਤੇ ਵਧਾਈ ਦਿੱਤੀ। ਇਸ ਮੌਕੇ ਤੇ ਮੇਜਰ ਜਨਰਲ ਜੇ ਐਸ ਘੁੰਮਣ, ਨਰਿੰਦਰ ਕੌਰ ਘੁੰਮਣ ਤੋਂ ਇਲਾਵਾ ਸਰਵਪ੍ਰੀਤ, ਕੁਲਵਿੰਦਰਜੀਤ ਕੌਰ, ਨਵਦੀਪ, ਆਰਤੀ ਸ਼ਰਮਾ, ਨਵਨੀਤ, ਪੂਨਮ,ਜਸਵਿੰਦਰ ਕੌਰ, ਰਣਜੀਤ ਕੌਰ, ਅੰਜਨਾ, ਮਨਪ੍ਰੀਤ ਕੌਰ, ਕਮਲਪ੍ਰੀਤ ਕੌਰ, ਪੂਜਾ, ਬਿੰਦੂ, ਸੁਰੂਚੀ, ਪਾਰੁਲ, ਮੰਜੂ ਬਾਲਾ, ਦਵਿੰਦਰ ਕੌਰ,ਰਜਿੰਦਰ ਕੌਰ,ਹਰਦੀਪ ਕੌਰ, ਰਸ਼ਮੀ, ਸੰਗੀਤਾ,ਦਲਜੀਤ ਕੋਰ ਆਦਿ ਹਾਜ਼ਰ ਸਨ।

# ਟੋਇਟਾ ਕਿਰਲੋਸਕਰ ਮੋਟਰ ਨੇ 2024 ’ਤੇ ਆਪਣੀ ਵਿਸ਼ੇਸ਼ ਵਰਤੋਂ ਵਾਲੇ ਹਿਲਕਸ ਦਾ ਪ੍ਰਦਰਸ਼ਨ ਕੀਤਾ



**ਜਲੰਧਰ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟੋਇਟਾ ਕਿਰਲੋਸਕਰ ਮੋਟਰ ਸਿੰਪੋਜ਼ੀਅਮ ਵਿੱਚ ਵਿਸ਼ੇਸ਼-ਉਦੇਸ਼ ਹਿਲਕਸ ਦਾ ਪ੍ਰਦਰਸ਼ਨ ਕੀਤਾ। ਇਹ ਇੱਕ ਅਧਿਕਾਰਤ ਬਾਹਰੀ ਵਿਕਰੇਤਾ ਦੇ ਸਹਿਯੋਗ ਨਾਲ ਇੱਕ ਸੋਧਿਆ ਮਾਡਲ ਹੈ। 89$“538 2024 ਦਾ ਆਯੋਜਨ ਭਾਰਤੀ ਫੌਜ ਦੁਆਰਾ 69339 (ਫੈਡਰੇਸ਼ਨ ਆਫ ਇੰਡੀਅਨ ਚੈਂਬਰਸ ਆਫ ਕਾਮਰਸ ਐਂਡ ਇੰਡਸਟਰੀ) ਦੇ ਸਹਿਯੋਗ ਨਾਲ ਕੀਤਾ ਗਿਆ ਹੈ। ÷ਰੱਖਿਆ ਸਵੈ-ਨਿਰਭਰਤਾ÷ ਦੇ ਰਾਸ਼ਟਰੀ ਟੀਚੇ ਵੱਲ ਵਧਦੇ ਹੋਏ ਅਤੇ ਰੱਖਿਆ ਬਲਾਂ ਨੂੰ ਉਪਲਬਧ ਸਭ ਤੋਂ ਵਧੀਆ ਉਪਕਰਨਾਂ ਅਤੇ ਹੱਲਾਂ ਤੱਕ ਪਹੁੰਚ ਪ੍ਰਦਾਨ ਕਰਨ ਲਈ, ਇਹਨਾਂ ਦੋਵਾਂ ਸੰਸਥਾਵਾਂ (ਭਾਰਤੀ ਫੌਜ ਅਤੇ ਫਿੱਕੀ) ਨੇ ਉੱਚ ਉਚਾਈ ਵਾਲੇ ਖੇਤਰਾਂ ਲਈ ਫੌਜੀ ਤਕਨਾਲੋਜੀ ਦੀ ਵਰਤੋਂ ’ਤੇ ਜ਼ੋਰ ਦਿੱਤਾ ਹੈ ( HAA) "Himtech 2024 ਲਈ ਸਹਿਯੋਗ ਦੇਣਾ। 20 ਅਤੇ 21 ਸਤੰਬਰ 2024 ਨੂੰ ਰਿਚੇਨ ਆਡੀਟੋਰੀਅਮ ਗਰਾਊਂਡ, ਲੇਹ, ਲੱਦਾਖ ਵਿਖੇ ਆਯੋਜਿਤ ਇਸ ਸਮਾਗਮ ਵਿੱਚ ਆਰਮੀ ਕਮਾਂਡ, ਏਅਰ ਫੋਰਸ, ਆਈਟੀਬੀਪੀ (ਇੰਡੋ-ਤਿੱਬਤੀ ਬਾਰਡਰ ਪੁਲਿਸ), ਰੱਖਿਆ ਉਪਭੋਗਤਾਵਾਂ ਅਤੇ ਟੀਕੇਐਮ ਦੇ ਨੁਮਾਇੰਦਿਆਂ ਸਮੇਤ ਹੋਰ ਪ੍ਰਮੁੱਖ ਹਸਤੀਆਂ ਨੇ ਸ਼ਿਰਕਤ ਕੀਤੀ। .

ਆਪਣੇ ਵਿਚਾਰ ਸਾਂਝੇ ਕਰਦੇ ਹੋਏ, ਸ਼੍ਰੀ ਵੀ. ਵਿਜ਼ਲਿਨ ਸਿਗਾਮਨੀ, ਵਾਈਸ ਪ੍ਰੈਜ਼ੀਡੈਂਟ - ਸਟ੍ਰੈਟਜਿਕ ਬਿਜ਼ਨਸ ਯੂਨਿਟ (ਉੱਤਰੀ) ਟੋਇਟਾ ਕਿਰਲੋਸਕਰ ਮੋਟਰ ਨੇ ਕਿਹਾ, ਅਸੀਂ ਹਿਮਟੇਕ 2024 ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਹਾਂ ਅਤੇ ਉਦੇਸ਼-ਬਣਾਇਆ ਹਿਲਕਸ (ਇੱਕ ਅਧਿਕਾਰਤ ਦੇ ਸਹਿਯੋਗ ਨਾਲ) ਬਾਹਰੀ ਵਿਕਰੇਤਾ) ਤੋਂ ਸੰਸ਼ੋਧਿਤ ) ਦੀਆਂ ਵਿਲੱਖਣ ਵਿਸ਼ੇਸ਼ਤਾਵਾਂ ਨੂੰ ਪ੍ਰਦਰਸ਼ਿਤ ਕਰਨ ਲਈ ਸਨਮਾਨਿਤ ਕੀਤਾ ਗਿਆ ਹੈ। ਸ਼ਕਤੀਸ਼ਾਲੀ ਪ੍ਰਦਰਸ਼ਨ ਲਈ ਹਿਲਕਸ ਦੀ ਵਿਸ਼ਵਵਿਆਪੀ ਪ੍ਰਤਿਸ਼ਠਾ ਇਸ ਦੇ ਰਗਡ ਇਨੋਵੇਟਿਵ ਮਲਟੀ-ਪਰਪਜ਼ ਵਹੀਕਲ (9$౦) ਪਲੇਟਫਾਰਮ ਅਤੇ ਇੱਕ ਮਜ਼ਬੂਤ ਪਾਵਰਟ੍ਰੇਨ ਸਿਸਟਮ ਦੇ ਕਾਰਨ ਹੈ। ਇਹ ਸੰਸ਼ੋਧਿਤ ਵਾਹਨ ਵਿਲੱਖਣ ਗਾਹਕ ਲੋੜਾਂ (ਜਿਵੇਂ ਕਿ ਫੌਜੀ ਉਦੇਸ਼ਾਂ) ਅਤੇ ਵੱਖ-ਵੱਖ ਵਪਾਰਕ ਵਰਤੋਂ ਲਈ ਵਧੀਆ ਵਿਹਾਰਕਤਾ ਨੂੰ ਪੂਰਾ ਕਰਨ ਲਈ ਅਨੁਕੂਲਿਤ ਹੱਲ ਵਿਕਸਿਤ ਕਰਨ ਵਿੱਚ ਟੋਇਟਾ ਦੀਆਂ ਤਕਨੀਕੀ ਸਮਰੱਥਾਵਾਂ ਨੂੰ ਦਰਸਾਉਂਦੇ ਹਨ। ਇਸ ਤੋਂ ਇਲਾਵਾ, ਇਨ੍ਹਾਂ ਵਾਹਨਾਂ ਨੂੰ ਫੌਜ ਦੇ ਜਵਾਨਾਂ ਦੀਆਂ ਸੰਚਾਲਨ ਚੁਣੌਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਤਿਆਰ ਕੀਤਾ ਗਿਆ ਹੈ। ਇਨ੍ਹਾਂ ਵਿੱਚ ਮੁਸ਼ਕਲ ਖੇਤਰ ਵਿੱਚ ਚਾਲ-ਚਲਣ, ਗਸ਼ਤ ਲਈ ਗਤੀਸ਼ੀਲਤਾ, ਰਾਤ ਨੂੰ ਵਿਜ਼ਨ ਦੀ ਸਹੂਲਤ ਨਾਲ ਨਿਗਰਾਨੀ, ਰਿਕਾਰਡਿੰਗ ਲਈ ਡਿਜੀਟਲ ਵੀਡੀਓ ਅਤੇ ਸੰਕਟਕਾਲੀਨ ਬਚਾਅ ਕਾਰਜਾਂ ਲਈ ਵਿੰਚ ਸ਼ਾਮਲ ਹਨ।

# ਸ਼੍ਰੀ ਮਦ ਭਾਗਵਤ ਕਥਾ ਦੇ ਤੀਜੇ ਦਿਨ ਹਰਿਨੇਕਸ਼ਪ ਦਾ ਵੱਧ ਕਰਕੇ ਨਰਸਿੰਘ ਭਗਵਾਨ ਨੇ ਧਰੁਵ ਦੀ ਰੱਖਿਆ ਕੀਤੀ

**ਬਠਿੰਡਾ 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਥਾ ਦੌਰਾਨ ਵਿਆਸ ਗੱਦੀ ਦੇ ਪ੍ਰਵਕਤਾ ਡਾਕਟਰ ਸੂਰਿਆ ਕਾਂਤ ਸ਼ਾਸ਼ਤਰੀ ਜੀ ਮਹਾਂਰਾਜ ਨੇ ਅਜਾਮਿਲ ਦੀ ਕਥਾ ਸੁਣਾਈ ਅਟੇ ਧਰੁਵ ਦੀ ਰਕਸ਼ਾ ਕਰਨ ਵਾਸਤੇ ਭਗਵਾਨ ਨੇ ਨਰਸਿੰਘ ਦਾ ਅਵਤਾਰ ਧਾਰਨ ਕਰਕੇ ਧਰੁਵ ਦੀ ਰਖਸ਼ਾ ਕਰਨ ਵਾਸਤੇ ਹਰੀਨੇਕਸ਼ਪ ਦਾ ਵੱਧ ਕਰਕੇ ਇਹ ਸਾਬਿਤ ਕਰ ਦਿੱਤਾ ਕਿ ਭਗਵਾਨ ਅਪਣੇ ਭਗਤਾਂ ਦੀ ਹਰ ਹਾਲਾਤ ਵਿੱਚ ਰਾਖਸ਼ਾ ਕਰਦਾ ਹੈ ਫਿਰ ਚਾਹੇ ਭਗਵਾਨ ਨੂੰ ਕੋਈ ਵੀ ਰੂਪ ਧਾਰਨ ਕਰਨਾ ਪਵੇ, ਅੱਜ ਦੀ ਜੋਤੀ ਪ੍ਰਚੰਡ ਕਰਨ ਦੀ ਰਸਮ ਸ਼੍ਰੀਮਤੀ ਬਿਮਲਾ ਦੇਵੀ ਮਾਤਾ ਗਗਨ ਸ਼ਰਮਾਂ ਜੀ, ਨਿਰਮਲਾ ਦੇਵੀ ਪਤਨੀ ਸ਼੍ਰੀ ਸਤੀਸ਼ ਕੁਮਾਰ ਮੋਗਾ, ਸ੍ਰੀਮਤੀ ਸੁਨਾਲੀ ਮਿਤੂ ਪਤਨੀ ਪ੍ਰਿੰਸ ਮਿੱਤੂ ਅਤੇ ਅੰਗੂਰੀ ਦੇਵੀ ਪਤਨੀ ਪਵਨ ਕੁਮਾਰ ਵੱਲੋ ਕੀਤੀ ਗਈ ਅੱਜ ਦੀ ਆਰਤੀ ਦੀ ਰਸਮ ਮੁੱਖ ਜਜਮਾਨ ਸੁਰੇਸ਼ ਕੁਮਾਰ ਠੇਕੇਦਾਰ, ਅਤੇ ਅੱਜ ਦੇ ਜਜਮਾਨ ਸੁਸ਼ੀਲ ਕੁਮਾਰ ਪੁੱਤਰ ਸ਼੍ਰੀ ਮਸਤ ਰਾਮ ਵੱਲੋ ਕੀਤੀ ਗਈ



ਇਸ ਮੌਕੇ ਹੋਰਨਾਂ ਤੋਂ ਇਲਾਵਾ ਰਜਨੀਸ਼ ਰਾਜੂ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ, ਮਲਕੀਤ ਰਾਏ ਜੀ, ਵਿਕਾਸ ਕੁਮਾਰ ਵਿੱਕੀ ਸੈਕਟਰੀ, ਪ੍ਰਿੰਸ ਰੋਮਾਣਾ ਪ੍ਰਧਾਨ ਸ਼੍ਰੀ ਪੰਚਾਇਤੀ ਗਊਸ਼ਾਲਾ , ਪੁੰਨੂੰ ਰੋਮਾਣਾ, ਰੇਸ਼ਮ ਮਿਤੂ, ਡਾਕਟਰ ਕੁਲਵਿੰਦਰ ਸਿੰਘ, ਭਵਨਿਸ਼ ਮੋਂਗਾ, ਲਾਜਪਤ ਰਾਏ ਗੋਇਲ, ਵਿਪਨ ਕੁਮਾਰ ਟੰਡਨ, ਊਸ਼ਾ ਰਾਣੀ, ਮੋਨੂੰ ਟੰਡਨ , ਗੋਪਾਲ ਕ੍ਰਿਸ਼ਨ, ਦੀਪਕ ਭਗਤ ਆਦਿ ਹਾਜ਼ਰ ਸਨ

# ਵਿਧਾਇਕ ਵੱਲੋਂ ਛੱਪੜ ਦੇ ਨਵੀਨੀਕਰਨ ਦਾ ਉਦਘਾਟਨ



**ਮਾਛੀਵਾੜਾ ਸਾਹਿਬ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਸਾਹਨੇਵਾਲ ਤੋਂ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਨੇ ਅੱਜ ਪਿੰਡ ਜੰਡਿਆਲੀ ਵਿੱਚ ਛੱਪੜ ਦੇ ਨਵੀਨੀਕਰਨ ਦਾ ਉਦਘਾਟਨ ਸਾਬਕਾ ਸਰਪੰਚ ਧਰਮਜੀਤ ਸਿੰਘ ਗਿੱਲ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕੀਤਾ।

ਇਸ ਮੌਕੇ ਵਿਧਾਇਕ ਨੇ ਕਿਹਾ ਕਿ ਪਹਿਲਾਂ ਇੱਥੇ ਲੋਕ ਕੂੜਾ ਸੁੱਟਦੇ ਸਨ ਅਤੇ ਕਈ ਥਾਈਂ ਨਾਜਾਇਜ਼ ਕਬਜ਼ੇ ਵੀ ਕੀਤੇ ਗਏ ਸਨ, ਪਰ ਛੱਪੜ ਦਾ ਪਾਣੀ ਹੁਣ ਬਿਲਕੁਲ ਸਾਫ਼ ਸੁਥਰਾ ਹੈ ਜਿਸ ਦੀ ਵਰਤੋਂ ਸਿੰਜਾਈ ਲਈ ਵੀ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਹਲਕਾ ਸਾਹਨੇਵਾਲ ਵਿੱਚ ਵਿਕਾਸ ਪ੍ਰਜੈਕਟ ਜੰਗੀ ਪੱਧਰ ’ਤੇ ਜਾਰੀ ਹਨ। ਇਸ ਮੌਕੇ ਉਨ੍ਹਾਂ ਪਿੰਡ ਵਿੱਚ ਕੀਤੇ ਗਏ ਹੋਰ ਵਿਕਾਸ ਕਾਰਜਾਂ ਦਾ ਵੀ ਜਾਇਜ਼ਾ ਲਿਆ। ਇਸ ਮੌਕੇ ਸਾਬਕਾ ਸਰਪੰਚ ਧਰਮਜੀਤ ਸਿੰਘ ਗਿੱਲ, ਰਛਪਾਲ ਸਿੰਘ ਪੀ.ਏ., ਮਾਸਟਰ ਸਾਧੂ ਸਿੰਘ, ਧਰਮਜੀਤ ਸਿੰਘ ਸੋਨੀ ਗਿੱਲ, ਬਾਬਾ, ਰੋਮਲ ਗਿੱਲ, ਨਵਕਰਨ ਸਿੰਘ ਗਿੱਲ, ਸਿਵਦੀਪ ਸਿੰਘ, ਇਕਬਾਲ ਸਿੰਘ ਬੱਬੂ ਬਾਬਾ, ਕੁਲਜੀਤ ਸਿੰਘ, ਕੁਲਵਿੰਦਰ ਸ਼ਾਰਧੇ, ਸੌਦਾਗਰ ਸਿੰਘ ਹੋਰ ਮੌਜੂਦ ਸਨ।

# ਗੁਲਜ਼ਾਰ ਗਰੁੱਪ ਵਿੱਚ ਸਮਾਰਟ ਇੰਡੀਆ ਹੈਕਾਥਨ



**ਖੰਨਾ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਗੁਲਜ਼ਾਰ ਗਰੁੱਪ ਆਫ਼ ਇੰਸਟੀਚਿਊਟਸ ਵੱਲੋਂ ਅੱਜ ਇਥੇ ਸਮਾਰਟ ਇੰਡੀਆ ਹੈਕਾਥਨ ਕਰਵਾਇਆ ਗਿਆ, ਜਿਸ ਤਹਿਤ ਵੱਖ ਵੱਖ ਵਿਭਾਗਾਂ ਵਿੱਚ ਕਰਵਾਏ ਗਏ ਮੁਕਾਬਲਿਆਂ ਵਿੱਚ 60 ਟੀਮਾਂ ਦੇ 360 ਵਿਦਿਆਰਥੀਆਂ ਨੇ ਬੇਮਿਸਾਲ ਤਕਨੀਕੀ ਹੁਨਰ ਅਤੇ ਨਵੀਨਤਾਕਾਰੀ ਭਾਵਨਾ ਦਾ ਪ੍ਰਦਰਸ਼ਨ ਕੀਤਾ।

ਇਸ ਮੌਕੇ ਖੇਤੀਬਾੜੀ ਤੇ ਪੇਂਡੂ ਵਿਕਾਸ, ਸਮਾਰਟ ਸੰਚਾਰ, ਸਾਫ਼ ਪਾਣੀ, ਸਮਾਰਟ ਵਾਹਨ, ਰੋਬੋਟਿਕਸ ਤੇ ਡਰੋਨ, ਫੂਡ ਪ੍ਰੋਸੈਸਿੰਗ, ਹੈਲਥ ਕੇਅਰ ਤੇ ਬਾਇਓ ਮੈਡੀਕਲ ਉਪਕਰਨ, ਰਹਿੰਦ-ਖੂੰਹਦ ਪ੍ਰਬੰਧਨ, ਨਵਿਆਉਣਯੋਗ ਊਰਜਾ, ਫੁੱਟਕਲ ਤੇ ਸੁਰੱਖਿਆ ਤੇ ਨਿਗਰਾਨੀ ਆਦਿ ਮੁੱਖ ਵਿਸ਼ੇ ਸ਼ਾਮਲ ਸਨ।

ਅੰਤ ਵਿੱਚ ਸਮੀਖਿਆ ਕਰਨ ਮਗਰੋਂ 30 ਟੀਮਾਂ ਨੂੰ ਐੱਸਆਈਐੱਚ ਪੋਰਟਲ ’ਤੇ ਆਪਣੀਆਂ ਬਿਹਤਰੀਨ ਪੇਸ਼ਕਾਰੀਆਂ ਅਪਲੋਡ ਕਰਨ ਲਈ ਚੁਣਿਆ ਗਿਆ। ਚੇਅਰਮੈਨ ਗੁਰਚਰਨ ਸਿੰਘ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਹੋਰ ਵਿਦਿਆਰਥੀਆਂ ਨੂੰ ਸਖਤ ਮਿਹਨਤ ਕਰਨ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਜਾਗਰੂਕ ਰੱਖਣ ਲਈ ਇਸ ਤਰ੍ਹਾਂ ਦੇ ਹੈਕਾਥਨ ਮੁਕਾਬਲੇ ਤਕਨੀਕੀ ਗਿਆਨ ਦੇ ਵਾਧੇ ਵਜੋਂ ਬਿਹਤਰੀਨ ਕਦਮ ਹੈ।

# ਪਤੀ ਪਤਨੀ ਨੇ ਨਹਿਰ ’ਚ ਛਾਲ ਮਾਰੀ

**ਲੁਧਿਆਣਾ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੁੱਗਰੀ ਨਹਿਰ ਦੇ ਪੁਲ ’ਤੇ ਅੱਜ ਦੁਪਹਿਰੇ ਇੱਕ ਵਿਅਕਤੀ ਨੇ ਨਹਿਰ ’ਚ ਛਾਲ ਮਾਰ ਦਿੱਤੀ, ਜਦੋਂਕਿ ਇੱਕ ਔਰਤ ਜੋ ਆਪਣੇ ਆਪ ਨੂੰ ਛਾਲ ਮਾਰਨ ਵਾਲੇ ਦੀ ਪਤਨੀ ਦੱਸ ਰਹੀ ਸੀ, ਉਹ ਵੀ ਨਹਿਰ ਵਿੱਚ ਛਾਲ ਮਾਰਨ ਲੱਗੀ। ਇਸ ਦੌਰਾਨ ਉੱਥੇ ਮੌਜੂਦ ਪੀਸੀਆਰ ਮੁਲਾਜ਼ਮਾਂ ਨੇ ਉਸ ਨੂੰ ਰੋਕ ਲਿਆ। ਪੁਲੀਸ ਵੱਲੋਂ ਔਰਤ ਅਤੇ ਉਸ ਦੇ ਨਾਲ ਆਏ ਵਿਅਕਤੀ ਨੂੰ ਈ-ਰਿਕਸ਼ਾ ਰਾਹੀਂ ਵਾਪਸ ਭੇਜ ਦਿੱਤਾ ਗਿਆ। ਕੁਝ ਦੂਰੀ ’ਤੇ ਥਾਣਾ ਮਾਡਲ ਟਾਊਨ ਦੀ ਪੁਲੀਸ ਨੇ ਜਵੱਦੀ ਪੁਲ ਨੇੜੇ ਗੋਤਾਖੋਰਾਂ ਦੀ ਮਦਦ ਨਾਲ ਛਾਲ ਮਾਰਨ ਵਾਲੇ ਦੀ ਲਾਸ਼ ਨੂੰ ਕੱਢਿਆ। ਪੁਲੀਸ ਵੱਲੋਂ ਔਰਤ ਅਤੇ ਉਸ ਨਾਲ ਆਏ ਵਿਅਕਤੀ ਦਾ ਪਤਾ ਲਗਾ ਰਹੀ ਹੈ।

ਦੁੱਗਰੀ ਨਹਿਰ ਦੇ ਪੁਲ ਕੋਲ ਦੁਕਾਨਦਾਰ ਕੰਵਲਪ੍ਰੀਤ ਸਿੰਘ ਨੇ ਦੱਸਿਆ ਕਿ ਇੱਕ ਵਿਅਕਤੀ ਨੇ ਨਹਿਰ ਵਿੱਚ ਛਾਲ ਮਾਰ ਦਿੱਤੀ, ਪਾਣੀ ਦਾ ਤੇਜ਼ ਵਹਾਅ ਹੋਣ ਕਾਰਨ ਉਹ ਡੁੱਬ ਗਿਆ। ਕੁੱਝ ਦੇਰ ਮਗਰੋਂ ਔਰਤ ਉੱਥੇ ਆਈ ਅਤੇ ਉਹ ਛਾਲ ਮਾਰਨ ਵਾਲੇ ਨੂੰ ਆਪਣਾ ਪਤੀ ਕਹਿ ਰਹੀ ਸੀ। ਮਗਰੋਂ ਉਸ ਔਰਤ ਨੇ ਨਹਿਰ ’ਚ ਛਾਲ ਮਾਰਨ ਦੀ ਕੋਸ਼ਿਸ਼ ਵੀ ਕੀਤੀ ਪਰ ਉਥੇ ਮੌਜੂਦ ਪੀਸੀਆਰ ਮੁਲਾਜ਼ਮਾਂ ਨੇ ਉਸ ਨੂੰ ਰੋਕ ਲਿਆ।

# ਅਨਾਜ ਘੁਟਾਲਾ: ਵਿਜੀਲੈਂਸ ਵੱਲੋਂ ਸਿੰਗਲਾ ਦਾ ਸਾਥੀ ਅਨੁਰਾਗ ਬੱਤਰਾ ਗ੍ਰਿਫ਼ਤਾਰ

**ਲੁਧਿਆਣਾ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਜੀਲੈਂਸ ਬਿਊਰੋ ਨੇ ਸੂਬੇ ਦੇ ਚਰਚਿਤ ਅਨਾਜ ਘੁਟਾਲੇ ਦੇ ਮਾਮਲੇ ਦੇ ਭਗੌੜੇ ਮੁਲਜ਼ਮ ਸਾਬਕਾ ਡਿਪਟੀ ਡਾਇਰੈਕਟਰ ਰਾਕੇਸ਼ ਸਿੰਗਲਾ ਦੇ ਸਾਥੀ ਬੱਤਰਾ ਫਾਰਮਾਸਿਊਟੀਕਲਜ਼ ਦੇ ਡਿਸਟਰੀਬਿਊਟਰ ਅਨੁਰਾਗ ਬੱਤਰਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ’ਤੇ ਸਿੰਗਲਾ ਦੇ ਕਾਲੇ ਧਨ ਨੂੰ ਚਿੱਟੇ ਵਿੱਚ ਤਬਦੀਲ ਕਰਨ ਦਾ ਦੋਸ਼ ਹੈ।

ਮੁਲਜ਼ਮ ਨੂੰ ਇੱਕ ਦਿਨ ਦੇ ਪੁਲੀਸ ਰਿਮਾਂਡ ’ਤੇ ਭੇਜ ਦਿੱਤਾ ਹੈ। ਵਿਜੀਲੈਂਸ ਦੇ ਐੱਸਐੱਸਪੀ ਰਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਸਾਬਕਾ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਅਤੇ ਹੋਰਾਂ ਖ਼ਿਲਾਫ਼ ਦਰਜ ਕੇਸ ਦੀ ਜਾਂਚ ਦੌਰਾਨ ਪਤਾ ਲੱਗਿਆ ਕਿ ਸਿੰਗਲਾ ਨੇ ਆਪਣੇ ਅਤੇ ਆਪਣੀ ਪਤਨੀ ਦੇ ਨਾਂ ’ਤੇ 12 ਜਾਇਦਾਦਾਂ ਖਰੀਦੀਆਂ ਸਨ। ਮਗਰੋਂ ਸਿੰਗਲਾ ਨੂੰ ਇਸ ਕੇਸ ਵਿੱਚ ਭਗੌੜਾ ਕਰਾਰ ਦੇ ਦਿੱਤਾ ਸੀ।

ਇਸ ਉਪਰੰਤ ਰਾਕੇਸ਼ ਕੁਮਾਰ ਸਿੰਗਲਾ ਅਤੇ ਉਸ ਦੀ ਪਤਨੀ ਰਚਨਾ ਸਿੰਗਲਾ ਵਿਰੁੱਧ ਕੇਸ ਦਰਜ ਕੀਤਾ ਗਿਆ ਸੀ। ਜਾਂਚ ’ਚ ਸਾਹਮਣੇ ਆਇਆ ਕਿ ਮੁਲਜ਼ਮ ਆਰਕੇ ਸਿੰਗਲਾ ਨੇ ਖੁਰਾਕ ਵਿਭਾਗ ’ਚ ਤਾਇਨਾਤੀ ਦੌਰਾਨ ਲਗਪਗ 5 ਕਰੋੜ ਰੁਪਏ ਦੀਆਂ 12 ਜਾਇਦਾਦਾਂ ਖਰੀਦੀਆਂ ਸਨ। ਇਹ ਵੀ ਸਾਹਮਣੇ ਆਇਆ ਹੈ ਕਿ ਅਨੁਰਾਗ ਬੱਤਰਾ ਵਾਸੀ ਐੱਸਸੀਓ 360, ਸੈਕਟਰ 32 ਡੀ, ਚੰਡੀਗੜ੍ਹ ਨੇ ਆਰਕੇ ਸਿੰਗਲਾ ਦੇ ਕਾਲੇ ਧਨ ਨੂੰ ਚਿੱਟੇ ਵਿੱਚ ਤਬਦੀਲ ਕਰਨ ਵਿੱਚ ਮਦਦ ਕੀਤੀ ਸੀ। ਬੁਲਾਰੇ ਨੇ ਦੱਸਿਆ ਕਿ ਮੁਲਜ਼ਮ ਬੱਤਰਾ ਨੇ ਜੁਰਮ ਕਬੂਲ ਲਿਆ ਹੈ ਅਤੇ ਖੁਲਾਸਾ ਕੀਤਾ ਕਿ ਉਸ ਦੇ ਦੋਸਤ ਨੇ ਉਸ ਨੂੰ ਆਰਕੇ ਸਿੰਗਲਾ ਦੇ ਕਾਲੇ ਧਨ ਨੂੰ ਚਿੱਟੇ ਵਿੱਚ ਤਬਦੀਲ ਕਰਨ ਲਈ ਕਿਹਾ ਸੀ।

# ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਕੁਮਾਰ ਵੱਲੋਂ ਆਪਣੇ ਦਫ਼ਤਰ ਵਿਖੇ ਸੁਣੀਆਂ ਗਈਆਂ ਲੋਕਾਂ ਦੀਆਂ ਮੁਸ਼ਕਿਲਾਂ



**ਤਰਨ ਤਾਰਨ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਸੰਦੀਪ ਕੁਮਾਰ ਵੱਲੋਂ ਅੱਜ ਆਪਣੇ ਦਫ਼ਤਰ ਵਿਖੇ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆਂ ਅਤੇ ਇਹਨਾਂ ਸਮੱਸਿਆਵਾਂ ਦੇ ਢੁਕਵੇਂ ਤੇ ਜਲਦ ਨਿਪਟਾਰੇ ਲਈ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਦੇਸ਼ ਜਾਰੀ ਕੀਤੇ ਗਏ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹਰ ਵੀਰਵਾਰ ਨੂੰ 9:30 ਵਜੇ ਤੋਂ ਲੈ ਕੇ 01:30 ਵਜੇ ਤੱਕ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਜਾ ਰਹੀਆਂ ਹਨ ਅਤੇ ਉਹਨਾਂ ਦਾ ਸਮਾਂ-ਬੱਧ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ।

ਸ੍ਰੀ ਸੰਦੀਪ ਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨ ਤਾਰਨ ਵਿਖੇ ਵੱਖ-ਵੱਖ ਵਿਭਾਗਾਂ ਨਾਲ ਸਬੰਧਿਤ ਕੰਮ ਕਰਵਾਉਣ ਲਈ ਆਉਣ ਵਾਲੇ ਲੋਕਾਂ ਦੀ ਸਹੂਲਤ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ੇਸ ਹੈੱਲਪ ਡੈਸਕ ਸਥਾਪਿਤ ਕੀਤਾ ਗਿਆ ਹੈ।

ਉਹਨਾਂ ਦੱਸਿਆ ਕਿ ਇਹ ਹੈੱਲਪ ਡੈਸਕ ਦਫ਼ਤਰ ਡਿਪਟੀ ਕਮਿਸ਼ਨਰ ਦੇ ਸਾਹਮਣੇ ਰਿਸ਼ੈਪਸਨ ਵਿਖੇ ਸਥਾਪਿਤ ਕੀਤਾ ਗਿਆ ਹੈ, ਜਿੱਥੇ ਦਫ਼ਤਰੀ ਸਮੇਂ ਦੌਰਾਨ ਕਰਮਚਾਰੀ ਉਪਲੱਬਧ ਹੋਵੇਗਾ ਅਤੇ ਸਰਕਾਰੀ ਕੰਮ ਕਰਵਾਉਣ ਲਈ ਆਉਣ ਵਾਲੇ ਲੋਕਾਂ ਨੂੰ ਗਾਈਡ ਕਰੇਗਾ ਤਾਂ ਜੋ ਉਹਨਾਂ ਨੂੰ ਸਰਕਾਰੀ ਕੰਮ ਕਰਵਾਉਣ ਵਿੱਚ ਕੋਈ ਮੁਸ਼ਕਿਲ ਨਾ ਆਵੇ।ਸ੍ਰੀ ਸੰਦੀਪ ਕੁਮਾਰ ਨੇ ਕਿਹਾ ਕਿ ਜ਼ਿਲ੍ਹਾ ਤਰਨ ਤਾਰਨ ਵਾਸੀਆਂ ਨੂੰ ਪਾਰਦਰਸ਼ੀ ਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇਗਾ ਅਤੇ ਸਰਕਾਰੀ ਦਫ਼ਤਰਾਂ ਵਿੱਚ ਆਉਣ ਵਾਲੇ ਹਰ ਵਿਅਕਤੀ ਨੂੰ ਬਿਨਾਂ ਕਿਸੇ ਖੱਜਲ ਖੁਆਰੀ ਤੋਂ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਉਹਨਾਂ ਕਿਹਾ ਕਿ ਸਰਕਾਰ ਵੱਲੋਂ ਲੋਕ ਹਿੱਤ ਵਿਚ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਬਣਦਾ ਲਾਭ ਹਰ ਇੱਕ ਯੋਗ ਲਾਭਪਾਤਰੀ ਤੱਕ ਪਹੁੰਚਾਉਣਾ ਯਕੀਨੀ ਬਣਾਇਆ ਜਾਵੇਗਾ।

ਉਹਨਾਂ ਕਿਹਾ ਕਿ ਸਰਕਾਰੀ ਦਫ਼ਤਰਾਂ ਵਿੱਚ ਕੰਮ ਕਰਵਾਉਣ ਲਈ ਆਉਣ ਵਾਲੇ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ, ਇਸ ਗੱਲ ਨੂੰ ਸੰਬੰਧਿਤ ਵਿਭਾਗਾਂ ਦੇ ਮੁਖੀ ਯਕੀਨੀ ਬਣਾਉਣਗੇ ਅਤੇ ਲੋਕਾਂ ਦੇ ਕੰਮਾਂ ਦਾ ਸਮਾਂ-ਬੱਧ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ।

# ਵਿਜੀਲੈਂਸ ਵੱਲੋਂ 20,000 ਨਕਦ ਅਤੇ 30,000 ਰੁਪਏ ਦਾ ਚੈੱਕ ਰਿਸ਼ਵਤ ਵਜੋਂ ਲੈਂਦੀ ਪਟਿਆਲਾ ਦੀ ਔਰਤ ਰੰਗੇ ਹੱਥੀਂ ਕਾਬੂ

**ਚੰਡੀਗੜ੍ਹ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਸ਼ੁੱਕਰਵਾਰ ਨੂੰ ਇੱਕ ਔਰਤ ਡਿੰਪਲ, ਪਤਨੀ ਨਾਇਬ ਸਿੰਘ, ਵਾਸੀ ਧੋਬੀ ਘਾਟ, ਪਟਿਆਲਾ ਨੂੰ 20,000 ਨਕਦ ਅਤੇ 30,000 ਰੁਪਏ ਦਾ ਚੈੱਕ ਰਿਸ਼ਵਤ ਵਜੋਂ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਕੇਸ ਵਿੱਚ ਉਸਦਾ ਸਹਿ-ਮੁਲਜ਼ਮ ਅਜੈ ਗੋਇਲ ਫਰਾਰ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਔਰਤ ਨੂੰ ਰਾਕੇਸ਼ ਕੁਮਾਰ ਵਾਸੀ ਗੁਰੂ ਨਾਨਕ ਨਗਰ, ਪਟਿਆਲਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ’ਤੇ ਗ੍ਰਿਫਤਾਰ ਕੀਤਾ ਗਿਆ ਹੈ।



ਉਸਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਹੈ ਕਿ ਉਸਦੀ ਸਾਲੀ ਪੂਨਮ ਅਰੋੜਾ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ) ਪਟਿਆਲਾ ਵਿੱਚ ਅੱਪਰ ਡਿਵੀਜ਼ਨ ਕਲਰਕ ਵਜੋਂ ਸੇਵਾ ਨਿਭਾ ਰਹੀ ਹੈ। ਉਸ ਨੂੰ ਮੁੱਖ ਦਫ਼ਤਰ ਪੀ.ਐਸ.ਪੀ.ਸੀ.ਐਲ. ਪਟਿਆਲਾ ਤੋਂ ਸੁਪਰਡੈਂਟ ਇੰਜੀਨੀਅਰ, ਪੀ.ਐਸ.ਪੀ.ਸੀ.ਐਲ. ਦੇ ਦਫ਼ਤਰ ਨੇੜੇ 23 ਨੰਬਰ ਫਾਟਕ, ਪਟਿਆਲਾ ਵਿਖੇ ਤਬਦੀਲ ਕਰ ਦਿੱਤਾ ਗਿਆ ਹੈ। ਸ਼ਿਕਾਇਤਕਰਤਾ ਨੂੰ ਮੁਲਜ਼ਮ ਅਤੇ ਉਸ ਦੇ ਸਾਥੀ ਅਜੈ ਗੋਇਲ, ਵਾਸੀ ਰਾਮ ਬਾਗ ਕਲੋਨੀ, ਪਟਿਆਲਾ ਨੇ ਸੰਪਰਕ ਕੀਤਾ। ਉਨ੍ਹਾਂ ਸ਼ਿਕਾਇਤਕਰਤਾ ਤੋਂ ਤਬਾਦਲਾ ਕਰਵਾਉਣ ਸਬੰਧੀ 2 ਲੱਖ ਰੁਪਏ ਰਿਸ਼ਵਤ ਦੀ ਮੰਗ ਕੀਤੀ ਤੇ ਕਿਹਾ ਕਿ ਉਨ੍ਹਾਂ ਦੇ ਪੀਐਸਪੀਸੀਐਲ ਦੇ ਸੀਨੀਅਰ ਅਧਿਕਾਰੀਆਂ ਨਾਲ ਚੰਗੇ ਸਬੰਧ ਹਨ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਾਇਆ ਕਿ ਬਾਅਦ ਵਿੱਚ ਉਹ 50,000 ਰੁਪਏ ਰਿਸ਼ਵਤ ਲੈਣ ਲਈ ਰਾਜ਼ੀ ਹੋ ਗਏ, ਪਰ ਉਨ੍ਹਾਂ ਵੱਲੋਂ 20,000 ਰੁਪਏ ਨਕਦ ਅਤੇ 30,000 ਰੁਪਏ ਚੈੱਕ ਜ਼ਰੀਏ ਲੈਣ ਦੀ ਮੰਗ ਰੱਖੀ ਗਈ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਮੁਲਜ਼ਮ ਔਰਤ ਡਿੰਪਲ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਇਸ ਕੇਸ ਵਿੱਚ ਸਹਿ-ਮੁਲਜ਼ਮ ਅਜੇ ਗੋਇਲ ਫਰਾਰ ਹੈ। ਇਸ ਸਬੰਧੀ ਦੋਵਾਂ ਮੁਲਜ਼ਮਾਂ ਖ਼ਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਕੌਮੀ ਪੱਤ੍ਰਿਕਾ

ਪੰਜਾਬ ਨੇ ਰਵਾਇਤੀ ਖਣਨ ਸਰੋਤਾਂ ਤੋਂ ਹਟ ਕੇ ਬਹੁਮੁੱਲੇ ਖਣਿਜਾਂ ਦੀ ਖੋਜ ਸਬੰਧੀ ਯਤਨ ਤੇਜ਼ ਕਰਨ ਦਾ ਟੀਚਾ ਮਿੱਥਿਆ

# ਚੇਤਨ ਸਿੰਘ ਜੌੜਾਮਾਜਰਾ ਵੱਲੋਂ ਸੂਬੇ ਦੇ ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਪੋਟਾਸ਼ ਆਦਿ ਜਿਹੇ ਕੀਮਤੀ ਖਣਿਜਾਂ ’ਤੇ ਧਿਆਨ ਕੇਂਦਰਿਤ ਕਰਨ ਲਈ ਭੂ-ਵਿਗਿਆਨੀਆਂ ਨੂੰ ਸੱਦਾ

**ਚੰਡੀਗੜ੍ਹ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖਣਨ ਅਤੇ ਭੂ-ਵਿਗਿਆਨ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਖਣਨ ਤੇ ਭੂ-ਵਿਗਿਆਨ ਦੇ ਖੇਤਰ ਵਿੱਚ ਕੰਮ ਕਰ ਰਹੀਆਂ ਸਰਕਾਰੀ ਤੇ ਪ੍ਰਾਈਵੇਟ ਕੰਪਨੀਆਂ ਨੂੰ ਸੱਦਾ ਦਿੱਤਾ ਹੈ ਕਿ ਸੂਬੇ ਵਿੱਚ ਰੇਤ, ਬਜਰੀ ਤੇ ਗਟਕਾ ਆਦਿ ਖਣਿਜਾਂ ਤੋਂ ਹਟ ਕੇ ਹੋਰਨਾਂ ਕੀਮਤੀ ਖਣਿਜ ਪਦਾਰਥਾਂ ਦੀ ਖੋਜ ਵੱਲ ਉਚੇਚਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ।




ਖਣਨ ਅਤੇ ਭੂ-ਵਿਗਿਆਨ ਵਿਭਾਗ ਵੱਲੋਂ ਨੈਸ਼ਨਲ ਮਿਨਰਲ ਐਕਸਪਲੋਰੇਸ਼ਨ ਟਰੱਸਟ (ਐਨ.ਐਮ.ਈ.ਟੀ) ਦੇ ਸਹਿਯੋਗ ਨਾਲ ÷ਖਣਿਜਾਂ ਦੀ ਖੋਜ÷ ਵਿਸ਼ੇ ’ਤੇ ਇੱਥੇ ਕਰਵਾਈ ਗਈ ਵਰਕਸ਼ਾਪ ਦੌਰਾਨ ਬੋਲਦਿਆਂ ਕੈਬਨਿਟ ਮੰਤਰੀ ਨੇ ਹਾਲ ਹੀ ਵਿੱਚ ਕੀਤੀਆਂ ਖੋਜਾਂ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਖੇਤਰ ਵਿੱਚ ਹੋਰ ਖਣਿਜਾਂ ਦੀ ਪ੍ਰਾਪਤੀ ਸਬੰਧੀ ਸੰਭਾਵਨਾ ’ਤੇ ਜ਼ੋਰ ਦਿੱਤਾ।

ਪੰਜਾਬ ਸਰਕਾਰ ਦੇ ਭੂ-ਵਿਗਿਆਨੀਆਂ ਵੱਲੋਂ ਜੁਲਾਈ 2022 ਵਿੱਚ ਸੌਂਪੀ ਗਈ ਰਿਪੋਰਟ ਦਾ ਹਵਾਲਾ ਦਿੰਦਿਆਂ ਸ. ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਵਿਗਿਆਨੀਆਂ ਵੱਲੋਂ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਕਬਰਵਾਲਾ ਵਿਖੇ 6 ਮਿਲੀਅਨ ਟਨ ਪੋਟਾਸ਼ੀਅਮ ਦੀ ਖੋਜ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਪੋਟਾਸ਼ੀਅਮ ਦੀ ਜ਼ਿਆਦਾਤਰ ਵਰਤੋਂ ਖਾਦਾਂ ਲਈ ਹੁੰਦੀ ਹੈ ਅਤੇ ਦੇਸ਼ ਵਿੱਚ 99 ਫ਼ੀਸਦੀ ਪੋਟਾਸ਼ ਦੀ ਦਰਾਮਦਗੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਖੇਤਰ ਵਿੱਚ ਹੋਈਆਂ ਖੋਜਾਂ ਮੁਤਾਬਕ ਪੰਜਾਬ ਦੇਸ਼ ਦਾ ਚੌਥਾ ਅਜਿਹਾ ਸੂਬਾ ਹੈ, ਜਿੱਥੇ ਪੋਟਾਸ਼ੀਅਮ ਮਿਲਿਆ ਹੈ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸਿਰਫ਼ ਰੇਤ ਅਤੇ ਬਜਰੀ ਦੀ ਲੋਕਾਂ ਨੂੰ ਕਿਫ਼ਾਇਤੀ ਸਪਲਾਈ ਵੱਲ ਹੀ ਧਿਆਨ ਨਹੀਂ ਦੇ ਰਹੀ, ਸਗੋਂ ਇਸ ਖੇਤਰ ਵਿੱਚ ਨਵੀਆਂ ਖੋਜਾਂ ਨੂੰ ਵੀ ਉਤਸ਼ਾਹਿਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸੇ ਦਿਸ਼ਾ ਵਿੱਚ ਅੱਗੇ ਵੱਧਣ ਲਈ ਅਤੇ ਪ੍ਰਾਈਵੇਟ ਕੰਪਨੀਆਂ ਰਾਹੀਂ ਵੀ ਖੋਜ ਕਾਰਜ ਕਰਵਾਉਣ ਲਈ ਇਹ ਸਮਾਗਮ ਉਲੀਕਿਆ ਗਿਆ ਹੈ।

ਉਨ੍ਹਾਂ ਸਰਕਾਰੀ ਅਤੇ ਪ੍ਰਾਈਵੇਟ ਕੰਪਨੀਆਂ ਖੇਤਰ ਦੇ ਭੂ-ਵਿਗਿਆਨੀਆਂ ਨੂੰ ਕਿਹਾ ਕਿ ਉਹ ਕੀਮਤੀ ਖਣਿਜਾਂ ਦੀ ਖੋਜ ਵੱਲ ਉਚੇਚਾ ਧਿਆਨ ਦੇਣ ਜਿਸ ਨਾਲ ਪੰਜਾਬ ਆਰਥਕ ਪੱਖੋਂ ਹੋਰ ਮਜ਼ਬੂਤ ਹੋਵੇਗਾ ਅਤੇ ਰਾਜ ਤੇ ਦੇਸ਼ ਦੀ ਤਰੱਕੀ ਹੋਵੇਗੀ।

ਕੈਬਨਿਟ ਮੰਤਰੀ ਨੇ ਇਸ ਖੇਤਰ ਨਵੇਂ ਦਿੱਸਹੱਦੇ ਕਾਇਮ ਕਰਨ ਲਈ ਵਿਭਾਗ ਦੇ ਅਧਿਕਾਰੀਆਂ ਨੂੰ ਭਾਰਤ ਸਰਕਾਰ ਨੇ ਖਣਨ ਮੰਤਰਾਲੇ ਨਾਲ ਨਿਰੰਤਰ ਰਾਬਤਾ ਰੱਖਣ ਲਈ ਵੀ ਕਿਹਾ ਤਾਂ ਜੋ ਖੋਜ ਕਾਰਜਾਂ ਵਿੱਚ ਕਿਸੇ ਤਰ੍ਹਾਂ ਦੀ ਖੜੋਤ ਨਾ ਆਵੇ।

ਵਰਕਸ਼ਾਪ ਵਿੱਚ ਹੋਰਨਾਂ ਪਤਵੰਤਿਆਂ ਤੋਂ ਇਲਾਵਾ ਖਣਨ ਤੇ ਭੂ-ਵਿਗਿਆਨ ਵਿਭਾਗ ਦੇ ਸਕੱਤਰ ਸ੍ਰੀ ਗੁਰਕਿਰਤ ਕਿਰਪਾਲ ਸਿੰਘ,ਜਿਓਲੌਜੀਕਲ ਸਰਵੇਅ ਆਫ਼ ਇੰਡੀਆ ਦੇ ਡੀ.ਡੀ.ਜੀ. ਡਾ. ਸ਼੍ਰੀਮਤੀ ਗੁਪਤਾ, ਸੁਪਰਿੰਟੇਂਡਿੰਗ ਭੂ-ਵਿਗਿਆਨੀ, ਐਨ.ਐਮ.ਈ.ਟੀ, ਖਣਨ ਮੰਤਰਾਲਾ ਸ੍ਰੀਮਤੀ ਅੰਜੂ ਸੀ.ਐਸ. ਅਤੇ ਸ. ਹਰਿੰਦਰਪਾਲ ਸਿੰਘ ਬੇਦੀ, ਮੁੱਖ ਇੰਜੀਨੀਅਰ, ਮਾਈਨਿੰਗ, ਪੰਜਾਬ ਵੀ ਮੌਜੂਦ ਰਹੇ।

ਵਰਕਸ਼ਾਪ ਦੇ ਪਹਿਲੇ ਤਕਨੀਕੀ ਸੈਸ਼ਨ ਦਾ ਸੰਚਾਲਨ ਜਿਓਲੌਜੀਕਲ ਸਰਵੇਅ ਆਫ਼ ਇੰਡੀਆ ਦੇ ਡਾਇਰੈਕਟਰ ਸ੍ਰੀ ਏ.ਕੇ. ਤਲਵਾੜ ਨੇ ਕੀਤਾ।

ਉਨ੍ਹਾਂ ਪੰਜਾਬ ਵਿੱਚ ਪੋਟਾਸ਼ ਲਈ ਜਿਓਲੌਜੀਕਲ ਸਰਵੇਅ ਆਫ਼ ਇੰਡੀਆ ਵੱਲੋਂ ਕੀਤੀ ਖੋਜ ਬਾਰੇ ਗੱਲ ਕੀਤੀ ਅਤੇ ਪੰਜਾਬ ਵਿੱਚ ਪੋਟਾਸ਼ ਦੀ ਖੋਜ ਸਬੰਧੀ ਮੌਜੂਦਾ ਅਤੇ ਭਵਿੱਖੀ ਸੰਭਾਵਨਾਵਾਂ ਬਾਰੇ ਚਰਚਾ ਕੀਤੀ।

ਦੂਜੇ ਤਕਨੀਕੀ ਸੈਸ਼ਨ ਦਾ ਸੰਚਾਲਨ ਜਿਓਲੌਜੀਕਲ ਸਰਵੇਅ ਆਫ਼ ਇੰਡੀਆ ਦੇ ਡਾਇਰੈਕਟਰ ਸ੍ਰੀਮਤੀ ਅਪਰਾਜਿਤਾ ਭੱਟਾਚਾਰੀਆ ਨੇ ਕੀਤਾ। ਉਨ੍ਹਾਂ ਵਾਤਾਵਰਣ ਅਧਿਐਨ ਬਾਰੇ ਨੈਸ਼ਨਲ ਜੀਓਕੈਮੀਕਲ ਮੈਪਿੰਗ ਵਿਸ਼ੇ ‘ਤੇ ਭਾਸ਼ਣ ਦਿੱਤਾ। ਇਸ ਉਪਰੰਤ ਐਨ.ਪੀ.ਈ.ਏਜ਼ ਅਤੇ ਹੋਰ ਵਿਭਾਗੀ ਅਧਿਕਾਰੀਆਂ/ ਕਰਮਚਾਰੀਆਂ ਨਾਲ ਗੱਲਬਾਤ ਵੀ ਕੀਤੀ ਗਈ।

# ਜ਼ਿਲੇ ਦੇ ਸਰਕਾਰੀ ਸਬ ਡਿਵੀਜਨਲ ਹਸਪਤਾਲਾਂ ਅਤੇ ਹੋਰ ਸਿਹਤ ਸੰਸਥਾਵਾਂ ਵਿੱਚ ਲਗਾਏ ਗਏ ਬੂਟੇ : ਸਿਵਲ ਸਰਜਨ



**ਪਟਿਆਲਾ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਵੱਛਤਾ ਅਭਿਆਨ ਮੁਹਿੰਮ ਅਧੀਨ ‘ਇੱਕ ਪੇੜ ਮਾਂ ਦੇ ਨਾਮ’ ਮੁਹਿੰਮ ਤਹਿਤ ਸਿਵਲ ਸਰਜਨ ਡਾ.ਜਤਿੰਦਰ ਕਾਂਸਲ ਦੀ ਅਗਵਾਈ ਵਿੱਚ ਨਰਸਿੰਗ ਸਕੂਲ, ਮਾਤਾ ਕੁੱਸ਼ਲਿਆ ਹਸਪਤਾਲ ਪਟਿਆਲਾ ਵਿੱਚ ਬੂਟੇ ਲਗਾਏ ਗਏ ।ਸਿਵਲ ਸਰਜਨ ਡਾ. ਜਤਿੰਦਰ ਕਾਂਸਲ ਅਤੇ ਸਿਵਲ ਸਰਜਨ ਦਫਤਰ ਦੇ ਸਮੂਹ ਪ੍ਰੋਗਰਾਮ ਅਫਸਰਾਂ ਨੇ ਅਪਣੇ ਹੱਥੀਂ ਫਲ ਵਾਲੇ ਅਤੇ ਛਾਂਦਾਰ ਬੂਟੇ ਲਗਾਏ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਅੱਜ ਇਹ ਪਲਾਂਟੇਸ਼ਨ ਡਰਾਈਵ ਜਿਲੇ ਦੇ ਸਾਰੇ ਸਬ ਡਿਵੀਜਨਲ ਹਸਪਤਾਲਾਂ, ਸੀ.ਐਚ.ਸੀ, ਪੀ.ਐਚ.ਸੀ ਅਤੇ ਹੋਰ ਸਿਹਤ ਸੰਸਥਾਵਾਂ ਵਿੱਚ ਵਾਤਾਵਰਣ ਨੂੰ ਹਰਿਆ ਭਰਿਆ ਬਣਾਉਣ ਲਈ ਕੀਤੀ ਜਾ ਰਹੀ ਹੈ।ਵੱਧਦਾ ਤਾਪਮਾਨ ਸਿਹਤ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਬਹੁਤ ਸਾਰੀਆਂ ਬਿਮਾਰੀਆਂ ਦਾ ਕਾਰਨ ਬਣਿਆ ਹੋਇਆ ਹੈ।ਸੋ ਵੱਧ ਤੋਂ ਵੱਧ ਰੁੱਖ ਲਗਾ ਕੇ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਨਸਲਾਂ ਬਚਾ ਸਕਦੇ ਹਾਂ ।ਰੁੱਖ ਆਕਸੀਜਨ ਦਾ ਰੱਬੀ ਸੋਮਾ ਹਨ ।ਧਰਤੀ ਦਾ ਸ਼ਿੰਗਾਰ ਹਨ।ਰੁੱਖ ਗਰਮੀ ਵਿੱਚ ਸਾਨੂੰ ਛਾਂ ਦਿੰਦੇ ਹਨ ।ਰੁੱਖ ਵਰਖਾ ਲਿਆਉਣ ਦਾ ਕਾਰਣ ਬਣਦੇ ਹਨ। ਰੁੱਖਾਂ ਨੂੰ ਬਚਾਉਣਾ ਵੀ ਸਮੇਂ ਦੀ ਮੁੱਖ ਮੰਗ ਹੈ।ਦਰੱਖ਼ਤਾਂ ਦੇ ਪੱਤਿਆਂ ਨੂੰ ਅੱਗ ਲਗਾ ਕੇ ਨਾਂ ਸਾੜਿਆ ਜਾਵੇ, ਸਗੋਂ ਇਨ੍ਹਾਂ ਦੇ ਪੱਤਿਆ ਨੂੰ ਡੰਪ ਕਰਕੇ ਵਧੀਆ ਖਾਦ ਬਣਾਈ ਜਾ ਸਕਦੀ ਹੈ। ਇਸ ਲਈ ਸੁੱਕੇ ਅਤੇ ਗਿੱਲੇ ਕੂੜੇ ਨੂੰ ਵੱਖਰੇ-ਵੱਖਰੇ ਡਸਟਬਿਨ ਵਿੱਚ ਰੱਖਿਆ ਜਾਵੇ। ਉਨ੍ਹਾਂ ਬੂਟਿਆਂ ਨੂੰ ਜ਼ਿੰਮੇਦਾਰੀ ਨਾਲ ਸਾਂਭ-ਸੰਭਾਲ ਕਰਨ ਦੀ ਅਪੀਲ ਵੀ ਕੀਤੀ ।

ਇਸ ਮੌਕੇ ਜਿਲਾ ਸਹਾਇਕ ਅਫਸਰ ਡਾ. ਐਸ.ਜੇ ਸਿੰਘ, ਡੀ.ਐਮ.ਸੀ ਡਾ. ਜਸਵਿੰਦਰ ਸਿੰਘ, ਜਿਲਾ ਪਰਿਵਾਰ ਭਲਾਈ ਅਫਸਰ ਡਾ. ਬਲਕਾਰ ਸਿੰਘ, ਸੀਨੀਅਰ ਮੈਡੀਕਲ ਅਫਸਰ ਮਾਤਾ ਕੁੱਸ਼ਲਿਆ ਹਸਪਤਾਲ ਡਾ. ਵਿਕਾਸ ਗੋਇਲ, ਪ੍ਰਿੰਸੀਪਲ ਨਰਸਿੰਗ ਸਕੂਲ ਮਾਤਾ ਕੁਸ਼ੱਲਿਆ ਹਸਪਤਾਲ ਗੁਰਮੀਤ ਕੌਰ, ਜ਼ਿਲ੍ਹਾ ਮਾਸ ਮੀਡੀਆ ਅਫਸਰ ਕੁਲਵੀਰ ਕੌਰ ਅਤੇ ਜਸਜੀਤ ਕੌਰ, ਡਿਪਟੀ ਮਾਸ ਮੀਡੀਆ ਅਫਸਰ ਭਾਗ ਸਿੰਘ, ਜ਼ਿਲ੍ਹਾ ਬੀ.ਸੀ.ਸੀ ਕੁਆਰਡੀਨੇਟਰ ਜਸਵੀਰ ਕੌਰ, ਨਰਸਿੰਗ ਸਕੂਲ ਦੇ ਸਟਾਫ਼ ਮੈਂਬਰ ਅਤੇ ਬਿੱਟੂ ਕੁਮਾਰ ਦਰਜਾ ਚਾਰ ਹਾਜ਼ਰ ਸਨ।

# ਸੀ.ਸੀ.ਆਰ.ਟੀ ਨੇ ਵੀਰੰਗਾਨਾ ਰਾਣੀ ਦੁਰਗਾਵਤੀ ਦੀ 500ਵੀਂ ਜਨਮ ਵਰ੍ਹੇਗੰਢ ਮਨਾਈ

**ਪਟਿਆਲਾ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ.ਸੀ.ਆਰ.ਟੀ, ਸੱਭਿਆਚਾਰਕ ਮੰਤਰਾਲੇ, ਭਾਰਤ ਸਰਕਾਰ ਦੀ ਇੱਕ ਖੁਦਮੁਖਤਿਆਰ ਸੰਸਥਾ, ਵੀਰਾਂਗਣਾ ਰਾਣੀ ਦੁਰਗਾਵਤੀ ਦੀ 500ਵੀਂ ਜਨਮ ਵਰ੍ਹੇਗੰਢ ਮਨਾਉਣ ਲਈ ‘ਆਜ਼ਾਦੀ ਕਾ ਅੰਮ੍ਰਿਤ ਮਹੋਤਸਵ’ ਦੇ ਹਿੱਸੇ ਵਜੋਂ ਕੁਸ਼ਲ ਵੀਰਾਂਗਨਾ ਰਾਣੀ ਦੁਰਗਾਵਤੀ ਸਿਰਲੇਖ ਵਾਲੀ ਇੱਕ ਨਾਟਕ ਪੇਸ਼ਕਾਰੀ ਪੇਸ਼ ਕੀਤੀ ਗਈ। ਇਹ ਪ੍ਰੋਗਰਾਮ ਨਾਰਥ ਜ਼ੋਨ ਕਲਚਰਲ ਸੈਂਟਰ, ਪਟਿਆਲਾ ਦੇ ਸਹਿਯੋਗ ਨਾਲ ਕਾਲੀਦਾਸ ਆਡੀਟੋਰੀਅਮ, ਵਿਰਸਾ ਵਿਹਾਰ ਸੈਂਟਰ, ਨੇੜੇ ਭਾਸ਼ਾ ਭਵਨ, ਪਟਿਆਲਾ ਵਿਖੇ ਆਯੋਜਿਤ ਕੀਤਾ ਗਿਆ। ਰਾਣੀ ਦੁਰਗਾਵਤੀ ਦੀ ਸਦੀਵੀ ਵਿਰਾਸਤ ਨੂੰ ਢੁਕਵੀਂ ਸ਼ਰਧਾਂਜਲੀ ਦੇਣ ਦੇ ਉਦੇਸ਼ ਨਾਲ, ਕੁਸ਼ਲ ਵੀਰਾਂਗਨਾ ਰਾਣੀ ਦੁਰਗਾਵਤੀ ਨਾਟਕ ਨੂੰ ਡਾ. ਵਿਨੋਦ ਨਰਾਇਣ ਇੰਦੂਰਕਰ, ਚੇਅਰਮੈਨ, ਸੀਸੀਆਰਟੀ, ਨਵੀਂ ਦਿੱਲੀ ਦੁਆਰਾ ਸੰਕਲਪਿਤ ਅਤੇ ਨਿਰਦੇਸ਼ਿਤ ਕੀਤਾ ਗਿਆ ਹੈ।

ਇਹ ਨਾਟਕੀ ਰਚਨਾ 16ਵੀਂ ਸਦੀ ਦੇ ਗੋਂਡ ਸਾਮਰਾਜ ਦੀ ਯੋਧਾ ਰਾਣੀ ਦੁਰਗਾਵਤੀ ਦੇ ਅਸਾਧਾਰਨ ਜੀਵਨ ਅਤੇ ਵਿਰਾਸਤ ਨੂੰ ਸ਼ਰਧਾਂਜਲੀ ਹੈ, ਜੋ ਕਿ ਆਪਣੀ ਅਸਾਧਾਰਣ ਬਹਾਦਰੀ ਅਤੇ ਲਚਕੀਲੇਪਣ ਲਈ ਮਸ਼ਹੂਰ ਹੈ, ਜਿਸ ਨੇ ਮੁਸੀਬਤਾਂ ਦੇ ਸਾਮ੍ਹਣੇ ਅਡੋਲ ਤਾਕਤ ਅਤੇ ਅਗਵਾਈ ਦਾ ਪ੍ਰਤੀਕ ਬਣਾਇਆ ਹੈ। ਬਾਦਸ਼ਾਹ ਅਕਬਰ ਦੀ ਅਗਵਾਈ ਵਾਲੀ ਮੁਗਲ ਫੌਜਾਂ ਦੇ ਵਿਰੁੱਧ ਆਪਣੇ ਰਾਜ ਦੀ ਰੱਖਿਆ ਕਰਨ ਵਿੱਚ ਉਸਦੀ ਮਹੱਤਵਪੂਰਣ ਭੂਮਿਕਾ ਉਸਦੇ ਲੋਕਾਂ ਦੀ ਭਲਾਈ ਅਤੇ ਪ੍ਰਭੂਸੱਤਾ ਪ੍ਰਤੀ ਉਸਦੀ ਅਟੱਲ ਵਚਨਬੱਧਤਾ ਦੀ ਪ੍ਰੀਖਿਆ ਹੈ। ਭਾਰੀ ਔਕੜਾਂ ਦਾ ਸਾਹਮਣਾ ਕਰਨ ਦੇ ਬਾਵਜੂਦ, ਉਸਨੇ ਨਿਡਰਤਾ ਨਾਲ ਆਪਣੀ ਫੌਜ ਦੀ ਅਗਵਾਈ ਕੀਤੀ ਅਤੇ 1564 ਵਿੱਚ ਉਸਦੀ ਦੁਖਦਾਈ ਮੌਤ ਤੱਕ ਬੇਮਿਸਾਲ ਸਾਹਸ ਦਾ ਪ੍ਰਦਰਸ਼ਨ ਕੀਤਾ। ਸਾਡੀ ਪੇਸ਼ਕਾਰੀ ਉਸਦੇ ਜੀਵਨ ਦੇ ਇੱਕ ਘੱਟ ਜਾਣੇ-ਪਛਾਣੇ ਪਹਿਲੂ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕਰਦੀ ਹੈ, ਉਸਦੇ ਅਦੁੱਤੀ ਇਰਾਦੇ, ਰਣਨੀਤਕ ਪ੍ਰਤਿਭਾ ਅਤੇ ਉਸਦੇ ਰਾਜ ਪ੍ਰਤੀ ਤੀਬਰ ਸਮਰਪਣ ਦਾ ਪ੍ਰਦਰਸ਼ਨ ਕਰਦੀ ਹੈ। ਪ੍ਰਭਾਵਸ਼ਾਲੀ ਕਹਾਣੀ ਸੁਣਾਉਣ ਅਤੇ ਸ਼ਕਤੀਸ਼ਾਲੀ ਅਦਾਕਾਰੀ ਦੁਆਰਾ ਉਸਦੀ ਬਹਾਦਰੀ ਦੀ ਕਹਾਣੀ ਨੂੰ ਜੀਵਨ ਵਿੱਚ ਲਿਆ ਕੇ, ਸਾਡਾ ਉਦੇਸ਼ ਰਾਣੀ ਦੁਰਗਾਵਤੀ ਦੀ ਸਥਾਈ ਭਾਵਨਾ ਦਾ ਸਨਮਾਨ ਕਰਨਾ ਹੈ ਅਤੇ ਦਰਸ਼ਕਾਂ ਨੂੰ ਉਸਦੀ ਲਚਕੀਲੇਪਣ ਅਤੇ ਬਹਾਦਰੀ ਦੀ ਸਦੀਵੀ ਕਹਾਣੀ ਨਾਲ ਪ੍ਰੇਰਿਤ ਕਰਨਾ ਹੈ।

ਇਸ ਸਮਾਗਮ ਬਾਰੇ ਬੋਲਦਿਆਂ, ਡਾ. ਵਿਨੋਦ ਨਰਾਇਣ ਇੰਦੂਰਕਰ ਨੇ ਆਪਣੇ ਉਤਸ਼ਾਹ ਦਾ ਪ੍ਰਗਟਾਵਾ ਕੀਤਾ, ਸਾਨੂੰ ਇਸ ਨਾਟਕ ਰਚਨਾ ਨੂੰ ਪ੍ਰਸਿੱਧ ਰਾਣੀ ਦੁਰਗਾਵਤੀ ਨੂੰ ਦਿਲੋਂ ਸ਼ਰਧਾਂਜਲੀ ਵਜੋਂ ਪੇਸ਼ ਕਰਨ ਵਿੱਚ ਮਾਣ ਹੈ, ਇਹ ਨਾਟਕ ਉਸਦੀ ਅਦੁੱਤੀ ਭਾਵਨਾ ਦਾ ਪ੍ਰਮਾਣ ਹੈ ਅਤੇ ਉਸਦੀ ਸਦੀਵੀ ਵਿਰਾਸਤ ਦੀ ਯਾਦ ਦਿਵਾਉਂਦਾ ਹੈ। ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦਾ ਹੈ।

ਉੱਤਰੀ ਜ਼ੋਨ ਕਲਚਰਲ ਸੈਂਟਰ, ਪਟਿਆਲਾ ਦੇ ਕਾਲੀਦਾਸ ਆਡੀਟੋਰੀਅਮ ਵਿੱਚ ਆਯੋਜਿਤ, ਇਹ ਸਮਾਗਮ ਭਾਰਤ ਦੀ ਅਮੀਰ ਸੱਭਿਆਚਾਰਕ ਵਿਰਾਸਤ ਅਤੇ ਇਤਿਹਾਸ ਦਾ ਜਸ਼ਨ ਹੋਵੇਗਾ, ਜਿਸ ਵਿੱਚ ਰਾਣੀ ਦੁਰਗਾਵਤੀ ਦੀ ਸ਼ਾਨਦਾਰ ਯਾਤਰਾ ਅਤੇ ਰਾਸ਼ਟਰ ਲਈ ਉਨ੍ਹਾਂ ਦੇ ਬੇਮਿਸਾਲ ਯੋਗਦਾਨ ਨੂੰ ਉਜਾਗਰ ਕੀਤਾ ਜਾਵੇਗਾ।

# ਦੇਸ਼ ਦਾ ਹਰ ਬੱਚਾ ਭਵਿੱਖ ਦੇ ਭਾਰਤ ਦਾ ਕਰਨਧਾਰ ਹੈ: ਅਨਿਲ ਭਾਰਤੀ



**ਪਟਿਆਲਾ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਵਿਦਿਆਲਿਆ, ਨਾਭਾ ਛਾਉਣੀ ਵਿਖੇ ਹਿੰਦੀ ਪੰਦਰਵਾੜੇ ਤਹਿਤ ਵੱਖ-ਵੱਖ ਮੁਕਾਬਲਿਆਂ ਦੇ ਜੇਤੂਆਂ ਦਾ ਸਨਮਾਨ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਪਟਿਆਲਾ ਤੋਂ ਆਏ ਅੰਤਰਰਾਸ਼ਟਰੀ ਲੇਖਕ ਅਤੇ ਸਿੱਖਿਆ ਸ਼ਾਸਤਰੀ ਸ਼੍ਰੀ ਅਨਿਲ ਕੁਮਾਰ ਭਾਰਤੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਕੇਂਦਰੀ ਵਿਦਿਆਲਿਆ ਨਾਭਾ ਦੀ ਪ੍ਰਿੰਸੀਪਲ ਸ਼੍ਰੀਮਤੀ ਸਪਨਾ ਟੇਂਭੁਰਨੇ ਨੇ ਸ਼੍ਰੀ ਭਾਰਤੀ ਦਾ ਫੁੱਲਾਂ ਦਾ ਗੁੱਛਾ ਦੇ ਕੇ ਸਵਾਗਤ ਕੀਤਾ। ਸਕੂਲ ਦੇ ਛੋਟੇ ਬੱਚਿਆਂ ਨੇ ਸੁਰੀਲੇ ਗੀਤ ਗਾ ਕੇ ਹਿੰਦੀ ਦੀ ਮਹੱਤਤਾ ਨੂੰ ਦਰਸਾਇਆ। ਮਾਸਕੋ ਵਿੱਚ ਆਪਣੇ ਠਹਿਰਾਅ ਦੌਰਾਨ ਲੇਖਕ ਅਨਿਲ ਭਾਰਤੀ ਦੇ ਨਾਲ ਕੇਂਦਰੀ ਵਿਦਿਆਲਿਆ ਦੇ ਹਿੰਦੀ ਦੇ ਸੀਨੀਅਰ ਅਧਿਆਪਕ ਸ਼੍ਰੀ ਸੁਸ਼ੀਲ ਕੁਮਾਰ ਆਜ਼ਾਦ ਨੇ ਵੀ ਵਿਦੇਸ਼ਾਂ ਵਿੱਚ ਹਿੰਦੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਲਈ ਅਨਿਲ ਭਾਰਤੀ ਦੇ ਨਾਲ ਮਿਲਕੇ ਕੀਤੇ ਗਏ ਯਤਨਾਂ ਨੂੰ ਯਾਦ ਕੀਤਾ। ਸ੍ਰੀ ਭਾਰਤੀ ਨੇ ਮੁਕਾਬਲਿਆਂ ਦੌਰਾਨ ਜੇਤੂ ਬੱਚਿਆਂ ਨੂੰ ਸਨਮਾਨ ਚਿੰਨ੍ਹ ਦਿੰਦੇ ਹੋਏ ਕਿਹਾ ਕਿ ਸਕੂਲ ਇੱਕ ਅਜਿਹੀ ਪ੍ਰਯੋਗਸ਼ਾਲਾ ਹੈ ਜਿੱਥੇ ਅਧਿਆਪਕ ਹਰ ਬੱਚੇ ਨੂੰ ਹੀਰੇ ਦੀ ਤਰ੍ਹਾਂ ਤਰਾਸ਼ਦੇ ਹਨ।

# ਅੰਤਰ ਜ਼ਿਲ੍ਹਾ ਸਕੂਲ ਕੁਸ਼ਤੀ ਮੁਕਾਬਲਿਆਂ ਵਿੱਚ ਹਲਕਾ ਘਨੌਰ ਦੇ ਵਿਧਾਇਕ ਅਤੇ ਅੰਤਰ-ਰਾਸ਼ਟਰੀ ਕਬੱਡੀ ਖਿਡਾਰੀ ਗੁਰਲਾਲ ਘਨੌਰ ਨੇ ਪਹਿਲਵਾਨਾਂ ਦਾ ਹੌਂਸਲਾ ਵਧਾਇਆ



**ਪਟਿਆਲਾ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਪੰਜਾਬ ਦੇ ਸਮੂਹ ਸਕੂਲਾਂ ਦੇ ਵਿਦਿਆਰਥੀਆਂ ਦੀ ਤੰਦਰੁਸਤੀ ਲਈ ਖੇਡਾਂ ਵਿੱਚ ਸ਼ਮੂਲੀਅਤ ਕਰਵਾਉਣਾ ਸ਼ਲਾਘਾਯੋਗ ਕਦਮ ਹੈ। ਇਸ ਨਾਲ ਵਿਦਿਆਰਥੀਆਂ ਦੀ ਊਰਜਾ ਦਾ ਸਾਕਾਰਾਤਮਕ ਸੰਚਾਰ ਹੁੰਦਾ ਹੈ ਅਤੇ ਖੇਡ ਭਾਵਨਾ ਦੇ ਨਾਲ ਅੱਗੇ ਵਧਣ ਲਈ ਪ੍ਰੇਰਿਤ ਹੁੰਦੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਘਨੌਰ ਦੇ ਵਿਧਾਇਕ ਗੁਰਲਾਲ ਸਿੰਘ ਘਨੌਰ ਨੇ ਸਰਕਾਰੀ ਕੋ ਐਡ ਮਲਟੀਪਰਪਜ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ ਆਯੋਜਿਤ ਹੋ ਰਹੀਆਂ 68ਵੀਆਂ ਸਕੂਲ ਖੇਡਾਂ ਦੇ ਕੁਸ਼ਤੀ ਫਰੀ ਸਟਾਈਲ ਮੁਕਾਬਲਿਆਂ ਵਿੱਚ ਲੜਕਿਆਂ ਦੇ ਵੱਖ-ਵੱਖ ਭਾਰ ਵਰਗ ਮੁਕਾਬਲਿਆਂ ਵਿੱਚ ਉਚੇਚੇ ਤੌਰ ਤੇ ਪਹੁੰਚ ਕੇ ਪਹਿਲਵਾਨਾਂ ਦਾ ਹੌਸਲਾ ਵਧਾਉਂਦਿਆਂ ਕੀਤਾ।

ਇਸ ਮੌਕੇ ਉਹਨਾਂ ਨਾਲ ਡੀ ਐਸ ਪੀ ਕਰਨੈਲ ਸਿੰਘ, ਡਾ: ਰਾਜਿੰਦਰ ਸਿੰਘ ਸੈਣੀ ਲੈਕਚਰਾਰ ਫਿਜੀਕਲ ਐਜੂਕੇਸ਼ਨ ਵੀ ਮੌਜੂਦ ਸਨ। ਟੂਰਨਾਮੈਂਟ ਦੌਰਾਨ ਕੁਸ਼ਤੀ ਦੇ ਪਹਿਲਵਾਨ ਅਤੇ ਏਸ਼ੀਆਈ ਖੇਡਾਂ ਦੇ ਮੈਡਲਿਸਟ ਗੁਰਮੁੱਖ ਸਿੰਘ ਨੇ ਵੀ ਖਿਡਾਰੀਆਂ ਦਾ ਹੌਂਸਲਾ ਅਫਜ਼ਾਈ ਕੀਤੀ। ਪ੍ਰਿੰਸੀਪਲ ਜਸਪਾਲ ਸਿੰਘ ਸਕੂਲ ਆਫ ਐਮੀਨੈਂਸ ਮੰਡੋਰ ਅਤੇ ਉਹਨਾਂ ਦੀ ਟੀਮ ਨੇ ਮਹਿਮਾਨਾਂ ਦਾ ਜੀ ਆਇਆਂ ਕੀਤਾ।

ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਰਾਜਿੰਦਰ ਸਿੰਘ ਚਾਨੀ ਟੂਰਨਾਮੈਂਟ ਮੀਡੀਆ ਕੋਆਰਡੀਨੇਟਰ ਨੇ ਕਿਹਾ ਕਿ ਸੰਜੀਵ ਸ਼ਰਮਾ ਡੀਈਓ ਸੈਕੰਡਰੀ ਪਟਿਆਲਾ ਅਤੇ ਡਾ: ਰਵਿੰਦਰਪਾਲ ਸਿੰਘ ਡਿਪਟੀ ਡੀਈਓ ਪਟਿਆਲਾ ਦੀ ਦੇਖ-ਰੇਖ ਹੇਠ ਕੁਸ਼ਤੀ ਮੁਕਾਬਲਿਆਂ ਦਾ ਸਫਲ ਆਯੋਜਨ ਕੀਤਾ ਜਾ ਰਿਹਾ ਹੈ। ਟੂਰਨਾਮੈਂਟ ਕਮੇਟੀ ਦੇ ਜ਼ਿਲ੍ਹਾ ਸਕੱਤਰ ਚਰਨਜੀਤ ਸਿੰਘ ਭੁੱਲਰ ਅਤੇ ਜਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ: ਦਲਜੀਤ ਸਿੰਘ ਅਤੇ ਇਹਨਾਂ ਦੀ ਸਮੁੱਚੀ ਪ੍ਰਬੰਧਕ ਟੀਮ ਵੱਲੋਂ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਪਹਿਲਵਾਨਾਂ ਅਤੇ ਉਹਨਾਂ ਦੇ ਕੋਚ ਸਟਾਫ ਦੀ ਲੋੜ ਦਾ ਧਿਆਨ ਰੱਖਿਆ ਗਿਆ।

ਨਤੀਜੇ: ਅੰਤਰ ਜ਼ਿਲ੍ਹਾ ਸਕੂਲ ਖੇਡਾਂ 2024-25 ਦੇ ਕੁਸ਼ਤੀ ਫ੍ਰੀ ਸਟਾਈਲ ਅੰਡਰ-14 ਲੜਕਿਆਂ ਦੇ 35 ਕਿਲੋਗ੍ਰਾਮ ਭਾਰ ਵਰਗ ਵਿੱਚ ਕਾਵਿਆ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ, 38 ਕਿਲੋਗ੍ਰਾਮ ਭਾਰ ਵਰਗ ਵਿੱਚ ਯਸ਼ਨ ਕੁਮਾਰ ਜ਼ਿਲ੍ਹਾ ਫਰੀਦਕੋਟ, 41 ਕਿਲੋਗ੍ਰਾਮ ਭਾਰ ਵਰਗ ਵਿੱਚ ਅਰਮਾਨ ਸਿੰਘ ਜ਼ਿਲ੍ਹਾ ਪਟਿਆਲਾ, 44 ਕਿਲੋਗ੍ਰਾਮ ਭਾਰ ਵਰਗ ਵਿੱਚ ਵਿਕਰਾਂਤ ਜ਼ਿਲ੍ਹਾ ਜਲੰਧਰ, 48 ਕਿਲੋਗ੍ਰਾਮ ਭਾਰ ਵਰਗ ਵਿੱਚ ਅੰਸ਼ ਜ਼ਿਲ੍ਹਾ ਅੰਮ੍ਰਿਤਸਰ, 52 ਕਿਲੋਗ੍ਰਾਮ ਭਾਰ ਵਰਗ ਵਿੱਚ ਰਮਨਦੀਪ ਸਿੰਘ ਜ਼ਿਲ੍ਹਾ ਬਠਿੰਡਾ, 57 ਕਿਲੋਗ੍ਰਾਮ ਭਾਰ ਵਰਗ ਵਿੱਚ ਮੁਹੰਮਦ ਮੋਵੀਨ ਜ਼ਿਲ੍ਹਾ ਪਟਿਆਲਾ, 62 ਕਿਲੋਗ੍ਰਾਮ ਭਾਰ ਵਰਗ ਵਿੱਚ ਹਰਪ੍ਰੀਤ ਸਿੰਘ ਜ਼ਿਲ੍ਹਾ ਮਾਨਸਾ, 68 ਕਿਲੋਗ੍ਰਾਮ ਭਾਰ ਵਰਗ ਵਿੱਚ ਸਮੀਰ ਨਾਸਰਾਂ ਜ਼ਿਲ੍ਹਾ ਪਟਿਆਲਾ ਅਤੇ 75 ਕਿਲੋਗ੍ਰਾਮ ਭਾਰ ਵਰਗ ਵਿੱਚ ਸਮੀਰ ਖਾਨ ਲੁਧਿਆਣਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

# ਡੀਸੀ ਮੋਹਾਲੀ ਨੇ ਬਤੌਰ ਜ਼ੀਰਕਪੁਰ ਨਗਰ ਕੌਂਸਲ ਪ੍ਰਸ਼ਾਸਕ ਨੇ ਨਗਰ ਕੌਂਸਲ ਅਧਿਕਾਰੀਆਂ ਦੀ ਕੁਸ਼ਲਤਾ ਵਧਾਉਣ ਲਈ ਕੀਤੀ ਸਮੀਖਿਆ ਮੀਟਿੰਗ



**ਜ਼ੀਰਕਪੁਰ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੀਸੀ ਮੁਹਾਲੀ ਆਸ਼ਿਕਾ ਜੈਨ ਨੇ ਬਤੌਰ ਜ਼ੀਰਕਪੁਰ ਨਗਰ ਕੌਂਸਲ ਦੀ ਪ੍ਰਸ਼ਾਸਕ ਕੌਂਸਲ ਦਫ਼ਤਰ ਦਾ ਦੌਰਾ ਕਰਕੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਦਾ ਉਦੇਸ਼ ਨਗਰ ਕੌਂਸਲ ਦੇ ਵੱਖ-ਵੱਖ ਵਿਭਾਗਾਂ ਦੇ ਕੰਮ ਨੂੰ ਹੋਰ ਤੇਜ਼ ਕਰਨਾ ਅਤੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰਨਾ ਸੀ। ਆਪਣੀ ਫੇਰੀ ਦੌਰਾਨ, ਜੈਨ ਨੇ ਲੋਕਾਂ ਨਾਲ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਸਮਝਣ ਲਈ ਗੱਲਬਾਤ ਵੀ ਕੀਤੀ ਅਤੇ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਪਾਰਦਰਸ਼ਤਾ ਲਈ ਇੱਕ ਅੰਦੋਲਨ ਰਜਿਸਟਰ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ। ਇਸ ਦੌਰਾਨ ਸਥਾਨਕ ਆਰਕੀਟੈਕਟ ਐਸੋਸੀਏਸ਼ਨ ਨੇ ਉਨ੍ਹਾਂ ਨਾਲ ਮੁਲਾਕਾਤ ਕਰ ਨਕਸ਼ੇ ਪਾਸ ਕਰਵਾਉਣ ਵਿੱਚ ਆ ਰਹੀਆਂ ਦਿੱਕਤਾਂ ਦੱਸਿਆ। ਸਮੀਖਿਆ ਮੀਟਿੰਗ ਜ਼ੀਰਕਪੁਰ ਨਗਰ ਕੌਂਸਲ ਦੇ ਵੱਖ-ਵੱਖ ਵਿਭਾਗਾਂ ਦੀ ਕਾਰਜਕੁਸ਼ਲਤਾ ਨੂੰ ਵਧਾਉਣ ਲਈ ਇੱਕ ਮਹੱਤਵਪੂਰਨ ਕਦਮ ਸੀ। ਇਸ ਮੌਕੇ ਪ੍ਰਸ਼ਾਸਕ ਆਸ਼ਿਕਾ ਜੈਨ ਨੇ ਲੋਕਾਂ ਨੂੰ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਸੇਵਾਵਾਂ ਪ੍ਰਦਾਨ ਕਰਨ ਦੀ ਲੋੜ ’ਤੇ ਜ਼ੋਰ ਦਿੱਤਾ। ਉਨ੍ਹਾਂ ਅਧਿਕਾਰੀਆਂ ਨੂੰ ਤਨਦੇਹੀ ਨਾਲ ਕੰਮ ਕਰਨ ਅਤੇ ਨਾਗਰਿਕਾਂ ਦੀਆਂ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕਰਨ ਨੂੰ ਯਕੀਨੀ ਬਣਾਉਣ ਦੀ ਹਿਦਾਇਤ ਵੀ ਕੀਤੀ। ਜੈਨ ਨੇ ਅਧਿਕਾਰੀਆਂ ਦੇ ਆਉਣ ਅਤੇ ਜਾਣ ਦੇ ਸਮੇਂ ਬਾਰੇ ਜਨਤਾ ਨੂੰ ਸੂਚਿਤ ਕਰਨ ਲਈ ਇੱਕ ਮੂਵਮੈਂਟ ਰਜਿਸਟਰ ਰੱਖਣ ਦੀ ਮਹੱਤਤਾ ’ਤੇ ਵੀ ਜ਼ੋਰ ਦਿੱਤਾ ਤਾਂ ਜੋ ਅਧਿਕਾਰੀਆਂ ਦੇ ਨਾਂ ਹੋਣ ਤੇ ਲੋਕਾਂ ਨੂੰ ਖੱਜਲ-ਖੁਆਰ ਹੋਣ ਤੋਂ ਬਚਾਇਆ ਜਾ ਸਕੇ।

ਆਪਣੇ ਦੌਰੇ ਦੌਰਾਨ ਡੀਸੀ ਆਸ਼ਿਕਾ ਜੈਨ ਨੇ ਜ਼ੀਰਕਪੁਰ ਦੇ ਲੋਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਚਿੰਤਾਵਾਂ ਨੂੰ ਵੀ ਸਮਝਿਆ। ਉਨ੍ਹਾਂ ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਉਨ੍ਹਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਡੀਸੀ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਅੱਗੇ ਆਉਣ ਅਤੇ ਆਪਣੇ ਸ਼ਹਿਰ ਦੇ ਵਿਕਾਸ ਵਿੱਚ ਯੋਗਦਾਨ ਪਾਉਣ। ਉਨ੍ਹਾਂ ਸੂਬੇ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਸਰਕਾਰ ਅਤੇ ਜਨਤਾ ਵਿਚਕਾਰ ਸਹਿਯੋਗੀ ਯਤਨਾਂ ਦੀ ਮਹੱਤਤਾ ’ਤੇ ਜ਼ੋਰ ਦਿੱਤਾ।

## ਸੁਪਰੀਮ ਕੋਰਟ ਦਾ Youtube ਚੈਨਲ ਹੋਇਆ ਹੈਕ

**ਨਵੀਂ ਦਿੱਲੀ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਤਕਨੀਕ ਦੇ ਇਸ ਦੌਰ ’ਚ ਹੈਕਰਾਂ ਨੇ ਸੁਪਰੀਮ ਕੋਰਟ ਦਾ ਯੂ-ਟਿਊਬ ਚੈਨਲ ਹੈਕ ਕਰ ਲਿਆ ਹੈ। ਇਸ ਯੂਟਿਊਬ ਚੈਨਲ ਨੂੰ ਹੈਕ ਕਰਨ ਤੋਂ ਬਾਅਦ ਹੈਕਰਾਂ ਨੇ ਸੁਪਰੀਮ ਕੋਰਟ ਆਫ ਇੰਡੀਆ ਦੀ ਥਾਂ ’ਤੇ Ripple ਲਿਖਿਆ ਹੈ। ਨਾਲ ਹੀ ਇਸ ਚੈਨਲ ’ਤੇ ਸੁਪਰੀਮ ਕੋਰਟ ਦੀਆਂ ਵੀਡੀਓਜ਼ ਦੀ ਬਜਾਏ ਕ੍ਰਿਪਟੋ ਵੀਡੀਓਜ਼ ਦਿਖਾਈਆਂ ਜਾ ਰਹੀਆਂ ਹਨ।

# ਸਵੱਛਤਾ ਹੀ ਸੇਵਾ ਤਹਿਤ ਵੇਸਟ ਟੂ ਆਰਟ ਡਿਸਪਲੇਅ ਗਤੀਵਿਧੀਆਂ ਕਰਵਾਈਆਂ




**ਪਟਿਆਲਾ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਵੱਛ ਭਾਰਤ ਮਿਸ਼ਨ ਤਹਿਤ ਸਵੱਛਤਾ ਹੀ ਸੇਵਾ ਮੁਹਿੰਮ ਦੇ ਪੰਦਰਵਾੜੇ ਦੀਆਂ ਰੋਜ਼ਾਨਾ ਗਤੀਵਿਧੀਆਂ ਕਰਦਿਆਂ ਜ਼ਿਲ੍ਹਾ ਪਟਿਆਲਾ ਪ੍ਰਸ਼ਾਸਨ ਦੇ ਵੱਖ-ਵੱਖ ਵਿਭਾਗਾਂ ਵੱਲੋਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਲਗਾਤਾਰ ਲੋਕਾਂ ਨੂੰ ਕੂੜੇ ਦੇ ਕੁਦਰਤ ਪੱਖੀ ਨਿਪਟਾਰੇ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।ਪਟਿਆਲਾ ਵਿਕਾਸ ਅਥਾਰਿਟੀ ਨੇ “ਵੇਸਟ ਟੂ ਆਰਟ ਡਿਸਪਲੇਅ“ ਤਹਿਤ ਮੁੱਖ ਪ੍ਰਸ਼ਾਸ਼ਕ ਮਨੀਸ਼ਾ ਰਾਣਾ ਤੇ ਵਧੀਕ ਮੁੱਖ ਪ੍ਰਸ਼ਾਸ਼ਕ ਜਸ਼ਨਪ੍ਰੀਤ ਕੌਰ ਗਿੱਲ ਦੀ ਅਗਵਾਈ ਤਹਿਤ ਅਰਬਨ ਅਸਟੇਟ, ਫੇਜ-2 ਵਿਖੇ ਪਾਰਕ ਨੰਬਰ 64 ਵਿਖੇ ਥੀਏਟਰ ਆਰਟਿਸਟ ਅਤੇ ਫਿਲਮੀ ਅਦਾਕਾਰ ਨਿਰਭੈ ਧਾਲੀਵਾਲ ਵੱਲੋਂ ਵੱਖ-ਵੱਖ ਵੇਸਟ ਆਈਟਮਾਂ ਦੀ ਵਰਤੋਂ ਕਰਦੇ ਹੋਏ ਤਿਆਰ ਕੀਤਾ ਗਿਆ ਡਿਸਪਲੇਅ ਦੇਖਿਆ ਗਿਆ।

ਜਿਕਰਯੋਗ ਹੈਕਿ ਵੱਖ-ਵੱਖ ਵੇਸਟ ਆਈਟਮਾਂ ਦੀ ਵਰਤੋਂ ਕਰਦੇ ਹੋਏ ਡਿਸਪਲੇਅ ਆਈਟਮਾਂ ਵਿੱਚ ਨਿਰਭੈ ਧਾਲੀਵਾਲ ਦਾ ਸਾਥ ਉਜਾਗਰ ਸਿੰਘ, ਜੱਸੀ ਜਟਾਣਾ, ਜਸ਼ਨ ਸਰਾਂ ਅਤੇ ਜਗਪਾਲ ਸਿੰਘ ਵੱਲੋਂ ਦਿੱਤਾ ਗਿਆ। ਇਸ ਮੌਕੇ ਪੀ.ਡੀ.ਏ ਦੇ ਬਾਗਬਾਨੀ ਵਿੰਗ ਦੇ ਇੰਜੀ: ਅਮਰਿੰਦਰ ਸਿੰਘ, ਉਪ ਮੰਡਲ ਇੰਜੀਨੀਅਰ (ਬਾਗਬਾਨੀ) ਅਤੇ ਜੇ.ਈ ਇੰਜੀ ਮਨਿੰਦਰ ਸਿੰਘ ਦੇ ਨਾਲ-ਨਾਲ ਪੀ.ਡੀ.ਏ ਦੇ ਵੱਖ-ਵੱਖ ਵਿੰਗ ਨਾਲ ਸਬੰਧਤ ਅਧਿਕਾਰੀ ਅਤੇ ਕਰਮਚਾਰੀ ਸ਼ਾਮਿਲ ਸਨ।

# ਸਵੱਛਤਾ ਦੀ ਸੇਵਾ ਮਹਾਨ ਸੇਵਾ ਹੈ: ਸਿਵਦੁਲਾਰ ਸਿੰਘ ਢਿਲੋ



**ਪਟਿਆਲਾ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਵੱਛ ਭਾਰਤ ਮਿਸ਼ਨ ਤਹਿਤ ‘ਸਵੱਛਤਾ ਦੀ ਸੇਵਾ’ ਚਲ ਰਹੇ ਪੰਦਰਵਾੜੇ ਮਨਾਂਉਂਦੀਆਂ ਇੰਡੀਅਨ ਰੈਡ ਕਰਾਸ ਸੁਸਾਇਟੀ ਸਕੇਤ ਹਸਪਤਾਲ,ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਪਟਿਆਲਾ ਸਾਂਝੇ ਉਪਰਾਲੇ ਸੱਦਕਾ ਬਡੂੰਗਰ ਰੋਡ ਨੇੜੇ ਸਕੇਤ ਹਸਪਤਾਲ ਕੋਲ ਸਫਾਈ ਅਭਿਆਨ ਸਿਵਦੁਲਾਰ ਸਿੰਘ ਢਿਲੋ (ਆਈ ਏ ਐਸ)ਦੀ ਅਗਵਾਈ ਵਿੱਚ ਸਵੱਛਤਾ ਅਭਿਆਨ ਚਲਾਇਆ ਗਿਆਂ ਜਿਸ ਵਿੱਚ ਆਮ ਆਦਮੀ ਪਾਰਟੀ ਦੇ ਬੁੱਧੀਜੀਵੀ ਸੈਲ ਦੇ ਜਿਲਾ ਪਟਿਆਲਾ ਦੇ ਪ੍ਰਧਾਨ ਹਰਨੇਕ ਸਿੰਘ ਢੋਟ ਨੇ ਸਿਰਕਤ ਕੀਤੀ ਉਹਨਾਂ ਨੇ ਕਿਹਾ ਸਵੱਛ ਭਾਰਤ ਮਿਸ਼ਨ ਤਹਿਤ’ਸਵੱਛਤਾ ਹੀ ਸੇਵਾ ਦੇ ਚਲ ਰਹੇ ਪੰਦਰਵਾੜੇ ਦੌਰਾਨ ਐਮ ਆਰ ਐਫ (ਮੈਟੀਰੀਅਲ ਰਿਕਵਰੀ ਫੈਸਿਲਟੀ) ਸੈਂਟਰ ਫੋਕਲ ਪੁਆਇੰਟ, ਜਿਥੇ ਗਿਲਾ,ਸੁੱਕਾ ਕੂੜਾ ਵੱਖ-ਵੱਖ ਕੀਤਾ ਜਾਂਦਾਂ ਹੈ।

ਪ੍ਰਮਿੰਦਰ ਕੋਰ ਮਨਚੰਦਾ ਡਾਇਰੈਕਟਰ ਨੇ ਲੋਕਾ ਨੂੰ ਅਪੀਲ ਕੀਤੀ ਖਾਸ ਕਰ ਕੇ ਸ਼ਹਿਰ ਵਾਸਿਆਂ ਨੂੰ ਅਪੀਲ ਕੀਤੀ ਕੂੜਾ ਘਟਾਉਣ ਮਿਉਸਪੱਲ ਕਾਰਪਰੇਸ਼ਨ ਸਾਥ ਦੇਣ ਸਕਣ ।ਹਰ ਨਾਗਿਰਕ ਆਪਣੀ ਜਿੰਮੇਵਾਰੀ ਸਮਝੱਦੇ ਹੋਏ ਆਪਣੇ ਘਰਾਂ ਵਿੱਚ ਪੈਦਾ ਕੂੜੇ ਨੂੰ ਘਟਾਵੇ ਦੂਸਰਾ ਸੋ ਫੀਸਦੀ ਗਿਲਾ ਤੇ ਸੁੱਕਾ ਵੱਖ-ਵੱਖ ਕਰਨਾ ਯਕੀਨੀ ਬਣਾਵੇ।ਪ੍ਰਧਾਨ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਉਪਕਾਰ ਸਿੰਘ ਦੱਸਿਆ ਮਹੁੱਤਵਪੂਰਨ ਗੱਲ, ਦੁਬਾਰਾ ਵਰਤੀ ਜਾਣ ਵਾਲੀਆਂ ਵਸਤਾਂ ਨੂੰ ਰੀਸਾਇਕਲ ਕਰਨ ਲ ਈ ਭੇਜੇ ਤਾ ਅਸੀਂ ਪਟਿਆਲਾ ਨੂੰ ਕੂੱੜਾ ਮੁਕਤ ਕਰਕੇ ‘ਹਰ ਮਨੁੱਖ ਲਾਵੇ ਦੋ ਰੁੱਖ’ਲਹਿਰ ਤਹਿਤ ਹਰਿਆ-ਭਰਿਆ ਤੇ ਸਾਫ-ਸੁੱਥਰਾ ਬਣਾ ਸਕਦੇ ਹਾਂ।

ਲੋਕਾ ਨੂੰ ਬੂਟੇ ਲਗਾਉਣ ਦੀ ਪ੍ਰੇਰਿਤ ਕੀਤਾ।ਰਮੇਸ ਧੀਮਾਨ ਤੀਲਕ ਰਾਜ ਗਰਗ ਸਮੰਹੂ ਸਟਾਫ ਸਕੇਤ ਹਸਪਤਾਲ ਨੇ ਸਹਿਯੋਗ ਕੀਤਾ ਇਹ ਸਵੱਛਤਾ ਦਾ ਮਿਜਨ 2 ਅਕਤੂਬਰ ਤੱਕ ਜਾਰੀ ਰਹੇਗਾ।

# ਪੰਜਾਬ ਸਰਕਾਰ ਨੇ ਕਾਲੇ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਦੌਰਾਨ ਜਾਨ ਗਵਾਉਣ ਵਾਲੇ ਕਿਸਾਨਾਂ ਦੇ 30 ਵਾਰਸਾਂ ਨੂੰ ਦਿੱਤੀਆਂ ਨੌਕਰੀਆਂ



**ਚੰਡੀਗੜ੍ਹ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਕਾਲੇ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਦੌਰਾਨ ਸ਼ਹਾਦਤ ਪਾਉਣ ਵਾਲੇ ਕਿਸਾਨਾਂ ਦੀ ਬਾਂਹ ਫੜ੍ਹਦਿਆਂ ਅੱਜ ਸੂਬੇ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਸ਼ਹੀਦ ਕਿਸਾਨਾਂ ਦੇ 30 ਵਾਰਸਾਂ ਨੂੰ ਨਿਯੁਕਤੀ ਪੱਤਰ ਸੌਂਪੇ ਹਨ। ਇਨ੍ਹਾਂ ਵਿੱਚੋਂ 25 ਜਣਿਆਂ ਨੂੰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਿੱਚ ਕਲਰਕ ਅਤੇ ਪੰਜ ਨੂੰ ਸੇਵਾਦਾਰ ਵਜੋਂ ਨਿਯੁਕਤੀ ਪੱਤਰ ਮਿਲੇ ਹਨ।

ਇਨ੍ਹਾਂ ਤੋਂ ਇਲਾਵਾ ਪਸ਼ੂ ਪਾਲਣ ਵਿਭਾਗ ਵਿੱਚ ਦੋ ਵੈਟਰਨਰੀ ਇੰਸਪੈਕਟਰਾਂ ਅਤੇ ਚਾਰ ਕਲਰਕਾਂ, ਜਿਨ੍ਹਾਂ ਵਿੱਚੋਂ ਤਿੰਨ ਕਲਰਕਾਂ ਨੂੰ ਤਰਸ ਦੇ ਆਧਾਰ ਉਤੇ ਨੌਕਰੀ ਮਿਲੀ ਹੈ, ਤੋਂ ਇਲਾਵਾ ਡੇਅਰੀ ਵਿਕਾਸ ਵਿਭਾਗ ਵਿੱਚ ਦੋ ਸਟੈਨੋਗ੍ਰਾਫਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਹਨ। . ਗੁਰਮੀਤ ਸਿੰਘ ਖੁੱਡੀਆਂ ਨੇ ਨਵ-ਨਿਯੁਕਤ ਮੁਲਾਜ਼ਮਾਂ ਨੂੰ ਵਧਾਈ ਦਿੰਦਿਆਂ ਪੰਜਾਬ ਦੇ ਵਿਕਾਸ ਅਤੇ ਸੂਬੇ ਦੇ ਲੋਕਾਂ ਨੂੰ ਪਾਰਦਰਸ਼ੀ ਅਤੇ ਸੁਚਾਰੂ ਢੰਗ ਨਾਲ ਸੇਵਾਵਾਂ ਪ੍ਰਦਾਨ ਕਰਨ ਲਈ ਪੂਰੀ ਇਮਾਨਦਾਰੀ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਹੁਣ ਤੱਕ ਵੱਖ-ਵੱਖ ਵਿਭਾਗਾਂ ਵਿੱਚ 44,974 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਹ ਭਰਤੀ ਨਿਰੋਲ ਮੈਰਿਟ ਦੇ ਆਧਾਰ ਉਤੇ ਪਾਰਦਰਸ਼ੀ ਢੰਗ ਨਾਲ ਕੀਤੀ ਗਈ ਹੈ।

ਇਸ ਮੌਕੇ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ, ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਡਾ. ਗੁਰਸ਼ਰਨਜੀਤ ਸਿੰਘ ਬੇਦੀ, ਡੇਅਰੀ ਵਿਕਾਸ ਵਿਭਾਗ ਦੇ ਡਾਇਰੈਕਟਰ ਕੁਲਦੀਪ ਸਿੰਘ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਖੇਤੀਬਾੜੀ ਵਿਭਾਗ ਵਲੋਂ ਪਰਾਲੀ ਪ੍ਰਬੰਧਨ ਸਬੰਧੀ ਲੁਬਾਨਿਆਂਵਾਲੀ ਵਿਖੇ ਲਗਾਇਆ ਗਿਆ ਜਾਗਰੂਕਤਾ ਕੈਂਪ

**ਸ੍ਰੀ ਮੁਕਤਸਰ ਸਾਹਿਬ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਖੇਤੀਬਾੜੀ ਅਫਸਰ ਸ਼੍ਰੀ ਮੁਕਤਸਰ ਸਾਹਿਬ , ਡਾ ਗੁਰਨਾਮ ਸਿੰਘ ਪੰਡੋਰੀ ਦੇ ਦਿਸ਼ਾ ਨਿਰਦੇਸ਼ਾ ਤਹਿਤ ਪਿੰਡ ਲੁਬਾਨਿਆਂਵਾਲੀ ਵਿਖੇ ਪਰਾਲੀ ਪ੍ਰਬੰਧਨ ਸਬੰਧੀ ਕਿਸਾਨ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ, ਇਸ ਕੈਂਪ ਵਿੱਚ ਸ. ਸੁਰਜੀਤ ਸਿੰਘ, ਚੇਅਰਮੈਨ ਮਾਰਕਿਟ ਕਮੇਟੀ ਸ਼੍ਰੀ ਮੁਕਤਸਰ ਸਾਹਿਬ ਵੱਲੋਂ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ ਗਈ ਅਤੇ ਬੂਟੇ ਲਗਵਾ ਕੇ ਕੈਂਪ ਦਾ ਉਦਘਾਟਨ ਕੀਤਾ ਗਿਆ ।ਕੈਂਪ ਦੌਰਾਨ ਜੋਬਨਦੀਪ ਸਿੰਘ ਖੇਤੀਬਾੜੀ ਵਿਕਾਸ ਅਫਸਰ ਨੇ ਝੋਨਾ ਅਤੇ ਬਾਸਮਤੀ ਦੀ ਸੁਚੱਜੀ ਕਾਸ਼ਤ ਸਬੰਧੀ ਜਾਣਕਾਰੀ ਦਿੱਤੀ ਅਤੇ ਕਿਸਾਨਾਂ ਨੂੰ ਮਿੱਟੀ ਪਰਖ ਅਧਾਰ ਤੇ ਖਾਦਾਂ ਦੀ ਵਰਤੋਂ ਕਰਨ ਸਬੰਧੀ ਪ੍ਰੇਰਿਤ ਕੀਤਾ । ਉਹਨਾਂ ਕਿਸਾਨਾਂ ਨੂੰ ਬਾਸਮਤੀ ਤੇ ਪਾਬੰਦੀਸ਼ੁਦਾ ਕੀਟਨਾਸ਼ਕਾਂ ਦੀ ਵਰਤੋਂ ਨਾ ਕਰਨ ਸਬੰਧੀ ਜਾਗਰੂਕ ਕੀਤਾ ।

ਉਹਨਾਂ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਪਰਾਲੀ ਨੂੰ ਖੇਤਾਂ ਵਿੱਚ ਹੀ ਵਾਹਿਆ ਜਾਵੇ, ਜਿਸ ਨਾਲ ਆਉਣ ਵਾਲੀਆਂ ਅਗਲੀਆਂ ਫਸਲਾਂ ਨੂੰ ਬਹੁਤ ਫਾਇਦਾ ਹੁੰਦਾ ਹੈ।

# ਐਡੀਸ਼ਨਲ ਸੈਸ਼ਨ ਜੱਜ ਦੀ ਅਦਾਲਤ ਵੱਲੋਂ ਕਤਲ ਦੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ

**ਫਾਜ਼ਿਲਕਾ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਡੀਸ਼ਨਲ ਸੈਸ਼ਨ ਜੱਜ ਫਾਜ਼ਿਲਕਾ ਸ੍ਰੀ ਅਜੀਤ ਪਾਲ ਸਿੰਘ ਦੀ ਅਦਾਲਤ ਨੇ ਸਾਲ 2020 ਵਿੱਚ ਵਾਪਰੇ ਇੱਕ ਕਤਲ ਦੇ ਮਾਮਲੇ ਵਿੱਚ ਤਿੰਨ ਲੋਕਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਜਦਕਿ ਉਹਨਾਂ ਦੇ ਚੌਥੇ ਸਾਥੀ ਨੂੰ ਪੰਜ ਸਾਲਾਂ ਦੀ ਸਜ਼ਾ ਸੁਣਾਈ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਕੇਸ ਵਿੱਚ ਸੀਟੀ ਥਾਣਾ ਅਬੋਹਰ ਇੱਕ ਵਿਖੇ ਐਫਆਈਆਰ ਨੰਬਰ 148 ਮਿਤੀ 25 ਜੂਨ 2020 ਅਧੀਨ ਧਾਰਾ 302, 201, 120 ਬੀ, 34 ਆਈਪੀਸੀ ਅਤੇ ਆਰਮਸ ਐਕਟ ਦੀ ਧਾਰਾ 25 ਦੇ ਤਹਿਤ ਮੁਕਦਮਾ ਦਰਜ ਕੀਤਾ ਗਿਆ ਸੀ।

ਇਹ ਮੁਕਦਮਾ ਸੁਖਚਰਨ ਸਿੰਘ ਦੇ ਬਿਆਨਾਂ ਤੇ ਦਰਜ ਕੀਤਾ ਗਿਆ ਸੀ। ਮੁਕਦਮੇ ਅਨੁਸਾਰ ਸ਼ਿਕਾਇਤ ਕਰਤਾ ਦੇ ਪੁੱਤਰ ਗੁਰਵਿੰਦਰ ਸਿੰਘ ਜੋ ਕਿ ਪਲਿਸ ਵਿਭਾਗ ਵਿਚ ਨੌਕਰੀ ਕਰਦਾ ਸੀ ਨੂੰ ਕਾਰ ਸਵਾਰ ਦੋਸ਼ੀਆਂ ਨੇ ਉਹਨਾਂ ਦੀ ਗਲੀ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ।

ਮੁਕਦਮੇ ਦੀ ਸੁਣਵਾਈ ਕਰਦਿਆਂ ਸਾਰੇ ਤੱਥਾਂ ਅਤੇ ਗਵਾਹਾਂ ਦੇ ਆਧਾਰ ਤੇ ਮਾਨਯੋਗ ਵਧੀਕ ਸੈਸ਼ਨ ਜੱਜ ਸ੍ਰੀ ਅਜੀਤ ਪਾਲ ਸਿੰਘ ਦੀ ਅਦਾਲਤ ਨੇ ਤਿੰਨ ਦੋਸ਼ੀਆਂ ਨਮਨਦੀਪ ਗੋਦਾਰਾ, ਵਿਕਰਮਜੀਤ ਅਤੇ ਵਿਜੇ ਲਕਸ਼ਮੀ ਨੂੰ ਧਾਰਾ 302, 120 ਬੀ ਅਤੇ 34 ਆਈਪੀਸੀ ਦੇ ਤਹਿਤ ਉਮਰ ਕੈਦ ਦੀ ਸਜ਼ਾ ਅਤੇ 10-10 ਹਜਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਜੁਰਮਾਨਾ ਅਦਾ ਨਾ ਕਰਨ ਤੇ ਦੋ ਸਾਲ ਵਾਧੂ ਸਜ਼ਾ ਭੁਗਤਨੀ ਪਵੇਗੀ। ਇਸੇ ਤਰ੍ਹਾਂ ਇਹਨਾਂ ਤਿੰਨਾਂ ਨੂੰ ਧਾਰਾ 201 ਦੇ ਤਹਿਤ ਤਿੰਨ ਸਾਲਾਂ ਦੀ ਸਖਤ ਕੈਦ ਦੀ ਸਜ਼ਾ ਸੁਣਾਈ ਗਈ ਹੈ ਅਤੇ 10-10 ਹਜਾਰ ਰੁਪਏ ਜੁਰਮਾਨਾ ਕੀਤਾ ਗਿਆ ਹੈ। ਜੁਰਮਾਨਾ ਅਦਾ ਨਾ ਕਰਨ ਤੇ ਇੱਕ ਸਾਲ ਵਾਧੂ ਸਜ਼ਾ ਭੁਗਤਣੀ ਪਵੇਗੀ। ਇਸੇ ਤਰਾਂ 25 ਆਰਮਸ ਐਕਟ ਦੇ ਤਹਿਤ ਵੀ ਇਹਨਾਂ ਨੂੰ ਪੰਜ ਪੰਜ ਸਾਲ ਦੀ ਸਜ਼ਾ ਸੁਣਾਈ ਗਈ ਹੈ ਅਤੇ ਨਾਲ ਦੀ ਨਾਲ 10-10 ਹਜਾਰ ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ। ਜੁਰਮਾਨਾ ਅਦਾ ਨਾ ਕਰਨ ਤੇ ਇਹਨਾਂ ਨੂੰ ਇੱਕ ਇੱਕ ਸਾਲ ਹੋਰ ਸਜ਼ਾ ਭੁਗਤਣੀ ਪਵੇਗੀ। ਇਹਨਾਂ ਦੇ ਚੌਥੇ ਸਾਥੀ ਨਰੇਸ਼ ਕੁਮਾਰ ਨੂੰ 25 ਆਰਮਸ ਐਕਟ ਦੇ ਤਹਿਤ ਪੰਜ ਸਾਲਾਂ ਦੀ ਸਖਤ ਕੈਦ ਦੀ ਸਜ਼ਾ ਸੁਣਾਈ ਗਈ ਹੈ ਅਤੇ 10 ਹਜਾਰ ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ। ਜੁਰਮਾਨਾ ਅਦਾ ਨਾ ਕਰਨ ਤੇ ਇੱਕ ਸਾਲ ਦੀ ਵਾਧੂ ਕੈਦ ਭੁਗਤਨੀ ਪਏਗੀ।

**ਇੱਛਾ ਨੂੰ ਆਦਮੀ ਦੀ ਆਬਰੂ ਦਾ ਰੁਤਬਾ ਹਾਸਲ ਹੁੰਦਾ ਹੈ। ਉਸ ਦੇ ਵਿਧਾਨ ਨਾਲ ਜ਼ਿੰਦਗੀ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ।**

# ਮਨੁੱਖੀ ਇਛਾਵਾਂ ਤੇ ਹਕੀਕਤ

ਗਿਆਨ ਨੂੰ ਹਾਸਲ ਕਰਨ ਲਈ ਇਕਾਗਰ ਹੋਣਾ ਪੈਂਦਾ ਹੈ। ਅੱਜ ਕੱਲ੍ਹ ਬਹੁਤ ਸਾਰੀਆਂ ਸ਼ਰਾਰਤੀ ਵਿਉਂਤਬੰਦੀਆਂ ਵਿਚਲੇ ਸੁਆਰਥੀ ਸਿਲਸਿਲੇ ਮਨੁੱਖੀ ਮਨ ਨੂੰ ਚੰਚਲਤਾ ਅਤੇ ਚਲਾਕੀਆਂ ਵੱਲ ਲੈ ਕੇ ਜਾ ਰਹੇ ਹਨ। ਸੂਝਵਾਨ ਬਣ ਕੇ ਜਿਊਣ ਵਾਲੀ ਤਮੰਨਾ ਆਦਮੀ ਨੂੰ ਤੰਦਰੁਸਤ ਬਣਾਈ ਰੱਖਦੀ ਹੈ।

ਇੱਛਾ ਨੂੰ ਆਦਮੀ ਦੀ ਆਬਰੂ ਦਾ ਰੁਤਬਾ ਹਾਸਲ ਹੁੰਦਾ ਹੈ। ਇੱਛਾਵਾਂ, ਰੁਚੀਆਂ, ਸੱਧਰਾਂ, ਸੋਚ, ਸਮਝ, ਸਰੋਕਾਰ, ਸਬੰਧ, ਵਿਸ਼ਵਾਸ਼, ਵਿਧੀ ਅਤੇ ਵਿਧਾਨ ਦੁਆਰਾ ਜ਼ਿੰਦਗੀ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ। ਇੱਥੇ ਆ ਕੇ ਸਾਡੇ ਸਾਹਮਣੇ ਇਕਦਮ ਇਕ ਨੁਕਤਾ ਉਜਾਗਰ ਹੋਣ ਲੱਗ ਪੈਂਦਾ ਹੈ ਕਿ ਆਪਣੇ ਇਸ ਮੁਲਕ ਨੂੰ ਕੁਦਰਤ ਵੱਲੋਂ ਦਿੱਤੀਆਂ ਸੈਂਕੜੇ ਕਿਸਮ ਦੀਆਂ ਨਿਆਮਤਾਂ ਦੇ ਹੁੰਦਿਆਂ ਕਰੋੜਾਂ ਭਾਰਤ ਨਿਵਾਸੀ ਗ਼ਰੀਬ ਕਿਉਂ ਹਨ? ਨਰਕ ਵਰਗੇ ਹਾਲਾਤ ਆਖਦੇ ਰਹਿੰਦੇ ਹਨ ਕਿ ਅਸੀਂ ਅਜੇ ਆਪਣੇ ਹੱਕ ਪ੍ਰਾਪਤ ਕਰਨ ਦੇ ਵਿਧਾਨਿਕ ਤੱਤ ਤੋਂ ਦੂਰ ਖੜ੍ਹੇ ਹਾਂ। ਹੱਕ ਪ੍ਰਾਪਤ ਕਰਨ ਵਾਲੇ ਤਰੀਕੇ ਨੂੰ ਹੁਨਰ ਕਿਹਾ ਜਾ ਸਕਦਾ ਹੈ। ਹੱਕ ਪ੍ਰਾਪਤ ਕਰਨ ਵਾਲੀ ਇੱਛਾ ਨੂੰ ਹਕੀਕਤ ਕਿਹਾ ਜਾ ਸਕਦਾ ਹੈ। ਹੱਕ ਪ੍ਰਾਪਤ ਕਰਨ ਵਾਲੀ ਵਿੱਦਿਆ ਨੂੰ ਵਿਵੇਕ ਕਿਹਾ ਜਾਂਦਾ ਹੈ।



ਓਮ ਪ੍ਰਕਾਸ਼ ਗਾਸੋ
94635-61123

ਰੌਲੇ ਅਤੇ ਭੀੜ ਵਾਲੇ ਫਾਲਤੂ ਕਿਸਮ ਦੇ ਪਾਠ ਅਤੇ ਪ੍ਰਕਰਣ ਸਿਆਸੀ ਸ਼ੋਸ਼ੇਬਾਜ਼ੀ ਕਾਰਨ ਸਮਾਜਿਕ ਅਤੇ ਸੱਭਿਆਚਾਰਕ, ਆਰਥਿਕ ਅਤੇ ਸੰਸਕ੍ਰਿਤਿਕ ਬੋਝ ਪੈਦਾ ਕਰਦੇ ਰਹਿੰਦੇ ਹਨ। ਸੁਚੇਤ ਬਣ ਕੇ ਗਤੀਸ਼ੀਲ ਹੋਣ ਵਾਲਾ ਸਮਾਜ ਕਦੇ ਵੀ ਸੰਵੇਦਨਸ਼ੀਲ ਭਾਵਨਾ ਨੂੰ ਤਿਲਾਂਜਲੀ ਨਹੀ ਦਿੰਦਾ। ਅੱਜ ਕੱਲ੍ਹ ਆਪਣੇ ਇਸ ਸਮੇਂ ਵਿਚ ਅਸੀ ਸਮੱਸਿਆਵਾਂ ਦੇ ਮੂਲ ਨੂੰ ਸਮਝਣ 'ਚ ਕੁਤਾਹੀ ਭਾਵ ਅਣਗਹਿਲੀ ਕਰ ਰਹੇ ਹਾਂ।

ਇਸ ਦਾ ਮਤਲਬ ਇਹ ਬਣਦਾ ਹੈ ਕਿ ਜਿਉਂ-ਜਿਉਂ ਕੋਈ ਸੰਘਰਸ਼ਸ਼ੀਲ ਸਿਲਸਿਲਾ, ਪਛਾਣ, ਪਰਖ ਅਤੇ ਪੜਤਾਲ ਤੋਂ ਦੂਰ ਹੁੰਦਾ ਜਾਵੇਗਾ ਤਿਉਂ-ਤਿਉਂ ਉਲਝਣਾਂ ਵਧਦੀਆਂ ਜਾਣਗੀਆਂ। ਸੁਲਝਾ ਨੂੰ ਸਮਾਧਾਨ ਭਾਵ ਇਲਾਜ ਆਖਿਆ ਜਾ ਸਕਦਾ ਹੈ। ਤੰਦਰੁਸਤ ਇੱਛਾ ਦੁਆਰਾ ਹੀ ਸਹੀ ਇਲਾਜ ਦੀ ਪ੍ਰਾਪਤੀ ਹੋ ਸਕਦੀ ਹੈ।

ਅਣਹੋਣੀਆਂ ਦੀ ਜਾਣਕਾਰੀ ਵਾਸਤੇ ਸਾਡੇ ਆਪਣੇ ਸਮੇਂ ਅਤੇ ਸਮਾਜ ਨੂੰ ਸਾਰਥਿਕਤਾ, ਜਿਗਿਆਸਾ, ਵਿਸ਼ਵਾਸ, ਸੰਕਲਪ, ਸਿਧਾਂਤ ਅਤੇ ਹੁਨਰ ਪ੍ਰਤੀ ਸੁਚੇਤ ਹੋਣਾ ਪਵੇਗਾ। •

• ਗ੍ਰਾਫਿਕਸ : ਰਾਜੂ ਫੋਟੋ

# ਧੀਆਂ ਦੂਰ ਨਾ ਦਈਏ



ਸੁਖਦੇਵ ਮਾਦਪੁਰੀ
94630-34472



ਪੰਜਾਬੀ ਸਮਾਜ ਮੁੱਖ ਤੌਰ 'ਤੇ ਕਿਸਾਨੀ ਅਧਾਰਤ ਹੈ। ਇਸ ਵਿਚ ਮੁੰਡੇ ਦੇ ਜਨਮ ਅਤੇ ਵਿਆਹ ਦੀ ਵਿਸ਼ੇਸ਼ ਮਹੱਤਤਾ ਰਹੀ ਹੈ। ਇਹ ਦੋਨੋਂ ਮੌਕੇ ਸਮੁੱਚੇ ਪੇਂਡੂ ਭਾਈਚਾਰੇ ਲਈ ਖ਼ੁਸ਼ੀਆਂ ਮਾਣਨ ਅਤੇ ਮਨਾਉਣ ਦੇ ਅਵਸਰ ਪ੍ਰਦਾਨ ਕਰਦੇ ਰਹੇ ਹਨ। ਇਸ ਲਈ ਸਮੂਹ ਪੰਜਾਬੀ ਵਿਆਹ ਨੂੰ ਬੜੀ ਤਬੀਰਤਾ ਨਾਲ ਉਡੀਕਦੇ ਹਨ। ਸੁਹਾਗ ਅਤੇ ਘੋੜੀਆਂ ਵਿਆਹ ਦੇ ਪ੍ਰਮੁੱਖ ਲੋਕ-ਗੀਤ ਹਨ। ਧੀ ਵਾਲੇ ਘਰ ਸੁਹਾਗ ਗਾਏ ਜਾਂਦੇ ਹਨ ਅਤੇ ਮੁੰਡੇ ਵਾਲੇ ਘਰ ਘੋੜੀਆਂ ਗਾਉਣ ਦੀ ਪਰੰਪਰਾ ਹੈ।

## ਔਰਤ ਮਨ ਦੇ ਮਨੋਭਾਵਾਂ ਦੀ ਤਰਜਮਾਨੀ

ਸੁਹਾਗ ਔਰਤਾਂ ਮਨ ਦੇ ਮਨੋਭਾਵਾਂ ਦੀ ਤਰਜਮਾਨੀ ਕਰਨ ਵਾਲੇ ਗੀਤ ਹਨ। ਮਰਦ ਦੀ ਸਰਦਾਰੀ ਕਾਰਨ ਔਰਤ ਸਦੀਆਂ ਤੋਂ ਦਬੀ ਰਹੀ ਹੈ। ਵਿਆਹ ਦੇ ਮੌਕੇ 'ਤੇ ਗਾਏ ਜਾਂਦੇ ਸੁਹਾਗ ਗੀਤ ਉਸ ਨੂੰ ਆਪਣੇ ਦਿਲ ਦੀ ਦਾਸਤਾਨ ਬਿਆਨ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ। ਇਨ੍ਹਾਂ ਦੀ ਸਿਰਜਣਾ ਔਰਤ ਨੇ ਆਪ ਕੀਤੀ ਹੈ। ਇਹ ਸੰਬੋਧਨੀ ਗੀਤ ਹਨ ਜਿਨ੍ਹਾਂ ਵਿਚ ਧੀ ਆਪਣੇ ਮਨ ਦੀ ਗੱਲ ਕਹਿਣ ਲਈ ਆਪਣੀ ਮਾਂ ਜਾਂ ਦਾਦੀ ਨੂੰ ਸੰਬੋਧਿਤ ਹੁੰਦੀ ਹੈ ਅਤੇ ਆਪਣੇ ਵਰ, ਸਹੁਰਾ ਪਰਿਵਾਰ, ਦਾਜ-ਦਹੇਜ ਅਤੇ ਹੋਰ ਲਾਭ-ਯੁਕਤ ਕਾਰਜਾਂ ਲਈ ਆਪਣੇ ਦਾਦੇ, ਬਾਬਲ, ਭਰਾ ਅਤੇ ਮਾਮੇ ਨੂੰ ਮੁਖ਼ਾਤਿਬ ਹੋ ਕੇ ਆਪਣੀਆਂ ਭਾਵਨਾਵਾਂ ਅਤੇ ਇਛਾਵਾਂ ਦਾ ਇਜ਼ਹਾਰ ਕਰਦੀ ਹੈ।

## ਧੀਆਂ ਦੇ ਅਰਮਾਨ

ਧੀਆਂ ਦੇ ਵੀ ਆਪਣੇ ਅਰਮਾਨ ਹਨ, ਭਾਵਨਾਵਾਂ ਹਨ ਭਾਵੇਂ ਉਹ ਖੁੱਲ੍ਹ ਕੇ ਆਪਣੇ ਦਿਲ ਦੀ ਗੱਲ ਨਹੀਂ ਸੀ ਕਰ ਸਕਦੀਆਂ ਪਰੰਤੂ ਉਹ ਆਪਣੇ ਵਰ ਅਤੇ ਸਹੁਰੇ ਪਰਿਵਾਰ ਦੀ ਚੋਣ ਸਬੰਧੀ ਚਾਹਤ ਦਾ ਪ੍ਰਗਟਾਵਾ ਸੁਹਾਗ ਗੀਤਾਂ ਦੇ ਮਾਧਿਅਮ ਰਾਹੀਂ ਕਰ ਲੈਂਦੀਆਂ ਸਨ :

ਵਰ ਜੋ ਟੋਲਣ ਚੱਲਿਆ ਪਿਓ ਮੇਰਿਆ
ਪੱਲੇ ਬੰਨ੍ਹ ਲੈ ਬਾਬਲਾ ਦੰਮ ਵੇ
ਚੋਪੜ ਖੇਲਦੇ ਦੋ ਜਾਣੇ
ਪਿਓ ਮੇਰਿਆ ਰਾਜੇ ਬੰਸੀਆ ਵੇ
ਇੱਕੋ ਸਹੇੜੇ ਛੈਲ ਵੇ
ਇਕ ਦੇ ਹੱਥ ਬੰਸਰੀ
ਦੂਜੇ ਹੱਥ ਮੋਰ ਵੇ
ਵੱਜਣ ਲੱਗੀ ਬੰਸਰੀ
ਕੂਕਣ ਲੱਗੇ ਮੋਰ ਵੇ
ਗੋਰਾ-ਗੋਰਾ ਮੈਂ ਵਰਾਂ
ਕਾਲੇ ਸਹੇੜੇ ਕੋਈ ਹੋਰ ਵੇ...

## ਗੋਰੇ ਤੇ ਛੈਲ ਛਬੀਲੇ ਵਰ ਦੀ ਚਾਹਤ

ਗੋਰੇ ਤੇ ਛੈਲ ਛਬੀਲੇ ਵਰ ਦੀ ਚਾਹਤ ਉਪਰੰਤ ਹਰ ਮੁਟਿਆਰ ਚਾਹੁੰਦੀ ਹੈ ਕਿ ਉਸ ਦਾ ਸਹੁਰਾ ਪਰਿਵਾਰ ਪਰੀ- ਪੂਰਨ ਅਤੇ ਰੱਜਿਆ ਪੁੱਜਿਆ ਹੋਵੇ। ਉਹ ਇਹ ਵੀ ਲੋਚਦੀ ਹੈ ਕਿ ਉਸ ਦਾ ਸਹੁਰਾ ਪਿੰਡ ਉਸ ਦੇ ਪੇਕੇ ਪਿੰਡ ਤੋਂ ਬਹੁਤਾ ਦੂਰ ਨਾ ਹੋਵੇ। ਉਨ੍ਹਾਂ ਵੇਲਿਆਂ ਵਿਚ ਆਵਾਜਾਈ ਦੇ ਸਾਧਨ ਸੀਮਤ ਸਨ। ਦੁਸ਼ਵਾਰ ਰਾਹਾਂ ਕਾਰਨ ਸਹੁਰੀ ਬੈਠੀ ਧੀ ਨੂੰ ਵਰ੍ਹਿਆਂ ਬੱਧੀ ਕੋਈ ਮਿਲਣ ਨਹੀਂ ਸੀ ਜਾਂਦਾ। ਵਿਚਾਰੀ ਝੂਰਦੀ ਰਹਿੰਦੀ ਇਸੇ ਲਈ ਉਹ ਆਪਣੇ ਬਾਬਲ ਨੂੰ ਬਹੁਤੀ ਦੂਰ ਰਿਸ਼ਤਾ ਕਰਨ ਤੋਂ ਹੋੜਦੀ ਹੈ :

ਮੈਂ ਤੈਨੂੰ ਵਰਜਦੀ ਬਾਬਲਾ ਵੇ
ਧੀਆਂ ਦੂਰ ਨਾ ਦਈਏ
ਦੂਰਾਂ ਦੀਆਂ ਵਾਟਾਂ ਲੰਮੀਆਂ
ਵੇ ਸਾਥੋਂ ਤੁਰਿਆ ਨਾ ਜਾਵੇ
ਤੁਰਦੀ ਆਂ ਛਮ-ਛਮ ਰੋਨੀ ਆਂ
ਵੇ ਨੈਣੀਂ ਨੀਂਦ ਨਾ ਆਵੇ...

**ਧੀ ਦੀ ਡੋਲੀ ਤੋਰਨ ਦਾ ਦ੍ਰਿਸ਼ ਅਤਿ ਕਰੁਣਾਮਈ ਹੁੰਦਾ ਹੈ। ਉਸ ਦੀਆਂ ਸਹੇਲੀਆਂ ਦਰਦੀਲੇ ਗੀਤ ਗਾ ਕੇ ਸਾਰੇ ਮਾਹੌਲ ਨੂੰ ਸੋਗੀ ਬਣਾ ਦਿੰਦੀਆਂ ਹਨ...**

## ਪਿਤਾ ਦੀ ਚੋਣ 'ਤੇ ਵਾਰੇ-ਵਾਰੇ ਜਾਣਾ

ਜਦੋਂ ਉਸ ਨੂੰ ਆਪਣੇ ਮਨ ਪਸੰਦ ਦਾ ਵਰ ਪ੍ਰਾਪਤ ਹੋ ਜਾਂਦਾ ਹੈ ਤਾਂ ਉਸ ਦੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਹੀਂ ਰਹਿੰਦਾ। ਉਹ ਆਪਣੇ ਪਿਤਾ ਦੀ ਚੋਣ 'ਤੇ ਵਾਰੇ-ਵਾਰੇ ਜਾਂਦੀ ਹੈ। ਧੀ ਦੇ ਵਿਆਹ ਦੇ ਕਾਰਜ ਨੂੰ ਪਵਿੱਤਰ ਤੇ ਪੁੰਨ ਵਾਲਾ ਕਾਰਜ ਸਮਝਿਆ ਜਾਂਦਾ ਸੀ। ਓਦੋਂ ਆਨੰਦ ਕਾਰਜ ਦੀ ਰਸਮ ਸ਼ੁਰੂ ਨਹੀਂ ਸੀ ਹੋਈ ਪੰਡਤ-ਪਾਧੇ ਬੇਦੀ ਦੇ ਦੁਆਲੇ ਲਾੜਾ, ਲਾੜੀ ਦੀਆਂ ਭੁਆਂਟਣੀਆਂ ਦੇ ਕੇ ਇਹ ਰਸਮ ਅਦਾ ਕਰਦੇ ਸਨ। ਇਸ ਰਸਮ ਨੂੰ ਸਾਹਾ ਸਧਾਉਣ ਦੀ ਰਸਮ ਕਹਿੰਦੇ ਸਨ। ਇਸ ਬਦਲੇ ਪੰਡਤ ਪਾਧੇ ਨੂੰ ਗਊਆਂ ਦਾਨ ਵਜੋਂ ਦੇਣ ਦਾ ਰਿਵਾਜ ਸੀ ਤੇ ਧੀਆਂ ਦੇ ਦਾਨ ਜਵਾਈ ਲੈਂਦੇ ਸਨ :

ਬੇਦੀ ਦੇ ਅੰਦਰ ਮੇਰਾ ਬਾਬਾ ਬੁਲਾਵੇ
ਸੱਦਿਆਂ ਬਾਝ ਕਿਉਂ ਨੀਂ ਆਉਂਦਾ
ਵੇ ਰੰਗ ਰਤੜਿਆ ਕਾਨ੍ਹਾਂ
ਗਊਆਂ ਦੇ ਦਾਨ ਪਾਧੇ ਪੰਡਤ ਲੈਂਦੇ
ਧੀਆਂ ਦੇ ਦਾਨ ਜਮਾਈ
ਵੇ ਰੰਗ ਰਤੜਿਆ ਕਾਨ੍ਹਾਂ
ਦਿੱਤੜੇ ਦਾਨ ਕਿਉਂ ਨੀਂ ਲੈਂਦਾ
ਵੇ ਰੰਗ ਰਤੜਿਆ ਕਾਨ੍ਹਾਂ...

## ਧੀ ਦਾ ਰੁਦਨ

ਧੀ ਦੇ ਮਾਪੇ ਚਾਹੇ ਕਿੰਨੇ ਵੀ ਬਖ਼ਤਾਵਰ ਹੋਣ ਪਰੰਤੂ ਉਨ੍ਹਾਂ ਦੀ ਸਥਿਤੀ ਧੀ ਦੇ ਸਹੁਰਿਆਂ ਨਾਲੋਂ ਦੁਜੈਲੀ ਹੁੰਦੀ ਹੈ। ਧੀ ਦਾ ਬਾਬਾ ਤੇ ਬਾਬਲ ਗਲ ਵਿਚ ਪੱਲਾ ਪਾ ਕੇ ਉਸ ਦਾ ਸਾਹਾ ਸਧਾਉਂਦੇ ਹਨ। ਧੀ ਦੀ ਡੋਲੀ ਤੋਰਨ ਦਾ ਦ੍ਰਿਸ਼ ਅਤਿ ਕਰੁਣਾਮਈ ਹੁੰਦਾ ਹੈ। ਉਸ ਦੀਆਂ ਸਹੇਲੀਆਂ ਦਰਦੀਲੇ ਗੀਤ ਗਾ ਕੇ ਸਾਰੇ ਮਾਹੌਲ ਨੂੰ ਸੋਗੀ ਬਣਾ ਦਿੰਦੀਆਂ ਹਨ। ਵਿਦਾ ਹੋ ਰਹੀ ਧੀ ਦਾ ਰੁਦਨ ਝੱਲਿਆ ਨੀਂ ਜਾਂਦਾ। •



# ਬੱਚੇ ਨੂੰ ਚੰਗੇ ਮਾੜੇ ਦੀ ਪਛਾਣ ਕਰਵਾਓ

ਬਚਪਨ ਇਕ ਅਜਿਹੀ ਅਵਸਥਾ ਹੈ ਜਿਸ ਸਮੇਂ ਬੱਚੇ ਨੂੰ ਚੰਗੇ ਮਾੜੇ ਦੀ ਪਛਾਣ ਨਹੀਂ ਹੁੰਦੀ। ਇਸ ਉਮਰੇ ਪਈਆਂ ਆਦਤਾਂ ਸਮਾਂ ਪਾ ਕੇ ਪੱਕ ਜਾਂਦੀਆਂ ਹਨ। ਇਸ ਕਰਕੇ ਮਾਂ ਬਾਪ ਨੂੰ ਚਾਹੀਦਾ ਹੈ ਕਿ ਬੱਚਿਆਂ ਨੂੰ ਮਾੜੀਆਂ ਆਦਤਾਂ ਬਚਪਨ ਵਿਚ ਹੀ ਨਾ ਪੈਣ ਦਿੱਤੀਆਂ ਜਾਣ। ਇਸ ਉਮਰੇ ਚੰਗੀਆਂ ਆਦਤਾਂ ਪਾਉਣੀਆਂ ਵੱਡੀ ਉਮਰ ਦੇ ਮੁਕਾਬਲੇ ਸੌਖੀਆਂ ਹੁੰਦੀਆਂ ਹਨ। ਸਾਫ਼-ਸੁਥਰੇ ਬੱਚੇ ਨੂੰ ਵੇਖ ਕੇ ਹਰ ਇਕ ਦਾ ਮਨ ਖ਼ੁਸ਼ ਹੁੰਦਾ ਹੈ। ਇਸ ਕਰਕੇ ਬੱਚੇ ਨੂੰ ਸਕੂਲ ਜਾਣ ਸਮੇਂ ਤੋਂ ਹੀ ਨਹਾਉਣ ਤੇ ਸਾਫ਼-ਸੁਥਰੇ ਕੱਪੜੇ ਰੱਖਣ ਦੀ ਆਦਤ ਪਾਉਣੀ ਚਾਹੀਦੀ ਹੈ, ਹੋ ਸਕੇ ਤਾਂ ਸਕੂਲ ਜਾਣ ਤੇ ਆਉਣ ਸਮੇਂ ਬੱਚੇ ਨੂੰ ਖੁਦ ਕੱਪੜੇ ਪਾਉਣ ਤੇ ਉਤਾਰਨ ਲਈ ਸਿਖਾਉਣਾ ਚਾਹੀਦਾ ਹੈ। ਸਕੂਲ ਤੋਂ ਜੋ ਵੀ ਕੰਮ ਮਿਲੇ, ਬੱਚੇ ਨੂੰ ਹਰ ਰੋਜ਼ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ।

ਬੱਚਾ ਅਕਸਰ ਦੇਖ ਜਾਂ ਸੁਣ ਕੇ ਸਿੱਖਦਾ ਹੈ। ਇਸ ਕਰਕੇ ਬੱਚੇ ਦੇ ਸਾਹਮਣੇ ਸਹੀ ਵਤੀਰਾ ਰੱਖਣਾ ਚਾਹੀਦਾ ਹੈ ਤੇ ਭੱਦੀ ਸ਼ਬਦਾਵਲੀ ਤੋਂ ਬਚਣਾ ਚਾਹੀਦਾ ਹੈ। ਬੱਚੇ ਨੂੰ ਬਚਪਨ ਤੋਂ ਹੀ ਘਰ ਆਏ ਮਹਿਮਾਨ ਨੂੰ ਸਤਿ ਸ੍ਰੀ ਅਕਾਲ ਬੁਲਾਉਣ ਤੇ ਉਨ੍ਹਾਂ ਦੇ ਲਾਗੇ ਆ ਕੇ ਬੈਠਣ ਲਈ ਸਿਖਾਉਣਾ ਚਾਹੀਦਾ ਹੈ। ਬੱਚੇ ਨੂੰ ਬਚਪਨ ਤੋਂ ਹੀ ਫਜ਼ੂਲ ਖਰਚੀ ਤੋਂ ਪ੍ਰਹੇਜ਼ ਤੇ ਜੇਬ ਖਰਚ ਲਈ ਮਿਲਦੇ ਪੈਸਿਆਂ ਵਿੱਚੋਂ ਕੁਝ ਪੈਸੇ ਜਮ੍ਹਾਂ ਕਰਨ ਲਈ ਦੱਸਣਾ ਚਾਹੀਦਾ ਹੈ ਤਾਂ ਕਿ ਉਹ ਆਪਣੀ ਪੜ੍ਹਾਈ ਲਈ ਜ਼ਰੂਰੀ ਵਸਤਾਂ ਖਰੀਦ ਸਕੇ। ਨਹਾਉਣ ਸਮੇਂ ਜਾਂ ਹੱਥ ਧੋਂਦੇ ਸਮੇਂ ਘੱਟ ਪਾਣੀ ਵਰਤਣ, ਕਮਰੇ ਤੋਂ ਬਾਹਰ ਨਿਕਲਣ ਸਮੇਂ ਵਾਧੂ ਬਲਬ, ਪੱਖੇ ਬੰਦ ਕਰਨ, , ਘੱਟ ਟੀਵੀ ਦੇਖਣ ਦੀਆਂ ਆਦਤਾਂ ਬੱਚੇ ਵਿਚ ਬਚਪਨ ਤੋਂ ਹੀ ਪਾਉਣੀਆਂ ਚਾਹੀਦੀਆਂ ਹਨ।

ਬੱਚਿਆਂ ਨੂੰ ਬਚਪਨ ਤੋਂ ਹੀ ਬਰਗਰ, ਨੂਡਲਜ਼, ਪੀਜ਼ਾ ਖਾਣ ਤੋਂ ਰੋਕਣਾ ਚਾਹੀਦਾ ਹੈ ਤੇ ਭੋਜਨ ਸਬੰਧੀ ਚੰਗੀਆਂ ਆਦਤਾਂ ਪਾਉਣੀਆਂ ਚਾਹੀਦੀਆਂ ਹਨ ਤੇ ਖਾਣਾ ਜਿੰਨ੍ਹਾਂ ਖਾਣਾ ਹੈ ਉਨ੍ਹਾਂ ਹੀ ਪਾਉਣ ਲਈ ਸਿਖਾਉਣਾ ਚਾਹੀਦਾ ਹੈ।

• ਸ਼ਮਸ਼ੇਰ ਸਿੰਘ ਸੋਹੀ

# ਮੁਸਕਰਾਹਟਾਂ ਵੰਡਦੇ ਚਿਹਰੇ

ਮੁਸਕਰਾਉਂਦਾ ਚਿਹਰਾ, ਹਰੇ ਸੇਬਾਂ ਵਿਚ ਲਾਲ ਸੇਬ ਵਾਂਗ ਲਗਦਾ ਹੈ। ਦੁੱਧ ਉੱਤੇ ਆਈ ਮਲਾਈ, ਦੁੱਧ ਦੀ ਮੁਸਕਰਾਹਟ ਹੁੰਦੀ ਹੈ। ਧੋਤੇ ਹੋਏ ਕੱਪੜੇ ਅਤੇ ਮਾਂਜੇ ਹੋਏ ਭਾਂਡੇ ਵੀ ਮੁਸਕਰਾਉਂਦੇ ਹਨ। ਅਧਿਆਪਕਾਂ ਦੀਆਂ ਸਮਝਾਈਆਂ ਗੁੱਝੀਆਂ ਗੱਲਾਂ, ਵਿਦਿਆਰਥੀਆਂ ਦੇ ਚਿਹਰਿਆਂ 'ਤੇ ਮੁਸਕਰਾਹਟਾਂ ਉਪਜਾਉਂਦੀਆਂ ਹਨ। ਨਵੇਂ ਜਮਾਤੀ ਮੁਸਕਰਾਉਂਦੇ-ਮੁਸਕਰਾਉਂਦੇ ਇਕ ਦੂਜੇ ਦੇ ਨੇੜੇ ਆ ਜਾਂਦੇ ਹਨ। ਜਮਾਤੀ ਹੋਣ ਦੇ ਅਧਿਕਾਰ ਨਾਲ ਨਵੇਂ ਦਾਖ਼ਲ ਹੋਏ ਲੜਕੇ ਨੇ ਆਪਣੀ ਜਮਾਤਣ ਲੜਕੀ ਨੂੰ ਪੁੱਛਿਆ, ਕਿੰਨੇ ਦਿਨ ਹੋ ਗਏ ਹਨ, ਤੂੰ ਕਾਲਜ ਨਹੀਂ ਆਈ? ਲੜਕੀ ਨੇ ਘਬਰਾ ਕੇ ਸ਼ਰਮਾਉਂਦਿਆਂ, ਮੁਸਕਰਾ ਕੇ ਕਿਹਾ, 'ਤੂੰ ਕਦੋਂ ਤੋਂ ਦਿਨ ਗਿਣਨੇ ਸ਼ੁਰੂ ਕਰ ਦਿੱਤੇ ਹਨ। ਚੋਰ ਜਿੰਦਰਿਆਂ ਨੂੰ ਵੇਖ ਕੇ ਮੁਸਕਰਾਉਂਦੇ ਹਨ। ਹਰ ਕਿਸੇ ਦੀ ਜ਼ਿੰਦਗੀ ਵਿਚ ਕੋਈ ਨਾ ਕੋਈ ਆਉਂਦਾ ਹੈ, ਜਿਸ ਦੀਆਂ ਮੁਸਕਰਾਹਟਾਂ ਚੇਤਿਆਂ ਵਿਚ ਵੱਸ ਜਾਂਦੀਆਂ ਹਨ।



ਤੁਹਾਡੀ ਜ਼ਿੰਦਗੀ ਵਿਚ ਵੀ ਕੋਈ ਆਇਆ ਹੋਵੇਗਾ! ਮੇਰੇ ਜੀਵਨ ਵਿਚ ਵੀ ਇਕ ਆਈ ਸੀ। ਜਿਸ ਤੋਂ ਪਤਾ ਲੱਗਿਆ ਸੀ ਕਿ ਸੁੰਦਰਤਾ ਉਹ ਹੈ, ਜਿਸ ਨੂੰ ਅਸੀਂ ਵੇਖਦੇ ਹਾਂ, ਸੋਹਣਾ ਉਹ ਹੈ ਜਿਹੜਾ ਸਾਨੂੰ ਵੇਖਦਾ ਹੈ। ਉਹ ਮੇਰੀ ਜਮਾਤਣ ਸੀ। ਹੋਰਾਂ ਲਈ ਉਹ ਚਾਨਣ-ਮੁਨਾਰਾ ਸੀ। ਮੇਰੇ ਲਈ ਉਹ ਬੰਦਰਗਾਹ ਸੀ। ਉਸ ਦੇ ਦਰਸ਼ਨ ਕਰਨਾ ਮੇਰੀਆਂ ਅੱਖਾਂ ਦਾ ਨਿੱਤਨੇਮ ਸੀ। ਮੈਨੂੰ ਉਸ ਦਾ ਪਰਛਾਵਾਂ ਵੀ ਮੁਸਕਰਾਉਂਦਾ ਵਿਖਾਈ ਦਿੰਦਾ ਸੀ। ਉਸ ਦੀ ਆਵਾਜ਼ ਵਿਚ ਜਲਤਰੰਗ ਸੀ। ਉਸ ਦੀ ਤੱਕਣੀ ਆਲੇ-ਦੁਆਲੇ ਨੂੰ ਚਿੱਤਰ ਬਣਾ ਦਿੰਦੀ ਸੀ । ਉਹ ਇਕੱਲੀ ਹੀ ਬਹੁ-ਸੰਮਤੀ ਸੀ । ਉਸ ਦੇ ਕਲਾਸ ਵਿਚ ਆਉਣ ਨਾਲ ਵਿਆਹ ਵਾਲੀ ਰੌਣਕ ਹੋ ਜਾਂਦੀ ਸੀ। ਉਹ ਆਪਣੀ ਰੋ ਰਹੀ ਸਹੇਲੀ ਨੂੰ ਚੁੱਪ ਕਰਾਉਂਦੀ-ਕਰਾਉਂਦੀ ਆਪ ਰੋਣ ਲੱਗ ਪੈਂਦੀ ਸੀ। ਉਸ ਦੀ ਹਰ ਚੀਜ਼ ਚੋਰੀ ਕਰ ਕੇ ਸਾਂਭਣਯੋਗ ਸੀ। ਉਸ ਦੀ ਅਮੀਰੀ ਇਹ ਸੀ ਕਿ ਉਹ ਹਰ ਵੇਲੇ ਮੁਸਕਰਾਉਂਦੀ ਰਹਿੰਦੀ ਸੀ । ਉਸ ਨੂੰ ਮੁਸਕਰਾਉਣ ਵਾਸਤੇ ਕੋਈ ਕਾਰਨ ਨਹੀਂ ਸੀ ਲੱਭਣਾ ਪੈਂਦਾ । ਉਹ ਸਾਡੇ ਸਾਰਿਆਂ ਦੀ ਸੋਚ ਉੱਤੇ ਰਾਜ ਕਰਦੀ ਸੀ। ਉਸ ਦੀ ਸੂਰਤ ਵੇਖ ਕੇ ਸਾਨੂੰ ਸਾਰਿਆਂ ਨੂੰ ਆਪਣੀ ਸ਼ਕਲ ਭੁੱਲ ਜਾਂਦੀ ਸੀ। ਜਿੰਨੀ ਸੁੰਦਰਤਾ ਕਿਸੇ ਵਿਚ ਵੇਖਣ ਦੀ ਹਿੰਮਤ ਹੁੰਦੀ ਸੀ। ਉਹ ਉਨੀ ਹੀ ਸੁੰਦਰ ਲੱਗਦੀ ਸੀ। ਕਿਸੇ ਵੀ ਤਸਵੀਰ ਵਿਚ ਉਸ ਦੀ ਸੁੰਦਰਤਾ ਦੇ ਸਾਰੇ ਪੱਖ ਨਹੀਂ ਸਨ ਆ ਸਕਦੇ। ਉਸ ਦਾ ਦਿਸੀ ਜਾਣਾ ਹੀ ਸਾਡੀ ਪੂਰਨਤਾ ਸੀ।

• ਨਰਿੰਦਰ ਸਿੰਘ ਕਪੂਰ
98158-80435

**ਸਾਨੂੰ ਪਰਮਾਤਮਾ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ ਕਿ ਉਸ ਨੇ ਸਾਨੂੰ ਇਨੀਂ ਸੋਹਣੀ ਸ੍ਰਿਸ਼ਟੀ 'ਚ ਜਨਮ ਦਿੱਤਾ ਹੈ। ਮੈਂ ਜਦੋਂ ਵੀ ਕੁਦਰਤ ਨੂੰ ਤੱਕਦੀ ਹਾਂ ਤਾਂ ਮੇਰਾ ਰੋਮ-ਰੋਮ ਖਿੜ ਉੱਠਦਾ ਹੈ...**



# ਜਿਸ ਟਾਹਲੀ 'ਤੇ ਬੈਠਾ ਓਸੇ ਨੂੰ ਵੱਢ ਰਿਹੈ ਮਨੁੱਖ

ਕੁਦਰਤ ਇਕ ਵਿਸ਼ਾਲ ਪਸਾਰਾ ਹੈ। ਇਹ ਮਨੁੱਖੀ ਜੀਵਨ 'ਚ ਇਕ ਅਹਿਮ ਸਥਾਨ ਰੱਖਦੀ ਹੈ। ਕੁਦਰਤ ਦੇ ਇਸ ਵਿਸ਼ਾਲ ਪਸਾਰੇ 'ਚ ਅਨੇਕਾਂ ਜੀਵ-ਜੰਤੂਆਂ ਦੇ ਅੰਸ਼ ਸਮਾਏ ਹੋਏ ਹਨ। ਪਰਮਾਤਮਾ ਨੇ ਜੀਵਾਂ ਨੂੰ ਜਿਉਂਦੇ ਰਹਿਣ ਲਈ ਵਾਯੂਮੰਡਲ, ਪੀਣ ਲਈ ਪਾਣੀ ਦੇ ਅਨੇਕ ਸੋਮੇ, ਖਾਣ-ਪੀਣ ਲਈ ਦਾਲ-ਰੋਟੀ ਅਤੇ ਰਹਿਣ ਬਸੇਰਾ ਕਰਨ ਲਈ ਥਾਂ ਦਿੱਤੀ। ਕੁਦਰਤ ਦੇ ਇਸ ਵਿਸ਼ਾਲ ਪਸਾਰੇ 'ਚ ਅਨੇਕਾਂ ਜੀਵਾਂ ਨੇ ਜਨਮ ਲਿਆ ਤੇ ਲੈ ਰਹੇ ਹਨ। ਪਰਮਾਤਮਾ ਨੇ ਮਨੁੱਖ ਨੂੰ ਪਾਣੀ ਦੇ ਵੱਖ-ਵੱਖ ਸੋਮਿਆਂ ਨਾਲ ਨਿਵਾਜਿਆ ਹੈ ਜਿਵੇਂ : ਖੂਹ, ਛੱਪੜ, ਤਲਾਅ, ਨਦੀਆਂ ਆਦਿ। ਜੰਗਲੀ ਜਾਨਵਰ ਤੇ ਪੰਛੀ ਪਾਣੀ ਦੇ ਇਨ੍ਹਾਂ ਸੋਮਿਆਂ ਤੋਂ ਪਾਣੀ ਪੀਂਦੇ ਹਨ। ਉਨ੍ਹਾਂ ਦਾ ਜੀਵਨ ਇਨ੍ਹਾਂ ਸੋਮਿਆਂ ਦੇ ਸਿਰ 'ਤੇ ਹੀ ਬਤੀਤ ਹੁੰਦਾ ਹੈ।

## ਪਰਮਾਤਮਾ ਦਾ ਸ਼ੁਕਰਾਨਾ

ਸਾਨੂੰ ਪਰਮਾਤਮਾ ਦਾ ਹਰ ਵੇਲੇ ਤਹਿ ਦਿਲੋਂ ਸ਼ੁਕਰਾਨਾ ਕਰਨਾ ਚਾਹੀਦਾ ਹੈ ਕਿ ਉਸ ਨੇ ਸਾਨੂੰ ਇਨ੍ਹੀ ਸੋਹਣੀ ਸ੍ਰਿਸ਼ਟੀ 'ਚ ਜਨਮ ਦਿੱਤਾ ਹੈ। ਮੈਂ ਜਦੋਂ ਵੀ ਕੁਦਰਤ ਨੂੰ ਤੱਕ ਦੀ ਹਾਂ ਤਾਂ ਮੇਰਾ ਰੋਮ-ਰੋਮ ਖਿੜ ਉੱਠਦਾ ਹੈ। ਕੁਦਰਤ ਦੇ ਨਜ਼ਾਰੇ ਬਹੁਤ ਦਿਲ ਖਿੱਚਵੇਂ ਹਨ। ਕਈ ਵਾਰ ਮੇਰਾ ਮਨ ਕਰਦਾ ਹੈ ਕਿ ਮੈਂ ਪੰਛੀਆਂ ਵਾਂਗ ਆਸਮਾਨ 'ਚ ਉਡਾਰੀਆਂ ਲਾਵਾਂ। ਰੁੱਖਾਂ ਨਾਲ ਬਾਤਾਂ ਪਾਵਾਂ, ਟਾਹਣੀਆਂ 'ਤੇ ਬੈਠ ਕੇ ਪੰਛੀਆਂ ਨਾਲ ਹੱਸਾਂ-ਖੇਡਾਂ।

ਦਰਿਆਵਾਂ ਦਾ ਵਗਦਾ ਪਾਣੀ ਬਹੁਤ ਹੀ ਸੋਹਣਾ ਲੱਗਦਾ ਹੈ ਅਤੇ ਮਨੁੱਖ ਨੂੰ ਜ਼ਿੰਦਗੀ 'ਚ ਹਮੇਸ਼ਾ ਸਹਿਜ-ਸਬਰ ਨਾਲ ਚਲਦੇ ਰਹਿਣ ਲਈ ਵੀ ਪ੍ਰੇਰਿਤ ਕਰਦਾ ਹੈ। ਪਹਾੜਾਂ ਦੀਆਂ ਉੱਚੀਆਂ-ਉੱਚੀਆਂ ਟੀਸੀਆਂ ਵੀ ਸਾਨੂੰ ਜੀਵਨ 'ਚ ਅਗਾਂਹ ਵਧਣ ਦੀ ਸਿੱਖਿਆ ਦਿੰਦੀਆਂ ਹਨ। ਪਰਮਾਤਮਾ ਨੇ ਇਸ ਕੁਦਰਤ 'ਚ ਬਹੁਤ ਜੀਵਾਂ ਦੀ ਸਿਰਜਣਾ ਕੀਤੀ ਹੈ। ਮਿੱਟੀ, ਪਾਣੀ, ਵਾਯੂਮੰਡਲ, ਧਰਤੀ ਦੇ ਜਿਸਮਾਨੀ ਅੰਗ ਹਨ ਜੋ ਜੀਵ-ਜੰਤੂਆਂ ਨੂੰ ਜੀਵਤ ਰੱਖਣ ਲਈ ਇਕ ਦੂਜੇ ਦੇ ਸਬੰਧ 'ਚ ਰਹਿੰਦੇ ਹਨ। ਧਰਤੀ 'ਤੇ ਅਨੇਕਾਂ ਜੀਵ-ਜੰਤੂ ਪਲ ਰਹੇ ਹਨ ਤੇ ਦਿਨ ਪ੍ਰਤੀ ਦਿਨ ਆਪਣੀਆਂ ਪ੍ਰਜਾਤੀਆਂ 'ਚ ਵਾਧਾ ਕਰ ਰਹੇ ਹਨ।

## ਕੁਦਰਤ ਦੀ ਸਿਰਜਣਾ

ਕੁਦਰਤ ਨੂੰ ਸਿਰਜਣ ਵਾਲਾ ਪਰਮਾਤਮਾ ਹੈ, ਜਿਸ ਦੀ ਮਰਜ਼ੀ ਤੋਂ ਬਿਨਾਂ ਇਕ ਪੱਤਾ ਵੀ ਨਹੀਂ ਹਿੱਲਦਾ। ਪਰਮਾਤਮਾ ਦੁਆਰਾ ਰਚਿਤ ਪੌਣ, ਪਾਣੀ, ਮਿੱਟੀ, ਸੂਰਜ, ਚੰਦ, ਸਿਤਾਰੇ, ਮਨੁੱਖ, ਪੰਛੀ, ਜਾਨਵਰ ਆਦਿ ਸਭ ਉਸ ਦੇ ਗ਼ੁਲਾਮ ਹਨ।

ਕੁਦਰਤ 'ਚ ਕੋਈ ਵੀ ਪਰਿਵਰਤਨ ਨਹੀਂ ਕੀਤਾ ਜਾ ਸਕਦਾ ਕੇਵਲ ਕੁਦਰਤ ਨੂੰ ਸਿਰਜਣ ਜਾਂ ਉਸਾਰਨ ਵਾਲਾ ਹੀ ਇਸ 'ਚ ਤਬਦੀਲੀ ਕਰ ਸਕਦਾ ਹੈ। ਪਰਮਾਤਮਾ ਨੇ ਬਹੁਤ ਸਾਲ ਪਹਿਲਾਂ ਕੁਦਰਤ ਦੀ ਸਿਰਜਣਾ ਕੀਤੀ ਤਾਂ ਉਸ ਨੇ ਲੱਖਾਂ, ਕਰੋੜਾਂ ਜੀਵ-ਜੰਤੂ ਅਤੇ ਇਨਸਾਨ ਬਣਾਏ। ਪਰਮਾਤਮਾ ਨੇ ਸਭ ਤੋਂ ਵਧੇਰੇ ਸਮਝਦਾਰ ਅਤੇ ਸੂਝਵਾਨ ਇਨਸਾਨ ਨੂੰ ਬਣਾਇਆ ਸੀ। ਇਸ ਨੂੰ ਸਮਝਦਾਰ ਬਣਾਉਣ ਦਾ ਕਾਰਨ ਸੀ ਕਿ ਇਨਸਾਨ ਸਹੀ ਗ਼ਲਤ ਵਿਚਲੇ ਅੰਤਰ ਨੂੰ ਸਮਝ ਸਕੇ। ਜੇਕਰ ਕੋਈ ਵੀ ਕੁਦਰਤ ਨਾਲ ਛੇੜ-ਛਾੜ ਕਰਦਾ ਹੈ ਤਾਂ ਉਸ ਨੂੰ ਰੋਕਿਆ ਜਾ ਸਕੇ। ਅਜੋਕਾ ਇਨਸਾਨ ਕੁਦਰਤ ਦਾ ਵੱਡਾ ਦੁਸ਼ਮਣ ਬਣ ਬੈਠਾ ਹੈ।

## ਮਨੁੱਖੀ ਮਨਮਰਜ਼ੀਆਂ

ਤਰੱਕੀ ਅਤੇ ਵਿਕਾਸ 'ਚ ਵਾਧਾ ਹੋਣ ਕਾਰਨ ਸਭ ਤੋਂ ਸਮਝਦਾਰ ਮਨੁੱਖ ਕੁਦਰਤ ਨਾਲ ਖਿਲਵਾੜ ਕਰ ਰਿਹਾ ਹੈ। ਜਿਸ ਕਾਰਨ ਕੁਦਰਤ ਦੇ ਸੰਤੁਲਨ 'ਚ ਅਸਮਾਨਤਾ ਪੈਦਾ ਹੁੰਦੀ ਜਾ ਰਹੀ ਹੈ। ਕੁਦਰਤ 'ਚ ਅਸੰਤੁਲਨ ਪੈਦਾ ਹੋਣ ਕਾਰਨ ਜਨਜੀਵਨ ਸਿੱਧੇ-ਅਸਿੱਧੇ ਢੰਗ ਨਾਲ ਪ੍ਰਭਾਵਿਤ ਹੋ ਰਿਹਾ ਹੈ। ਮਨੁੱਖ ਕੁਦਰਤੀ ਵਰਤਾਰਿਆਂ ਦੇ ਉਲਟ ਜਾ ਕੇ ਮਨਮਰਜ਼ੀਆਂ ਕਰਦਾ ਹੈ। ਕੁਦਰਤ ਵੱਲੋਂ ਇਸ ਦਾ ਵਿਰੋਧ ਕਰਨਾ ਜਾਇਜ਼ ਅਤੇ ਸੁਭਾਵਿਕ ਹੈ। ਮਨੁੱਖ ਦੀਆਂ ਮਨਮਰਜ਼ੀਆਂ ਕਾਰਨ ਧਰਤੀ ਦੇ ਅੰਗ ਮਿੱਟੀ, ਪਾਣੀ, ਹਵਾ ਸਭ ਪ੍ਰਭਾਵਿਤ ਹੋ ਰਹੇ ਹਨ। ਮਨੁੱਖ ਅਜਿਹਾ ਵਰਤਾਰਾ ਕਈ ਸਦੀਆਂ ਤੋਂ ਕਰਦਾ ਆ ਰਿਹਾ ਹੈ। ਜਦੋਂ ਕੁਦਰਤ ਇਨ੍ਹਾਂ ਵਰਤਾਰਿਆਂ ਦਾ ਪਲਟ ਜਵਾਬ ਦਿੰਦੀ ਹੈ ਤਾਂ ਉਸ ਨੂੰ ਕੁਦਰਤੀ ਕਰੋਪੀ ਕਹਿੰਦੇ ਹਨ। ਜਿਸ ਕਰੋਪੀ ਕਾਰਨ ਕੁਦਰਤ ਦਾ ਹਰ ਇਕ ਨਿੱਕੇ ਤੋਂ ਨਿੱਕਾ ਅੰਸ਼ ਵੀ ਪ੍ਰਭਾਵਿਤ ਹੁੰਦਾ ਹੈ। ਕੁਦਰਤੀ ਕਰੋਪੀ ਤੋਂ ਪ੍ਰਭਾਵਿਤ ਜੀਵਾਂ ਨੂੰ ਲੱਖਾਂ-ਕਰੋੜਾਂ ਸਾਲ ਲੱਗ ਜਾਂਦੇ ਹਨ ਫਿਰ ਤੋਂ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਲਈ। ਇਨ੍ਹਾਂ ਕਰੋਪੀਆਂ ਦਾ ਅਸਰ ਕਈ-ਕਈ ਪੀੜ੍ਹੀਆਂ 'ਤੇ ਵੀ ਪੈਂਦਾ ਰਹਿੰਦਾ ਹੈ।

## ਵਿਕਾਸ ਦੀ ਰਾਹ

ਮਨੁੱਖ ਪੈਸਾ ਕਮਾਉਣ ਅਤੇ ਵਿਕਾਸ ਦੀ ਰਫ਼ਤਾਰ 'ਚ ਆਪਣੇ ਆਪ ਦਾ ਹੀ ਜਾਣੇ ਅਣਜਾਣੇ 'ਚ ਨੁਕਸਾਨ ਕਰਦਾ ਜਾ ਰਿਹਾ ਹੈ। ਉਹ ਆਪਣਾ ਦੁਸ਼ਮਣ ਆਪ ਹੀ ਬਣਦਾ ਜਾ ਰਿਹਾ ਹੈ। ਮਨੁੱਖ ਆਪਣੇ ਜੀਵਨ ਨੂੰ ਸੌਖਾਲਾ ਬਣਾਉਣ ਲਈ, ਕੁਦਰਤ ਨਾਲ ਛੇੜਖਾਨੀਆਂ ਕਰ ਰਿਹਾ ਹੈ। ਉ ਅਜਿਹਾ ਕਰ ਕੇ ਅਸੰਭਵ ਕੰਮ ਨੂੰ ਸੰਭਵ ਤਾਂ ਕਰ ਰਿਹਾ ਹੈ ਪਰ ਨਾਲ ਹੀ ਨਾਲ ਕੁਦਰਤ ਨਾਲ ਖੇਡ ਵੀ ਰਿਹਾ ਹੈ। ਉਹ ਭੁੱਲਦਾ ਜਾ ਰਿਹਾ ਹੈ ਕਿ ਉਹ ਤਰੱਕੀ ਦੇ ਨਾਲ-ਨਾਲ ਆਪਣੇ ਆਪ ਨਾਲ ਵੀ ਖਿਲਵਾੜ ਕਰ ਰਿਹਾ ਹੈ। ਉਹ ਆਪਣੇ ਜੀਵਨ ਨੂੰ ਤਾਂ ਸੌਖਾਲਾ ਕਰ ਰਿਹਾ ਹੈ ਪਰ ਅੰਨ੍ਹੇਵਾਹ ਬਾਕੀ ਜੀਵ-ਜੰਤੂ ਨੂੰ ਮੁਸੀਬਤ ਵਿਚ ਪਾ ਰਿਹਾ ਹੈ।

ਕੁਦਰਤ ਨਾਲ ਛੇੜ-ਛਾੜ ਕਰਕੇ ਬਹੁਤ ਸਾਰੀਆਂ ਪ੍ਰਜਾਤੀਆਂ ਲੁਪਤ ਹੁੰਦੀਆਂ ਜਾ ਰਹੀਆਂ ਹਨ ਤੇ ਕੁਝ ਖ਼ਤਮ ਹੋਣ ਦੀ ਕਗਾਰ 'ਤੇ ਹਨ। ਮਨੁੱਖ ਆਪਣੇ ਐਸ਼ੋ ਅਰਾਮ ਲਈ ਕੁਦਰਤੀ ਸੋਮਿਆਂ ਨੂੰ ਬਹੁਤ ਬੇਰਹਿਮੀ ਨਾਲ ਬਰਬਾਦ ਕਰੀ ਜਾ ਰਿਹਾ ਹੈ। ਪਾਣੀ ਦੇ ਸੋਮੇ ਇਸ ਦੀ ਨਾ ਸਮਝੀ ਕਾਰਨ ਲੋਪ ਹੁੰਦੇ ਜਾ ਰਹੇ ਹਨ।

## ਗੰਧਲਾ ਵਾਤਾਵਰਨ

ਮਨੁੱਖ ਅਨੇਕਾਂ ਫੈਕਟਰੀਆਂ ਦੀ ਉਸਾਰੀ ਕਰ ਰਿਹਾ ਹੈ ਜਿਸ ਕਾਰਨ ਹਵਾ, ਪਾਣੀ, ਸ਼ੋਰ ਅਤੇ ਮਿੱਟੀ ਪ੍ਰਦੂਸ਼ਣ ਆਦਿ 'ਚ ਵਾਧਾ ਹੋ ਰਿਹਾ ਹੈ। ਵਾਤਾਵਰਨ ਪੂਰੀ ਤਰ੍ਹਾਂ ਗੰਧਲਾ ਹੋ ਗਿਆ ਹੈ ਇਹੀ ਕਾਰਨ ਹੈ ਮਨੁੱਖ ਅਨੇਕਾਂ ਬਿਮਾਰੀਆਂ ਦਾ ਸਾਹਮਣਾ ਕਰ ਰਿਹਾ ਹੈ। ਵਾਤਾਵਰਨ ਗੰਧਲਾ ਹੋਣ ਕਾਰਨ ਸਾਹ ਲੈਣਾ ਵੀ ਮੁਸ਼ਕਲ ਹੋ ਰਿਹਾ ਹੈ। ਮਨੁੱਖ ਨੇ ਸਿਰਫ਼ ਆਪਣੀ ਤਰੱਕੀ ਬਾਰੇ ਹੀ ਸੋਚਿਆ ਹੈ। ਤਰੱਕੀ ਦੀ ਆੜ 'ਚ ਉਸ ਨੇ ਕੁਦਰਤ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਇਨ੍ਹਾਂ ਗਤੀਵਿਧੀਆਂ ਕਾਰਨ ਵਾਤਾਵਰਨ ਬਹੁਤ ਬੁਰੀ ਤਰ੍ਹਾਂ ਦੂਸ਼ਿਤ ਹੋ ਚੁੱਕਾ ਹੈ। ਵਾਤਾਵਰਨ 'ਚ ਅਨੇਕਾਂ ਪ੍ਰਕਾਰ ਦੀਆਂ ਗੈਸਾਂ ਪੈਦਾ ਹੋ ਰਹੀਆਂ ਹਨ ਜਿਸ ਕਾਰਨ ਬੱਦਲ ਫਟਣੇ, ਗਲੇਸ਼ੀਅਰ, ਲਾਵਾ ਵਰਗੀਆਂ ਭਿਆਨਕ ਆਫ਼ਤਾਂ ਦਾ ਸਾਹਮਣਾ ਇਸ ਨੂੰ ਕਰਨਾ ਪੈ ਰਿਹਾ ਹੈ।

ਵਧਦੀ ਵੱਸੋ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਪਹਾੜਾਂ ਨੂੰ ਪੱਧਰਾ ਕਰ ਕੇ ਸੜਕਾਂ, ਹੋਟਲ, ਪਿਕਨਿਕ ਸਪਾਟ ਅਤੇ ਰੇਲ ਗੱਡੀਆਂ ਦੀਆਂ ਪੱਟੜੀਆਂ ਬਹੁਤ ਤੇਜ਼ੀ ਨਾਲ ਵਿਛਾਈਆਂ ਜਾ ਰਹੀਆਂ ਹਨ। ਦੂਰ- ਦੂਰ ਤੱਕ ਫੈਲੇ ਜੰਗਲ ਅੱਜ ਖ਼ਤਮ ਹੁੰਦੇ ਜਾ ਰਹੇ ਹਨ। ਦਰਿਆਵਾਂ ਨੇ ਨਿੱਕੀਆਂ-ਨਿੱਕੀਆਂ ਨਦੀਆਂ ਦਾ ਰੂਪ ਧਾਰਨ ਕਰ ਲਿਆ ਹੈ ਜਿਸ ਕਾਰਨ ਜੰਗਲੀ ਜੀਵ-ਜੰਤੂਆਂ ਦੇ ਰਹਿਣ ਦਾ ਆਸਰਾ ਖ਼ਤਮ ਹੋ ਗਿਆ ਹੈ ਅਤੇ ਉਹ ਲੋਪ ਹੁੰਦੇ ਜਾ ਰਹੇ ਹਨ। ਕੁਦਰਤ ਦੀ ਸਮਝ ਰੱਖਣ ਵਾਲੇ ਵਿਗਿਆਨੀ ਵਾਰ-ਵਾਰ ਸੁਚੇਤ ਕਰਦੇ ਰਹਿੰਦੇ ਹਨ ਕਿ ਅਜੋਕਾ ਮਨੁੱਖ ਜਿਸ ਟਾਹਲੀ 'ਤੇ ਬੈਠਾ ਹੈ ਉਸ ਨੂੰ ਹੀ ਉਹ ਵੱਢ ਰਿਹਾ ਹੈ। ਕਿੰਨਾ ਬੇਸਮਝ ਹੈ ਇਹ ਮਨੁੱਖ।

• ਨਵਪ੍ਰੀਤ ਕੌਰ

**ਨਾਰੀਵਾਦੀ ਔਰਤਾਂ**

# ਜੈਕੋਬਿਨ ਕਾਮੀਲਾ ਕੋਲੈੱਟ

*ਕਾਮੀਲਾ ਕੋਲੇਟ ਵੱਲ ਵੇਖ ਕੇ ਹੋਰ ਵੀ ਕਈ ਔਰਤਾਂ ਨੇ ਨਾਰੀਆਂ ਬਾਰੇ ਲਿਖਣ ਦੀ ਹਿੰਮਤ ਕੀਤੀ ਅਤੇ ਇਹ ਨਾਰਵੇ ਵਿਚ ਪਹਿਲੀ ਨਾਰੀਵਾਦੀ ਲਹਿਰ ਬਣੀ ਕਿਉਂਕਿ ਨਾਰੀਆਂ ਦੀ ਸਮਾਜਿਕ ਸਥਿਤੀ ਨੂੰ ਸੁਧਾਰਨ ਲਈ ਸਾਹਿਤ ਨੇ ਬਹੁਤ ਵੱਡਾ ਯੋਗਦਾਨ ਪਾਇਆ ਸੀ।*



ਡਾ. ਜੋਗਿੰਦਰ ਸਿੰਘ ਕੈਰੋਂ
82643-06671

ਕਾਮੀਲਾ ਦਾ ਪੂਰਾ ਨਾਂ ਜੈਕੋਬਿਨ ਕਾਮੀਲਾ ਕੋਲੈੱਟ ਸੀ, ਜਿਸ ਦਾ ਜਨਮ ਕ੍ਰਿਸਟੀਅਨਸੈਂਡ ਨਾਰਵੇ ਵਿਚ 23 ਜਨਵਰੀ, 1813 ਨੂੰ ਹੋਇਆ। ਉਹ ਕਵੀ ਹੈਰਿਕ ਵਰਗੀਲੈਂਡ ਦੀ ਛੋਟੀ ਭੈਣ ਸੀ। ਕਾਮੀਲਾ ਨਾਰਵੇ ਦੀ ਨਾਰੀਵਾਦੀ ਲੇਖਿਕਾ ਸੀ। ਉਸ ਦੇ ਪਿਤਾ ਦਾ ਨਾਂ ਨਿਕੋਲਾਈ ਵਰਗੀਲੈਂਡ ਸੀ ਜਿਹੜਾ ਧਾਰਮਿਕ ਆਗੂ ਅਤੇ ਰਾਜਨੀਤੀਵਾਨ ਸੀ।

ਕਾਮੀਲਾ ਉਸ ਪਰਿਵਾਰ ਵਿਚ ਪਲੀ ਧੀ ਸੀ ਜਿਹੜਾ ਸਾਹਿਤਕ ਰੁਚੀਆਂ ਵਾਲਾ ਸੀ। ਉਨ੍ਹਾਂ ਦੇ ਘਰ ਵਿਚ ਜਾਂ ਜੇਕੁ ਰੂਸੋ ਦੀਆਂ ਰਚਨਾਵਾਂ ਸਨ, ਜਿਨ੍ਹਾਂ ਨੇ ਕੋਲੈੱਟ ਅਤੇ ਉਸ ਦੇ ਭਰਾ ਨਿਕੋਲਾਈ ਉੱਪਰ ਬਹੁਤ ਪ੍ਰਭਾਵ ਪਾਇਆ। ਉਹ ਲਿਖਣ ਸਮੇਂ ਜਾਰਜ ਸੈਂਡ ਦੇ ਕਾਰਜ ਤੋਂ ਵੀ ਉਤਸਾਹਿਤ ਹੋਈ ਸੀ। ਉਸ ਦਾ ਛੋਟਾ ਭਰਾ ਮੇਜਰ ਜਰਨਲ ਜੋਸਫ਼ ਫ੍ਰੈਂਟਜ਼ ਓਸਕਾਰ ਵਰਗੀਲੈਂਡ ਸੀ। ਜਦੋਂ ਉਹ ਚਾਰ ਸਾਲਾਂ ਦੀ ਸੀ, ਉਨ੍ਹਾਂ ਦਾ ਪਰਿਵਾਰ ਈਡਸਵੋਲ ਚਲਾ ਗਿਆ, ਜਿੱਥੇ ਉਸ ਦੇ ਪਿਤਾ ਨੂੰ ਪਾਦਰੀ ਬਣਾ ਦਿੱਤਾ ਗਿਆ। ਕਾਮੀਲਾ ਨੂੰ ਈਡਸਵੋਲ ਦਾ ਜੀਵਨ ਬੜਾ ਅਕਾਊ ਲੱਗਾ ਤਾਂ ਉਸ ਨੇ ਡਾਇਰੀ ਲਿਖਣੀ ਸ਼ੁਰੂ ਕਰ ਦਿੱਤੀ।

ਡੈਨਮਾਰਕ ਵਿਖੇ ਆਪਣੇ ਸਕੂਲ ਦੀ ਪੜ੍ਹਾਈ ਖ਼ਤਮ ਕਰਕੇ ਜਦੋਂ ਉਹ ਦੁਬਾਰਾ ਕ੍ਰਿਸਟੀਨੀਆ ਆਈ ਤਾਂ ਉਸ ਦਾ ਮਿਲਾਪ ਸ਼ਾਇਰ ਜੋਹਨ ਸੇਬਾਸਤੀਅਨ ਵੇਲਹੇਵਨ ਨਾਲ ਹੋਇਆ, ਜਿਹੜਾ ਕਿ ਉਸ ਦੇ ਭਰਾ ਹੈਰਿਕ ਦਾ ਪੱਕਾ ਵਿਰੋਧੀ ਸੀ। ਜੋਹਨ ਅਤੇ ਕਾਮੀਲਾ ਦਾ ਆਪਸ ਵਿਚ ਪਿਆਰ ਹੋ ਗਿਆ। ਇਸੇ ਕਰਕੇ ਉਸ ਸਮੇਂ ਨਾਰਵੇ ਵਿਚ ਇਹ ਸਬੰਧ ਇਕ ਤਰਾਂ ਨਾਲ ਬੜੀ ਚਰਚਾ ਦਾ ਵਿਸ਼ਾ ਬਣ ਗਏ। ਜੋਹਨ ਨਾਲ ਮਿਲਾਪ ਕਰਕੇ ਕਾਮੀਲਾ ਅਤੇ ਉਸ ਦੇ ਭਰਾ ਦੇ ਸਬੰਧਾਂ ਵਿਚ ਵੀ ਕੁੜੱਤਣ ਆ ਗਈ।

1838 ਵਿਚ ਕਾਮੀਲਾ ਨੂੰ ਸਿਹਤ ਦੀ ਖ਼ਰਾਬੀ ਦੀ ਮੁਸੀਬਤ ਆਣ ਪਈ। ਉਸ ਦੀ ਸਿਹਤਯਾਬੀ ਲਈ ਉਸ ਦਾ ਪਿਤਾ ਉਸ ਨੂੰ ਪੈਰਿਸ ਲੈ ਗਿਆ। ਇਸ ਸਮੇਂ ਉਸ ਦੇ ਸਬੰਧ ਜੋਹਨ ਨਾਲ ਵਿਗੜ ਗਏ ਅਤੇ ਉਨਾਂ ਦਾ ਪਿਆਰ ਵੀ ਖ਼ਤਮ ਹੋ ਗਿਆ। ਉਸ ਨੇ 1842 ਵਿਚ ਪੀਟਰ ਜੋਹਨ ਕੋਲੇਟ ਨਾਲ ਸ਼ਾਦੀ ਕਰ ਲਈ, ਜਿਹੜਾ ਕਿ ਪ੍ਰਸਿੱਧ ਰਾਜਨੀਤਕ ਲੀਡਰ ਅਤੇ ਸਾਹਿਤ ਆਲੋਚਕ ਸੀ। ਉਹ ਬੁੱਧੀਜੀਵੀ ਪਾਰਟੀ ਦਾ ਮੈਂਬਰ ਵੀ ਸੀ। ਉਹ ਇਕ ਸਹਾਇਕ ਅਤੇ ਸਾਊ ਪਤੀ ਸੀ। ਜਿਸ ਨਾਲ ਕਾਮੀਲਾ ਹਰ ਵਿਸ਼ੇ ਉੱਪਰ ਗੱਲਬਾਤ ਕਰ ਸਕਦੀ ਸੀ।



ਸ਼ਾਦੀ ਤੋਂ ਬਾਅਦ ਉਸ ਨੇ ਲਿਖਣਾ ਅਤੇ ਛਪਵਾਉਣਾ ਵੀ ਸ਼ੁਰੂ ਕਰ ਦਿੱਤਾ। ਉਸ ਦਾ ਨਾਵਲ ਦ ਡਿਸਟ੍ਰਿਕ ਗਵਰਨਰਜ਼ ਡਾਟਰਜ਼ ਬਹੁਤ ਪ੍ਰਸਿੱਧ ਹੋਇਆ, ਜਿਹੜਾ ਦੋ ਭਾਗਾਂ ਵਿਚ ਛਪਿਆ। ਇਹ ਨਾਵਲ ਇੱਕੋ ਵੇਲੇ ਰਾਜਨੀਤਕ ਅਤੇ ਸਮਾਜਕ ਯਥਾਰਥ ਨੂੰ ਪੇਸ਼ ਕਰਦਾ ਹੈ। ਇਸ ਨਾਵਲ ਵਿਚ ਇਕ ਔਰਤ ਹੋਣ ਦੇ ਦੁਖਾਂਤ ਨੂੰ ਵੀ ਪੇਸ਼ ਕੀਤਾ ਗਿਆ ਹੈ ਅਤੇ ਨਾਰਵੇ ਵਿਚ ਔਰਤਾਂ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਬਾਰੇ ਵੀ ਦੱਸਿਆ ਗਿਆ ਹੈ। ਇਸ ਦੇ ਵਿਚ ਖ਼ਾਸ ਕਰ ਕੇ ਔਰਤਾਂ ਨੂੰ ਵਿਆਹ ਸ਼ਾਦੀ ਸਮੇਂ ਆਉਂਦੀਆਂ ਮੁਸ਼ਕਲਾਂ ਨੂੰ ਪੇਸ਼ ਕੀਤਾ ਗਿਆ।

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਨਾਵਲ ਨੂੰ ਉਸ ਦੀ ਆਪਣੀ ਜ਼ਿੰਦਗੀ ਵਿਚ ਆਏ ਦੁਖਾਂਤ ਅਤੇ ਖ਼ਾਸ ਕਰ ਕੇ ਵੇਲਹੇਵਨ ਨਾਲ ਬਿਤਾਏ ਵਕਤ ਨੇ ਪ੍ਰਭਾਵਿਤ ਕੀਤਾ। ਇਸ ਨਾਵਲ ਤੋਂ ਬਾਅਦ ਉਸ ਨੇ ਬੜੀ ਘੱਟ ਗਲਪ ਲਿਖੀ ਪਰ ਉਹ ਨਿਬੰਧ, ਆਪਣੀਆਂ ਯਾਦਾਂ ਅਤੇ ਵਾਦ-ਵਿਵਾਦ ਜ਼ਰੂਰ ਲਿਖਦੀ ਰਹੀ। ਉਸ ਦੀ ਸ਼ਾਦੀ ਦੇ ਠੀਕ ਦਸ ਸਾਲ ਬਾਅਦ 1851 ਵਿਚ ਉਸ ਦੇ ਪਤੀ ਦੀ ਅਚਾਨਕ ਮੌਤ ਹੋ ਗਈ ਅਤੇ ਉਸ ਨੂੰ ਇਕੱਲੀ ਨੂੰ ਹੀ ਚਾਰ ਪੁੱਤਰਾਂ ਦੀ ਸਾਂਭ-ਸੰਭਾਲ ਕਰਨੀ ਪਈ। ਇਸ ਲਈ ਉਸ ਨੂੰ ਆਪਣਾ ਘਰ ਵੀ ਵੇਚਣਾ ਪਿਆ, ਜਿਸ ਨੂੰ ਉਹ ਮੁੜ ਕਦੀ ਵੀ ਖ਼ਰੀਦ ਨਾ ਸਕੀ। ਉਸ ਨੂੰ ਆਪਣੇ ਤਿੰਨ ਵੱਡੇ ਪੁੱਤਰਾਂ ਨੂੰ ਪਾਲਣ-ਪੋਸਣ ਲਈ ਰਿਸ਼ਤੇਦਾਰਾਂ ਕੋਲ ਘੱਲਣਾ ਪਿਆ। ਉਸ ਨੂੰ ਬਾਕੀ ਉਮਰ ਦੀ ਉਪਜੀਵਕਾ ਲਈ ਆਪ ਹੀ ਸੰਘਰਸ਼ ਕਰਨਾ ਪਿਆ। ਉਸ ਦੀ ਮੌਤ ਕ੍ਰਿਸਟੀਨੀਆ ਵਿਚ 1895 ਨੂੰ ਹੋਈ।

ਕਾਮੀਲਾ ਕੋਲੇਟ ਵੱਲ ਵੇਖ ਕੇ ਹੋਰ ਵੀ ਕਈ ਔਰਤਾਂ ਨੇ ਨਾਰੀਆਂ ਬਾਰੇ ਲਿਖਣ ਦੀ ਹਿੰਮਤ ਕੀਤੀ ਅਤੇ ਇਹ ਨਾਰਵੇ ਵਿਚ ਪਹਿਲੀ ਨਾਰੀਵਾਦੀ ਲਹਿਰ ਬਣੀ, ਕਿਉਂਕਿ ਨਾਰੀਆਂ ਦੀ ਸਮਾਜਿਕ ਸਥਿਤੀ ਨੂੰ ਸੁਧਾਰਨ ਲਈ ਸਾਹਿਤ ਨੇ ਬਹੁਤ ਵੱਡਾ ਯੋਗਦਾਨ ਪਾਇਆ ਸੀ। ਨਾਰਵੇ ਵਿਚ ਚਾਰ ਵੱਡੇ ਕਰ ਕੇ ਜਾਣੇ ਜਾਂਦੇ ਲੇਖਕ : ਹੈਰਿਕ ਇਬਸਨ, ਬਜੋਰੰਸਟਜਰਨੇ ਬਜੋਰੰਸਨ, ਅਲੈਗਜੈਂਡਰ ਕੀਲੈਂਡ ਅਤੇ ਜੋਨਸ ਲੀ ਸਨ ਜਿਨ੍ਹਾਂ ਨੇ ਔਰਤਾਂ ਦੇ ਹੱਕ ਵਿਚ ਸਾਹਿਤ ਰਚਿਆ। ਕਾਮੀਲਾ ਕੋਲੈੱਟ ਅਤੇ ਆਸਟਾ ਹਾਂਸਟੀਨ ਨੇ ਵੀ ਨਾਰੀਵਾਦੀ ਸਿਧਾਂਤਾਂ ਵਿਚ ਚੰਗਾ ਯੋਗਦਾਨ ਪਾਇਆ।





# ਲੱਚਰ ਗਾਇਕੀ ਅੱਗੇ ਸੱਭਿਆਚਾਰ ਮਿਸ਼ਨ ਅਸਫਲ

ਮਨਜਿੰਦਰ ਸਿੰਘ ਸਰੌਂਦ
94634-63136

ਕੁਝ ਮਹੀਨੇ ਪਹਿਲਾਂ ਪੰਜਾਬੀ ਗਾਇਕੀ 'ਚ ਲੱਚਰਤਾ ਰੋਕਣ ਲਈ ਇਕ ਸੱਭਿਆਚਾਰਕ ਮਿਸ਼ਨ ਬਣਾਇਆ ਗਿਆ ਸੀ। ਇਸ ਮਿਸ਼ਨ ਦੇ ਬਣਨ ਤੋਂ ਬਾਅਦ ਵੀ ਗੀਤਾਂ 'ਚ ਲੱਚਰਤਾ ਜਾਰੀ ਹੈ, ਜੋ ਇਸ ਮਿਸ਼ਨ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਹੈ...

ਪਿਛਲੇ ਇਕ ਦਹਾਕੇ ਤੋਂ ਪੰਜਾਬੀ ਗਾਇਕੀ ਦੀ ਗੰਧਲੀ ਹੋਈ ਆਬੋ ਹਵਾ ਨੇ ਸਾਡੇ ਸੱਭਿਆਚਾਰ ਅਤੇ ਵਿਰਸੇ ਦੀ ਕਮਰ ਨੂੰ ਤੋੜ ਕੇ ਰੱਖ ਦਿੱਤਾ ਹੈ। ਚਾਰੇ ਕੂੰਟਾਂ ਵਿਚ ਹਾਲ ਇੱਕੋ ਜਿਹਾ ਨਜ਼ਰ ਆਉਂਦਾ ਹੈ। ਬਹੁਤੇ ਕਲਾਕਾਰਾਂ ਵੱਲੋਂ ਸ਼ੌਹਰਤ ਅਤੇ ਪੈਸੇ ਦੀ ਪਗਡੰਡੀ 'ਤੇ ਤੁਰਦਿਆਂ-ਤੁਰਦਿਆਂ ਮਾਂ ਬੋਲੀ ਦੇ ਵੱਕਾਰ ਨੂੰ ਅੱਖੋਂ ਪਰੋਖੇ ਕਰ ਐਸਾ ਰਸਤਾ ਚੁਣਿਆ ਜੋ ਸਿੱਧਾ ਨੈਤਿਕ ਕਦਰਾਂ ਕੀਮਤਾਂ ਨੂੰ ਕੁਚਲਦਾ ਹੋਇਆ ਅਪਰਾਧ ਅਤੇ ਗ਼ੈਰ-ਜ਼ਿੰਮੇਵਾਰੀ ਵਾਲੇ ਖੇਤਰ ਅੰਦਰ ਜਾ ਦਾਖ਼ਲ ਹੁੰਦਾ ਹੈ। ਹੁਣ ਮਾਂ ਬੋਲੀ ਦਾ ਕਿਸੇ ਨੂੰ ਕੋਈ ਖ਼ਿਆਲ ਨਹੀਂ ਰਿਹਾ ਬਸ ਪੈਸੇ ਤੇ ਸ਼ੋਹਰਤ ਮਿਲਣੀ ਚਾਹੀਦੀ ਹੈ, ਉਹ ਮਿਲ ਵੀ ਰਹੀ ਹੈ। ਅੱਜ ਦੇ ਬਹੁਤੇ ਕਲਾਕਾਰ ਇਹੀ ਫਾਰਮੂਲੇ 'ਤੇ ਫਿੱਟ ਹੁੰਦੇ ਨੇ ਤੇ ਹਿੱਟ ਵੀ ਹੋਏ ਹਨ। ਕਸੂਰ ਜਨਤਾ ਦਾ ਵੀ ਘੱਟ ਨਹੀਂ। ਪੰਜ-ਪੰਜ ਲੱਖ ਲੈਣ ਵਾਲੇ ਗਾਇਕ ਬੇਸ਼ੱਕ ਲੱਚਰਤਾ ਭਰੇ ਗੀਤ ਗਾ ਕੇ ਚੱਲ ਜਾਣ ਸਾਨੂੰ ਕੋਈ ਫ਼ਰਕ ਨਹੀਂ। ਘੱਟ ਪੈਸੇ ਲੈ ਚੰਗੇ ਗੀਤ ਗਾਉਣ ਵਾਲੇ ਗਾਇਕਾਂ ਨੂੰ ਅਸੀਂ ਘਰ ਦਾ ਦਰਵਾਜ਼ਾ ਵੀ ਨਹੀਂ ਟੱਪਣ ਦਿੰਦੇ ਕਿਉਂਕਿ ਉਨ੍ਹਾਂ ਦੇ ਗੀਤ ਸੱਭਿਅਕ ਭਾਸ਼ਾ ਨੂੰ ਪਰਨਾਏ ਹੁੰਦੇ ਹਨ।

## ਸੰਗੀਤ ਬਣਿਆ ਕਾਤਲ

ਮਾੜੇ ਗੀਤਾਂ ਦੇ ਇਕ ਦਹਾਕੇ ਦੇ ਸਫ਼ਰ ਨੇ ਅਥਾਹ ਅਜਿਹੀਆ ਮਾੜੀਆਂ ਅਲਾਮਤਾਂ ਨੂੰ ਜਨਮ ਦਿੱਤਾ ਹੈ ਜਿਨ੍ਹਾਂ ਦੀ ਬਦੌਲਤ ਪੰਜਾਬ ਦੀ ਨੌਜਵਾਨੀ ਨਸ਼ੇ ਅਤੇ ਅਸਲੇ ਦੇ ਕਲਚਰ ਦੀ ਭੇਟ ਚੜ੍ਹ ਅਪਰਾਧਾਂ ਦੇ ਰਾਹ ਤੁਰ ਪਈ ਹੈ। ਅਸੀ ਬਹੁਤ ਸਮਾਂ ਪਹਿਲਾਂ ਵੀ ਆਖਿਆ ਸੀ ਕਿ ਜੇ ਇਨ੍ਹਾਂ ਲੱਚਰ ਗੀਤ ਗਾਉਣ ਵਾਲਿਆਂ ਗਾਇਕਾਂ ਨੂੰ ਮੌਕਾ ਰਹਿੰਦਿਆਂ ਉਨ੍ਹਾਂ ਦੇ ਗੀਤਾਂ ਦੀ ਸ਼ਬਦਾਵਲੀ ਬਾਰੇ ਸਵਾਲ ਨਾ ਕੀਤੇ ਗਏ ਤਾਂ ਇਹ ਕੌੜੀ ਵੇਲ ਦੀ ਤਰ੍ਹਾਂ ਵਧਦੇ ਜਾਣਗੇ। ਸ਼ਾਇਦ ਇਹ ਆਵਾਜ਼ ਉਦੋਂ ਕਿਸੇ ਨੇ ਸੁਣੀ ਤਕ ਨਹੀਂ। ਹੁਣ ਜਦੋਂ ਪਾਣੀ ਸਿਰੋਂ ਟੱਪਣ ਲੱਗਿਆ ਤਾਂ ਸਾਰੇ ਹੱਥ ਪੈਰ ਮਾਰਨ ਲੱਗੇ ਹਨ। ਲੱਚਰਤਾ ਭਰੇ ਗੀਤਾਂ ਦੀ ਬਦੌਲਤ ਹੁੰਦੇ ਅਪਰਾਧਾਂ ਤੇ ਝਗੜਿਆਂ ਨੇ ਆਖ਼ਰ ਬਹੁਤੇ ਲੋਕਾਂ ਨੂੰ ਸੋਚਣ ਲਈ ਮਜਬੂਰ ਕੀਤਾ ਕਿ ਨਸ਼ੇ ਤੇ ਅਸਲੇ ਵਾਲੇ ਗੀਤਾਂ ਨੇ ਹਸਦੇ-ਵਸਦੇ ਘਰਾਂ ਦੇ ਚੁੱਲ੍ਹਿਆਂ ਵਿਚ ਘਾਹ ਉੱਗਣ ਲਾ ਦਿੱਤਾ ਹੈ। ਪੰਜਾਬ ਦੀ ਜਵਾਨੀ ਖ਼ੁਦ ਨੂੰ ਇਨ੍ਹਾਂ ਗੀਤਾਂ ਦੇ ਸਾਂਚੇ ਵਿਚ ਢਾਲ ਅਪਰਾਧਿਕ ਬਿਰਤੀ ਵੱਲ ਧੱਕੀ ਚਲੀ ਗਈ। ਗੀਤਾਂ ਤੋਂ ਉਕਸਾਹਟ ਵਿਚ ਆ ਕੇ ਗੱਲ ਨਕਲੀ ਗੋਲੀਆਂ ਤੋਂ ਅਸਲੀ ਤਕ ਜਾ ਪਹੁੰਚੀ ਅਤੇ ਕੀਮਤੀ ਜਾਨਾਂ ਭੰਗ ਦੇ ਭਾਣੇ ਜਾਣ ਲੱਗੀਆਂ। ਮਨੁੱਖੀ ਰੂਹਾਂ ਨੂੰ ਠੰਢੀ ਹਵਾ ਦੇ ਬੁੱਲੇ ਰਾਹੀਂ ਤ੍ਰਿਪਤੀ ਪ੍ਰਦਾਨ ਕਰਨ ਵਾਲਾ ਸੰਗੀਤ ਕਾਤਲ ਹੋ ਨਿਬੜਿਆ।

## ਸਰੋਤੇ ਸਮਝਣ ਜ਼ਿੰਮੇਵਾਰੀ

ਵਧੀਆ ਗਾਇਕੀ ਦੀ ਵਾਰਿਸ ਤੇ ਬੁਲੰਦ ਆਵਾਜ਼ ਦੀ ਮਾਲਕ ਗਾਇਕਾ ਗਗਨਪ੍ਰੀਤ ਬਠਿੰਡਾ ਨੇ ਕਿੰਨਾ ਸੱਚ ਕਿਹਾ ਹੈ ਕਿ ਕਲਾਕਾਰਾਂ ਦੇ ਨਾਲ-ਨਾਲ ਸਾਡੇ ਲੋਕ ਵੀ ਆਪਣੇ ਅੰਦਰ ਝਾਤੀ ਮਾਰਨ ਕਿ ਅਸੀਂ ਕਿੱਥੇ ਕੁ ਖੜ੍ਹੇ ਹਾਂ। ਨਸ਼ੇ ਤੇ ਅਸਲੇ ਵਾਲੇ ਕਲਚਰ ਦੇ ਗੀਤਾਂ ਵਿਚਲਾ ਭੂਤ ਛੇਤੀ ਕਿਤੇ ਪੰਜਾਬੀਆਂ ਦੇ ਗਲੋਂ ਲੱਥਣ ਵਾਲਾ ਨਹੀਂ ਹੈ। ਇਸ ਦੇ ਲਈ ਸਰੋਤਿਆਂ ਨੂੰ ਖ਼ੁਦ ਅੱਗੇ ਆਉਣਾ ਪਵੇਗਾ। ਦੂਸਰਿਆਂ ਤੋਂ ਆਸ ਰੱਖਣੀ ਤਾਂ ਮੂਰਖਤਾ ਹੀ ਹੋਵੇਗੀ। ਲੱਚਰ ਗਾਇਕੀ ਨੇ ਤਾਂ ਪੰਜਾਬੀਆਂ ਦੇ ਅਕਸ ਨੂੰ ਪੂਰੀ ਦੁਨੀਆ ਵਿਚ ਢਾਅ ਲਾਈ ਹੈ। ਫਿਰ ਵੀ ਜੇ ਸਰਕਾਰ ਚਾਹੁੰਦੀ ਹੈ ਕਿ ਅਸਲਾ, ਨਸ਼ਾ ਤੇ ਲੱਚਰਤਾ ਵਾਲੇ ਸੰਗੀਤ ਨੂੰ ਠੱਲ੍ਹ ਪਏ ਤਾਂ ਮਾਂ ਬੋਲੀ ਦੇ ਚਿੰਤਕਾਂ ਦੀ ਇਕ ਕਮੇਟੀ ਕਾਇਮ ਕਰ ਉਸ ਨੂੰ ਪੂਰਨ ਅਧਿਕਾਰ ਦਿੱਤੇ ਜਾਣ।

ਗੀਤਾਂ ਦੀ ਸਕਰੀਨਿੰਗ ਕਰ ਕੇ ਉਨ੍ਹਾਂ ਨੂੰ ਚੈਨਲ 'ਤੇ ਵਿਖਾਇਆ ਜਾਵੇ। ਯੂ-ਟਿਊਬ ਰਾਹੀਂ ਮਾੜੇ ਗੀਤਾਂ ਦਾ ਪ੍ਰਚਾਰ ਕਰਨ ਵਾਲੇ ਕਲਾਕਾਰਾਂ ਨੂੰ ਉਨ੍ਹਾਂ ਦੇ ਗੀਤਾਂ ਲਈ ਜਵਾਬ ਦੇਹ ਬਣਾਇਆ ਜਾਵੇ। ਚੈਨਲਾਂ 'ਤੇ ਸ਼ਿਕੰਜਾ ਕਸਣ ਦੇ ਨਾਲ-ਨਾਲ ਮਾਰਕੀਟ ਦੇ ਅੰਦਰ ਵੀ ਗੀਤਾਂ ਦੀ ਪੜਤਾਲ ਕੀਤੀ ਜਾਵੇ। ਮਾਂ-ਬੋਲੀ ਦਾ ਨੁਕਸਾਨ ਕਰਦੇ ਫੁਕਰੇ ਕਲਾਕਾਰਾਂ ਨੂੰ ਰੋਕਣ ਦੀ ਨੀਤੀ ਤਿਆਰ ਕਰਨ ਦੀ ਅੱਜ ਵੱਡੀ ਲੋੜ ਹੈ ਤਾਂ ਕਿ ਪੰਜਾਬ ਦੀ ਨੌਜਵਾਨੀ ਤੇ ਵਿਰਸੇ ਦਾ ਬੇਰਹਿਮੀ ਨਾਲ ਘਾਣ ਕਰ ਰਹੇ ਇਹ ਲੋਕ ਹੋਸ਼ ਵਿਚ ਆਉਣ ਨਹੀਂ ਤਾਂ ਕਮਿਸ਼ਨ, ਮਿਸ਼ਨ ਤੇ ਕਮੇਟੀਆਂ ਬਣਾ ਗੱਲੀ-ਬਾਤੀਂ ਕੀਤੇ ਯਤਨ ਕਿਸੇ ਵੀ ਤਰ੍ਹਾਂ ਸਾਡੇ ਤਿਲ-ਤਿਲ ਕਰ ਕੇ ਦਮ ਤੋੜ ਰਹੇ ਸੱਭਿਆਚਾਰ ਨੂੰ ਬਚਾਉਣ ਵਿਚ ਸਹਾਈ ਨਹੀਂ ਹੋਣਗੇ। ਇਸ ਦੇ ਨਾਲ ਹੀ ਸਰੋਤੇ ਵੀ ਆਪਣੀ ਜ਼ਿੰਮੇਵਾਰੀ ਸਮਝਣ ਤੇ ਚੰਗੇ ਗੀਤ ਗਾਉਣ ਵਾਲੇ ਗਾਇਕਾਂ ਨੂੰ ਪਹਿਲ ਦੇਣ। •

### ਸੱਭਿਆਚਾਰ ਮਿਸ਼ਨ ਦਾ ਗਠਨ

**ਲੱਚਰ** ਗਾਇਕੀ ਨੂੰ ਠੱਲ੍ਹ ਪਾਉਣ ਲਈ ਜਦੋਂ ਚਿੰਤਕਾਂ ਨੇ ਸਰਕਾਰ ਨੂੰ ਜਗਾਇਆ ਅਤੇ ਹਾਲਾਤਾਂ ਤੋਂ ਜਾਣੂ ਕਰਵਾਉਣ 'ਤੇ ਕਾਫ਼ੀ ਜੱਦੋ-ਜਹਿਦ ਤੋਂ ਬਾਅਦ ਸਰਕਾਰ ਵੱਲੋਂ ਪੰਜਾਬ ਕਲਾ ਪ੍ਰੀਸ਼ਦ ਦੀ ਦੇਖ ਰੇਖ ਹੇਠ 'ਪੰਜਾਬ ਸੱਭਿਆਚਾਰ ਮਿਸ਼ਨ' ਨਾਂ ਦੀ ਇਕ ਸੰਸਥਾ ਦਾ ਗਠਨ ਕੀਤਾ ਗਿਆ। ਚੰਗੇ ਨਾਮੀ ਕਲਾਕਾਰਾਂ ਅਤੇ ਸਾਹਿਤਕਾਰਾਂ ਨੂੰ ਇਸ ਦੇ ਕਰਤਾ-ਧਰਤਾ ਥਾਪ ਲੱਚਰ, ਅਸਲੇ ਅਤੇ ਨਸ਼ੇ ਨੂੰ ਹੱਲਾਸ਼ੇਰੀ ਦਿੰਦੇ ਗੀਤਾਂ 'ਤੇ ਨਕੇਲ ਕਸਣ ਲਈ ਵਿਚਾਰਾਂ ਕੀਤੀਆਂ ਗਈਆਂ। ਮਾਂ-ਬੋਲੀ ਦੇ ਸ਼ੁਭਚਿੰਤਕਾਂ ਨੂੰ ਆਸ ਵੱਝੀ ਕਿ ਹੋ ਸਕਦਾ ਹੈ ਕਿ ਹੁਣ ਕੁਝ ਭਲੇ ਦੀ ਗੱਲ ਹੋਵੇ। ਪਰ ਕਈਆਂ ਨੇ ਚਿੰਤਾ ਜ਼ਾਹਰ ਕੀਤੀ ਸੀ ਕਿ ਇਹ ਮਿਸ਼ਨ ਬੇਲਗਾਮ ਹੋ ਚੁੱਕੀ ਗਾਇਕੀ ਤੇ ਗੀਤਕਾਰੀ ਨੂੰ ਜਾਬਤੇ ਵਿਚ ਕਰਨ ਲਈ ਕਾਰਗਰ ਸਾਬਤ ਨਹੀਂ ਹੋਵੇਗਾ। ਜਿਉਂ-ਜਿਉਂ ਦਿਨ ਤੇ ਮਹੀਨੇ ਬੀਤ ਰਹੇ ਨੇ ਉਸ ਤੋਂ ਸਾਫ਼ ਜ਼ਾਹਿਰ ਹੋ ਰਿਹਾ ਹੈ ਕਿ ਇਹ ਮਿਸ਼ਨ ਵੀ ਸਿਰਫ਼ ਗੱਲਾਂ ਦੀ ਪੈਦਾਇਸ਼ ਹੀ ਹੈ ਕਿਉਂਕਿ ਮਿਸ਼ਨ ਦਾ ਗਠਨ ਹੋਇਆਂ ਕਾਫ਼ੀ ਸਮਾਂ ਬੀਤ ਚੁੱਕਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਅਜੇ ਤਕ ਮਿਸ਼ਨ ਦੇ ਕਿਸੇ ਅਹੁਦੇਦਾਰ ਵੱਲੋਂ ਮਾੜਾ ਗਾਉਣ ਵਾਲੇ ਕਲਾਕਾਰਾਂ 'ਤੇ ਕਾਰਵਾਈ ਲਈ ਸਿਫ਼ਾਰਿਸ਼ ਤਾਂ ਦੂਰ ਦੀ ਗੱਲ ਕੋਈ ਫੋਕਾ ਬਿਆਨ ਵੀ ਜਾਰੀ ਨਹੀਂ ਕੀਤਾ ਹੈ। ਸੋ ਸਪੱਸ਼ਟ ਹੈ ਕਿ ਹੁਣ ਪੰਜਾਬੀ ਇਸ ਮਿਸ਼ਨ ਤੋਂ ਕੋਈ ਆਸ ਨਾ ਰੱਖਣ ਤਾਂ ਚੰਗਾ ਹੈ। ਪਹਿਲਾਂ ਇਸ ਦੇ ਗਠਨ 'ਤੇ ਵੀ ਕਾਫ਼ੀ ਹੋ-ਹੱਲਾ ਹੋਇਆ ਸੀ ਅਤੇ ਇਸ ਵਿਚ ਸ਼ਾਮਲ ਕਈ ਕਲਾਕਾਰਾਂ ਦੇ ਗੀਤਾਂ 'ਤੇ ਲੋਕਾਂ ਨੇ ਸ਼ਰੇਆਮ ਉਂਗਲੀਆਂ ਚੁੱਕੀਆਂ ਸਨ। ਮਾਰਕੀਟ ਵਿਚ ਹੁਣ ਵੀ ਧੜਾਧੜ ਅਸ਼ਲੀਲ, ਨਸ਼ੇ ਤੇ ਅਸਲੇ ਨੂੰ ਪ੍ਰਚਾਰਦੇ ਗੀਤਾਂ ਦਾ ਬੋਲਬਾਲਾ ਜਿਉਂ ਦਾ ਤਿਉਂ ਬਰਕਰਾਰ ਹੈ। ਕਈ ਫੁਕਰੇ ਕਲਾਕਾਰ ਅੱਜ ਵੀ ਮੋਢੇ ਬੰਦੂਕ ਪਾਈ ਗੀਤਾਂ ਵਿਚ ਜੀਪਾਂ 'ਤੇ ਖੜ੍ਹ ਪਿੰਡਾਂ ਅੰਦਰ ਬਦਮਾਸ਼ਾਂ ਦੀ ਤਰ੍ਹਾਂ ਵਿਚਰਦੇ ਚਿੱਟੇ ਦਿਨ ਵਿਖਾਈ ਦਿੰਦੇ ਹਨ। ਦੂਜੇ ਪਾਸੇ ਮਿਸ਼ਨ ਦੇ ਆਗੂ ਅਜੇ ਵੀ ਚੁੱਪ ਨੇ।

# ਸਿਨੇਮਾ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ

ਗੁਰਪ੍ਰੀਤ ਕੌਰ ਭੰਗੂ



ਰੰਗਮੰਚ ਤੋਂ ਆਪਣੀ ਅਦਾਕਾਰੀ ਦਾ ਸਫ਼ਰ ਸ਼ੁਰੂ ਕਰਨ ਵਾਲੀ ਗੁਰਪ੍ਰੀਤ ਕੌਰ ਭੰਗੂ ਬਾਲੀਵੁੱਡ ਤੇ ਪਾਲੀਵੁੱਡ 'ਚ ਵੀ ਆਪਣੀ ਕਲਾ ਦਾ ਲੋਹਾ ਮੰਨਵਾ ਚੁੱਕੀ ਹੈ...

ਕਾਲਾ ਸਿੰਘ ਸੈਣੀ

ਕਾਫ਼ੀ ਸਮਾਂ ਪੰਜਾਬੀ ਫਿਲਮਾਂ ਵਿਚ ਨਾਇਕ-ਨਾਇਕਾ ਦੇ ਪਿਆਰ ਅਤੇ ਮਾਰਧਾੜ ਵਾਲੀਆਂ ਕਹਾਣੀਆਂ ਵਾਲਾ ਦੌਰ ਦਰਸ਼ਕਾਂ ਤੇ ਭਾਰੂ ਰਿਹਾ। ਨਿਰਮਾਤਾ ਤੇ ਨਿਰਦੇਸ਼ਕ ਮਨਮੋਹਣ ਸਿੰਘ ਵੱਲੋਂ ਫਿਲਮ 'ਜੀ ਆਇਆ ਨੂੰ' ਦੀ ਕਹਾਣੀ ਨੇ ਪੰਜਾਬੀ ਸਿਨੇਮੇ ਦਾ ਮੁਹਾਂਦਰਾ ਹੀ ਬਦਲ ਦਿੱਤਾ। ਹੁਣ ਪੰਜਾਬੀ ਸਿਨੇਮਾ ਆਪਣੇ ਅਮੀਰ ਪੰਜਾਬੀ ਸਾਹਿਤ ਨਾਲ ਜੁੜ ਕੇ ਪਰਿਵਾਰਿਕ ਰਿਸ਼ਤਿਆਂ ਤੇ ਮੋਹ ਦੀਆਂ ਤੰਦਾਂ ਦੀ ਗੱਲ ਕਰਦਾ ਹੋਇਆ ਅੱਗੇ ਵਧ ਰਿਹਾ ਹੈ। ਸਿਨੇਮਾ ਸਿਰਫ਼ ਤੇ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਹੁੰਦਾ ਇਸ ਕੋਲ ਯੁੱਗ ਬਦਲਣ ਦੀ ਅਥਾਹ ਸ਼ਕਤੀ ਵੀ ਹੁੰਦੀ ਹੈ। ਅੱਜ ਪੁਰਾਤਨ ਸੱਭਿਆਚਾਰ ਨੂੰ ਰੂਪਮਾਨ ਕਰਦੀਆਂ ਹੋਈਆਂ ਕੁਝ ਪੰਜਾਬੀ ਫਿਲਮਾਂ ਸਾਡੀ ਪਰਿਵਾਰਿਕ ਜ਼ਿੰਦਗੀ ਦੇ ਖ਼ੂਬਸੂਰਤ ਰਿਸ਼ਤਿਆਂ ਦੀ ਬਾਤ ਪਾਉਂਦੀਆਂ ਹਨ। ਅਜਿਹੀਆਂ ਫਿਲਮਾਂ ਦਾ ਬਣਨਾ ਸਾਡੇ ਵਲਮੁੱਲੇ ਸੱਭਿਆਚਾਰ ਨੂੰ ਸਾਂਭਣ ਦਾ ਯਤਨ ਹੈ। ਇਹ ਵਿਚਾਰ ਮਸ਼ਹੂਰ ਅਦਾਕਾਰਾ ਗੁਰਪ੍ਰੀਤ ਕੌਰ ਭੰਗੂ ਨੇ ਵਿਸ਼ੇਸ਼ ਮੁਲਾਕਾਤ ਦੌਰਾਨ ਸਾਂਝੇ ਕੀਤੇ।

ਰੰਗਮੰਚ ਤੋਂ ਆਪਣੀ ਅਦਾਕਾਰੀ ਦੀ ਸ਼ੁਰੂਆਤ ਕਰਨ ਵਾਲੀ ਗੁਰਪ੍ਰੀਤ ਕੌਰ ਭੰਗੂ ਨੇ ਥੀਏਟਰ ਦੇ ਬਾਬਾ ਬੋਹੜ ਗੁਰਸ਼ਰਨ ਭਾਜੀ ਤੋਂ ਕਲਾ ਦੀਆਂ ਬਰੀਕੀਆਂ ਦਾ ਗਿਆਨ ਹਾਸਲ ਕਰ ਕੇ ਅਨੇਕਾਂ ਨਾਟਕਾਂ ਦੇ ਸਫਲ ਸਟੇਜ ਸ਼ੋਅ ਕਰਦੇ ਹੋਏ ਪ੍ਰਪੱਕ ਅਦਾਕਾਰਾ ਵੱਜੋਂ ਆਪਣੀ ਪਛਾਣ ਬਣਾਈ। ਚੇਤਨਾ ਕਲਾ ਮੰਚ ਸ੍ਰੀ ਚਮਕੌਰ ਸਾਹਿਬ ਦੇ ਬੈਨਰ ਹੇਠ ਉਹ ਸਮਾਜਿਕ ਬੁਰਾਈਆਂ ਪ੍ਰਤੀ ਚਿੰਤਤ ਔਰਤਾਂ ਦੇ ਹੱਕਾਂ ਪ੍ਰਤੀ ਆਵਾਜ਼ ਬੁਲੰਦ ਕਰਦੀ ਆ ਰਹੀ ਹੈ। ਪਾਲੀਵੁੱਡ ਦੀ ਫਿਲਮ 'ਏਕਮ' ਨਾਲ ਗੁਰਪ੍ਰੀਤ ਨੇ ਆਪਣੇ ਫਿਲਮੀ ਸਫ਼ਰ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਭਾਰਤੀ ਰੰਗਮੰਚ ਦੇ ਕਲਾਕਾਰ ਪੰਕਜ ਕਪੂਰ ਦੀ ਹਿੰਦੀ ਫਿਲਮ 'ਮੌਸਮ' ਰਾਹੀਂ ਗੁਰਪ੍ਰੀਤ ਨੇ ਬਾਲੀਵੁੱਡ 'ਚ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ। ਇਸ ਫਿਲਮ ਵਿਚ ਸੁਪਰਸਟਾਰ ਸ਼ਾਹਿਦ ਕਪੂਰ ਤੇ ਸੋਨਮ ਕਪੂਰ ਦੇ ਨਾਲ ਉਸ ਨੇ ਪੇਂਡੂ ਵਿਰਸੇ 'ਚ ਰੰਗੇ 'ਗੁਸੈਲ ਤਾਈ' ਵਾਲੇ ਕਿਰਦਾਰ ਨੇ ਗੁਰਪ੍ਰੀਤ ਨੂੰ ਹੋਰ ਬੁਲੰਦੀਆਂ 'ਤੇ ਪਹੁੰਚਿਆ।

ਮਾਲਵੇ ਦੇ ਰੇਤਲੇ ਟਿੱਬਿਆਂ ਦੇ ਮਸ਼ਹੂਰ ਪਿੰਡ ਬੁਰਜ ਕਾਨ੍ਹ ਸਿੰਘ ਵਾਲਾ ਵਿਖੇ ਇਕ ਸਧਾਰਨ ਪਰਿਵਾਰ ਦੀ ਜੰਮਪਲ ਗੁਰਪ੍ਰੀਤ ਕੌਰ ਭੰਗੂ ਖ਼ੁਦ ਨੂੰ ਖ਼ੁਸ਼ਕਿਸਮਤ ਸਮਝਦੀ ਹੈ ਕਿ ਕਾਲਜ ਸਮੇਂ ਤੋਂ ਉਸ ਨੂੰ ਐਕਟਿੰਗ ਵਾਲੇ ਪਏ ਸ਼ੌਕ ਨੂੰ ਵਿਆਹ ਤੋਂ ਬਾਅਦ ਵੀ ਉਸ ਦੇ ਜੀਵਨ ਸਾਥੀ ਸਵਰਨ ਸਿੰਘ ਭੰਗੂ ਨੇ ਕਦੇ ਫਿੱਕਾ ਨਹੀਂ ਪੈਣ ਦਿੱਤਾ। ਜ਼ਿਕਰਯੋਗ ਹੈ ਕਿ ਸਵਰਨ ਸਿੰਘ ਭੰਗੂ ਅਤੇ ਗੁਰਪ੍ਰੀਤ ਕੌਰ ਭੰਗੂ ਨੇ ਇਕ 'ਆਦਰਸ਼ ਚੈਰੀਟੇਬਲ ਟਰੱਸਟ' ਬਣਾਇਆ ਹੋਇਆ ਹੈ। ਜਿੱਥੇ ਸਵਰਨ ਸਿੰਘ ਭੰਗੂ ਬਤੌ ਡਾਇਰੈਕਟਰ ਸੇਵਾ ਨਿਭਾ ਰਿਹਾ

ਮੱਥੇ ਦੀਆਂ ਝੁਰੜੀਆਂ ਅ ਗੁੱਸੇ ਵਾਲਾ ਚਿਹਰਾ, ਅੰਦ ਕੋਮਲ ਦਿਲ ਗੁਰਪ੍ਰੀਤ ਅਦਾਕਾ ਦਾ ਵਿਲੱਖਣ ਮੁਜੱਸਮਾ ਹੈ। ਉ ਦੇ ਹਰੇਕ ਕਿਰਦਾਰ ਨੂੰ ਦਰਸ਼ ਵੱਲੋਂ ਖ਼ੂਬ ਪਸੰਦ ਕੀਤਾ ਗਿ ਹੈ। ਗੁਰਪ੍ਰੀਤ ਨੇ ਹੁਣ ਤਕ ਪੰਜਾ ਫਿਲਮਾਂ 'ਚ ਮਾਂ ਦਾ ਕਿਰਦ ਜ਼ਿਆਦਾ ਨਿਭਾਇਆ ਹੈ। ਹਿ ਪੰਜਾਬੀ ਫਿਲਮਾਂ 'ਅਰਦਾਸ 'ਆਸੀਸ' ਅਤੇ 'ਹਰਜੀਤਾ', ਵਿਚ ਉਸ ਦੇ ਮਾਂ ਵਾਲੇ ਵਿਲੱਖ ਕਿਰਦਾਰਾਂ ਨੂੰ ਦਰਸ਼ਕਾਂ ਨੇ ਖ਼ੂ ਪਸੰਦ ਕੀਤਾ। ਅਦਾਕਾਰੀ ਦੇ ਖੇਤ 'ਚ ਵੱਖਰੀ ਪਛਾਣ ਕਾਇਮ ਕਰ ਵਾਲੀ ਗੁਰਪ੍ਰੀਤ ਨੇ ਹਿੰਦੀ ਫਿਲ 'ਬਿੱਟੂ ਬੌਸ' ਤੋਂ ਇਲਾਵਾ ਪੰਜਾ ਸਿਨਮੇ ਦੀਆਂ 'ਨਿੱਕਾ ਜ਼ੈਲਦਾਰ- 'ਮਿੱਟੀ', 'ਕੱਚੇ ਧਾਗੇ', 'ਢੋਲ ਰੱਤੀ 'ਜੱਗਾ ਜਿਊਂਦਾ ਹੈ', 'ਸ਼ਰੀ 'ਉਡੀਕ', 'ਵਧਾਈਆਂ ਵਧਾਈਆਂ', 'ਲੌਂਗ ਲਾਚੀ', ' ਗਏ ਓਏ ਲੋਕੋ' ਆਦਿ ਫਿਲ ਵਿਚ ਕਈ ਅਹਿਮ ਕਿਰਦ ਨਿਭਾਏ ਹਨ।

ਗੁਰਪ੍ਰੀਤ ਕੌਰ ਭੰਗੂ ਨੇ ਕਿ ਕਿ ਜਲਦੀ ਹੀ ਰਿਲੀਜ਼ ਹੋਣ ਰਹੀ ਪੰਜਾਬੀ ਫਿਲਮ 'ਪ੍ਰਾਹੁਣਾ' ਲੈ ਕੇ ਉਹ ਬੇਹੱਦ ਉਤਸ਼ਾਹਿਤ ਅਤੇ ਇਹ ਫਿਲਮ ਉਸ ਦੇ ਦਿ ਦੇ ਕਾਫ਼ੀ ਕਰੀਬ ਹੈ। ਇਹ ਫਿਲ ਪਰਿਵਾਰਿਕ ਰਿਸ਼ਤਿਆਂ ਦੇ ਮੋ ਦੀਆਂ ਤੰਦਾਂ ਦੀ ਗੱਲ ਕਰੇਗੀ ਇਸ ਫਿਲਮ ਤੋਂ ਉਸ ਨੂੰ ਕਾ ਉਮੀਦਾਂ ਹਨ। ਗੁਰਪ੍ਰੀਤ ਦੀ ਅਗਲੀਆਂ ਫਿਲਮਾਂ 'ਚ 'ਆ ਦੀ ਚਿੜੀ', 'ਕਿਸਮਤ', 'ਮੰ ਬਿਸਤਰੇ-2', 'ਮਜਨੂੰ', ਅ 'ਅਫਸਰ' ਆਦਿ ਸ਼ਾਮਲ ਹਨ।

99882-8036



# ਮੇਰੀ ਪਹਿਲ ਚੰਗੀ ਗਾਇਕੀ

## ਨਿਸ਼ਾ ਖ਼ਾਨ

ਕੁਲਦੀਪ ਸਿੰਘ ਢਿੱਲੋਂ

ਅਜੋਕਾ ਦੌਰ ਮੁਕਾਬਲੇਬਾਜ਼ੀ ਦਾ ਹੈ। ਅੱਜ ਕੱਲ੍ਹ ਹਰ ਖੇਤਰ 'ਚ ਇਕ ਦੂਜੇ ਤੋਂ ਅੱਗੇ ਨਿਕਲਣ ਦੀ ਹੋੜ ਲੱਗੀ ਹੋਈ ਹੈ। ਪੈਸੇ ਦਾ ਯੁੱਗ ਹੋਣ ਕਰ ਕੇ ਹਰ ਕੋਈ ਪੈਸੇ ਦੇ ਜ਼ੋਰ 'ਤੇ ਕਿਸੇ ਨਾ ਕਿਸੇ ਖੇਤਰ 'ਚ ਸਟਾਰ ਬਣਨ ਲਈ ਕਾਹਲਾ ਹੈ। ਪੈਸੇ ਦੇ ਜ਼ੋਰ ਨਾਲ ਬਣੇ ਸਟਾਰ ਜ਼ਿਆਦਾ ਸਮਾਂ ਕਦੇ ਨਹੀਂ ਟਿਕ ਸਕਦੇ ਪਰ ਜੋ ਸਖ਼ਤ ਮਿਹਨਤ ਤੋਂ ਬਾਅਦ ਕਿਸੇ ਖੇਤਰ 'ਚ ਜਾਂਦੇ ਹਨ ਉਹ ਲੰਬਾ ਸਮਾਂ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੇ ਹਨ। ਕਿਸੇ ਸਮੇਂ ਗਾਇਕੀ ਦੇ ਖੇਤਰ ਵਿਚ ਕੁੜੀਆਂ ਦੇ ਆਉਣ ਨੂੰ ਚੰਗਾ ਨਹੀਂ ਸਮਝਿਆ ਜਾਂਦਾ ਸੀ ਪਰ ਅੱਜ ਦੇ ਸਮੇਂ 'ਚ ਕੁੜੀਆਂ ਵੀ ਹਰ ਖੇਤਰ 'ਚ ਮੱਲਾਂ ਮਾਰ ਰਹੀਆਂ ਹਨ। ਬਹੁਤ ਸਾਰੀਆਂ ਗਾਇਕਾਵਾਂ ਨੇ ਸਮੇਂ-ਸਮੇਂ ਤੇ ਇਸ ਖੇਤਰ 'ਚ ਆਪਣੀ ਕਲਾ ਦਾ ਲੋਹਾ ਮੰਨਵਾਇਆ ਹੈ। ਅੱਜ ਅਸੀਂ ਗੱਲ ਕਰਨ ਜਾ ਰਹੇ ਪਿਛਲੇ ਕਾਫ਼ੀ ਸਮੇਂ ਤੋਂ ਗਾਇਕੀ 'ਚ ਸਰਗਰਮ ਗਾਇਕਾ ਨਿਸ਼ਾ ਖ਼ਾਨ ਦੀ। ਉਸ ਦਾ ਜਨਮ ਪੰਜਾਬ ਦੇ ਮਸ਼ਹੂਰ ਪਿੰਡ ਬਾਦਲ 'ਚ ਪਿਤਾ ਅਬਦੁਲ ਗਫ਼ੂਰ ਤੇ ਮਾਤਾ ਰਸ਼ੀਦਾ ਬੇਗ਼ਮ ਦੇ ਘਰ ਹੋਇਆ।

ਬਚਪਨ ਤੋਂ ਗਾਇਕੀ ਦਾ ਸ਼ੌਕ ਰੱਖਣ ਵਾਲੀ ਨਿਸ਼ਾ ਖ਼ਾਨ ਨੇ ਆਪਣੀ ਮੁਢਲੀ ਸਿੱਖਿਆ ਦਸ਼ਮੇਸ਼ ਅਕੈਡਮੀ ਬਾਦਲ ਤੋਂ ਪ੍ਰਾਪਤ ਕੀਤੀ। ਇਸ ਉਪਰੰਤ ਆਪਣੇ ਭਰਾ ਸ਼ੀਰਾ ਖ਼ਾਨ ਦੀ ਪ੍ਰੇਰਨਾ ਸਦਕਾ ਨਿਸ਼ਾ ਨੇ ਸਾਲ 2001 'ਚ ਭੇਟਾਂ ਦੀ ਕੈਸਿਟ ਨਾਲ ਇਸ ਖੇਤਰ 'ਚ ਆਪਣਾ ਪਹਿਲਾ ਕਦਮ ਰੱਖਿਆ। ਉਸ ਤੋਂ ਬਾਅਦ 2016 'ਚ ਉਸ ਦੀ 'ਜੋਗਨ' ਕੈਸਿਟ ਆਈ। ਫਿਰ 2017 ਨਿਸ਼ਾ ਦੇ ਗੀਤ 'ਜੱਟ ਲੁੱਟਿਆ ਗਿਆ' ਨੂੰ ਪੀਟੀਸੀ ਵਲੋਂ ਰਿਲੀਜ਼ ਕਰ ਕੇ ਉਸ ਨੂੰ ਪੰਜਾਬੀ ਗਾਇਕੀ 'ਚ ਪੱਕੇ ਪੈਰੀਂ ਕਰ ਦਿੱਤਾ। ਹੁਣ ਨਿਸ਼ਾ ਖ਼ਾਨ ਆਪਣੇ ਨਵੇਂ ਰਿਲੀਜ਼ ਹੋਏ ਗੀਤ 'ਸਾਹਾਂ ਦੀ ਚਰਖੀ' ਨਾਲ ਮੁੜ ਚਰਚਾ 'ਚ ਆ ਗਈ ਹੈ। ਇਸ ਗੀਤ ਨੂੰ ਬੀਕਾ ਲਾਲ ਬਾਈ ਨੇ ਲਿਖਿਆ ਹੈ ਤੇ ਇਸ ਨੂੰ ਵੀ ਪੀਟੀਸੀ ਨੇ ਹੀ ਰਿਲੀਜ਼ ਕੀਤਾ ਹੈ। ਸਾਫ਼ ਸੁਥਰੀ ਗਾਇਕੀ ਗਾਉਣ ਤੇ ਸੁਣਨ 'ਚ ਯਕੀਨ ਰੱਖਣ ਵਾਲੀ ਨਿਸ਼ਾ ਖ਼ਾਨ ਆਪਣੀ ਇਸ ਕਾਮਯਾਬੀ 'ਚ ਆਪਣੇ ਪੂਰੇ ਪਰਿਵਾਰ ਦਾ ਅਹਿਮ ਸਹਿਯੋਗ ਮੰਨਦੀ ਹੈ। •

98559-64276



# ਨਿਰਮਾਤਾ ਤੇ ਫ਼ਨਕਾਰ ਸਾਲਮ

ਗੁਰਬਾਜ ਗਿੱਲ

ਸੰਗੀਤ ਇਕ ਸਮੁੰਦਰ ਦੀ ਤਰ੍ਹਾਂ ਹੈ, ਇਸ ਵਿੱਚੋਂ ਉਹੀ ਇਨਸਾਨ ਪਾਰ ਲੰਘਦਾ ਹੈ ਜਿਹੜਾ ਖ਼ੁਦ ਤੈਰਨਾ ਜਾਣਦਾ ਹੋਵੇ। ਅਜਿਹਾ ਹੀ ਇਕ ਅਲਬੇਲਾ ਤੇ ਸ਼ਾਇਰਾਨਾ ਫ਼ਨਕਾਰ, ਜੋ ਅੱਜ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਮੈਂ ਗੱਲ ਕਰ ਰਿਹਾ ਹਾਂ ਫੋਕ ਟਾਈਮ ਆਡੀਓ ਵਿਜ਼ਨ ਦੇ ਨਿਰਮਾਤਾ ਤੇ ਸ਼ਾਇਰਾਨਾ ਫ਼ਨਕਾਰ ਸਾਲਮ ਖ਼ਾਨ ਦੀ, ਜਿਸ ਨੇ ਅੱਜ ਗਾਇਕੀ ਦੇ ਖੇਤਰ 'ਚ ਵੱਖਰਾ ਮੁਕਾਮ ਹਾਸਲ ਕੀਤਾ ਹੈ। ਦਮਦਾਰ ਤੇ ਦਿਲਕਸ਼ ਆਵਾਜ਼ ਦੇ ਮਾਲਕ ਸਾਲਮ ਖ਼ਾਨ ਦਾ ਜਨਮ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਰੱਤਾ ਖੇੜਾ ਪੰਜਾਬ ਸਿੰਘ ਵਾਲਾ ਵਿਚ ਪਿਤਾ ਰਵਿੰਦਰ ਸਿੰਘ ਦੀਵਾਨਾ ਦੇ ਘਰ ਹੋਇਆ। ਉਸ ਦੇ ਪਿਤਾ ਵੀ ਗਾਇਕ, ਐਕਟਰ ਤੇ ਪੱਤਰਕਾਰ ਹਨ।

ਸਾਲਮ ਖ਼ਾਨ ਨੂੰ ਗਾਇਕੀ ਦੀ ਗੁੜ੍ਹਤੀ ਵਿਰਸੇ 'ਚੋਂ ਮਿਲੀ, ਕਿਉਂਕਿ ਉਸ ਦੇ ਪਿਤਾ ਇਕ ਚੰਗੇ ਗਾਇਕ ਹਨ। ਵੈਸੇ, ਉਸ ਨੇ ਗਾਇਕੀ ਦੀਆਂ ਬਰੀਕੀਆਂ ਉਸਤਾਦ ਜਸਵੰਤ ਭੰਵਰਾ ਕੋਲ ਕਾਫ਼ੀ ਸਮਾਂ ਸਿੱਖੀਆਂ। ਸੰਗੀਤ ਪ੍ਰਤੀ ਸਾਲਮ ਦੀ ਇਹ ਮਿਹਨਤ ਅੱਜ ਉਸ ਲਈ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਨਿਬੜੀ ਹੈ। ਸਾਲਮ ਦੇ ਛੋਟੇ ਭਰਾ ਮੁਖਵਿੰਦਰ ਸਿੰਘ, ਮਾਸਟਰ ਖ਼ਾਨ ਤੇ ਸੁਰਪ੍ਰੀਤ ਸੈਨੀ ਵੀ ਚੰਗੇ ਗਾਇਕ ਹਨ। ਉਨ੍ਹਾਂ ਦੀ ਵੀ ਪੰਜਾਬੀ ਗਾਇਕੀ ਵਿਚ ਆਪਣੀ ਵਿਲੱਖਣ ਪਛਾਣ ਹੈ। ਫੋਕ ਟਾਈਮ ਆਡੀਓ ਵਿਜ਼ਨ ਉਸ ਦੀ ਆਪਣੀ ਮਿਊਜ਼ਿਕ ਕੰਪਨੀ ਹੈ ਜਿਸ ਵਿਚ ਉਹ ਨਵੇਂ ਪੁਰਾਣੇ ਗਾਇਕਾ ਨੂੰ ਰਿਕਾਰਡ ਕਰਦਾ ਹੈ। ਹੁਣ ਤਕ ਉਹ ਗੁਰਲੇਜ਼ ਅਖ਼ਤਰ, ਮੇਸ਼ੀ ਮਾਣਕ, ਮਾਸਟਰ ਖ਼ਾਨ, ਚਮਕੌਰ ਖੱਟੜਾ, ਸਵਰਗੀ ਦਲਜੀਤ ਦਰਦੀ, ਅੰਗਰੇਜ਼ ਸੰਧੂ, ਸਸ਼ੀ ਬਾਲੀ, ਅਮਨ ਗਰੇਵਾਲ, ਜਤਿੰਦਰ ਰੰਧਾਵਾ, ਸੁਮਨ ਭੱਟੀ ਤੇ ਜਗਦੇਵ ਖ਼ਾਨ ਆਦਿ ਗਾਇਕਾ ਨੂੰ ਰਿਕਾਰਡ ਕਰ ਚੁੱਕਾ ਹੈ।

ਪੰਜਾਬ ਦੇ ਸਿਹਤ ਵਿਭਾਗ ਨੇ 'ਪੋਲੀਓ' ਨਾਲ ਸਬੰਧਤ ਸਾਲਮ ਤੋਂ ਇਕ ਗੀਤ ਵੀ ਤਿਆਰ ਕਰਵਾਇਆ, ਜਿਸ ਵਿਚ ਜਸਪਾਲ ਸਿੱਧੂ ਤੇ ਰਾਜਿੰਦਰ ਕੌਰ ਰੂਬੀ ਨੇ ਆਵਾਜ਼ ਦਿੱਤੀ ਹੈ। ਸਾਲਮ ਖ਼ਾਨ ਆਪਣੀ ਬੁਲੰਦ ਆਵਾਜ਼ ਨਾਲ ਹੁਣ ਤਕ ਯੂਕੇ, ਯੂਐੱਸਏ, ਨਿਊਜ਼ੀਲੈਂਡ ਤੇ ਕੈਨੇਡਾ ਆਦਿ ਦੇਸ਼ਾਂ 'ਚ ਸ਼ੋਅ ਕਰ ਚੁੱਕਾ ਹੈ। ਸਾਲਮ ਖ਼ਾਨ ਦੇ ਗਾਏ 'ਧੀ ਤੇਰੀ ਦੁਖੀ ਅੰਮੀਏ', 'ਚਿੱਠੀ ਦਰਦ ਭਰੀ', 'ਜੱਟੀ ਮੇਲੇ 'ਚ ਮੇਲਦੀ ਜਾਂਦੀ' ਅਤੇ 'ਜੱਟ ਨੇ ਪਸੰਦ ਕਰ ਲਈ' ਆਦਿ ਗੀਤ ਬਹੁਤ ਮਕਬੂਲ ਹੋਏ ਹਨ।

'ਕੁੜੀਆ ਤੇਰੇ ਸ਼ਹਿਰ ਦੀਆਂ', 'ਹੂਰ ਪਸੰਦ ਨਾ ਆਵੇ', 'ਸੁਰ ਬੋਲ ਪਏ' ਅਤੇ 'ਗਾਉਂਦਾ ਪੰਜਾਬ' ਆਦਿ ਐਲਬਮਾਂ ਹੁਣ ਤਕ ਉਸ ਦੀਆਂ ਮਾਰਕੀਟ ਵਿਚ ਆ ਚੁੱਕੀਆਂ ਹਨ, ਜਿਨ੍ਹਾਂ ਨੂੰ ਸਰੋਤਿਆਂ ਵੱਲੋਂ ਹਾਂ ਪੱਖੀ ਹੁੰਗਾਰਾ ਮਿਲਿਆ। ਸਾਲਮ ਹੁਣ ਆਪਣੇ ਛੋਟੇ ਭਰਾ ਮਾਸਟਰ ਖ਼ਾਨ ਨਾਲ 'ਪਿੱਠ ਕਦੇ ਨਾ ਲੱਗਦੀ, ਜੇ ਧੋਖਾ ਆਪਣੇ ਕਰਦੇ ਨਾ' ਸਿੰਗਲ ਟਰੈਕ ਲੈ ਕੇ ਮੁੜ ਸਰੋਤਿਆਂ ਦੀ ਕਚਹਿਰੀ ਵਿਚ ਹਾਜ਼ਰ ਹੋਣ ਜਾ ਰਿਹਾ ਹੈ।

ਸਾਲਮ ਦਾ ਕਹਿਣਾ ਹੈ ਕਿ ਉਹ ਹਮੇਸ਼ਾ ਪੰਜਾਬੀ ਸੱਭਿਆਚਾਰ ਦੇ ਦਾਇਰੇ ਵਿਚ ਰਹਿ ਕੇ ਗਾਵੇਗਾ ਅਤੇ ਪੰਜਾਬੀ ਮਾਂ ਬੋਲੀ ਦਾ ਨਾਂ ਨੂੰ ਹੋਰ ਰੌਸ਼ਨ ਕਰਨ ਲਈ ਯਤਨਸ਼ੀਲ ਰਹੇਗਾ। •

98723-62507



# ਗੀਤਕਾਰੀ 'ਚ ਨਵੀਂ ਦਸਤਕ

ਬਿਕਰਮਜੀਤ ਸਿੰਘ ਵਿੱਕੀ

## ਗੁਰੀ ਨਿਆਲ



ਅੱਜ ਕੱਲ੍ਹ ਗੀਤਕਾਰੀ ਦੇ ਖੇਤਰ ਵਿਚ ਹਰ ਦਿਨ ਕਈ ਨਵੇਂ ਚਿਹਰੇ ਆ ਰਹੇ ਹਨ, ਜਿਨ੍ਹਾਂ ਵਿੱਚੋਂ ਬਹੁਤਿਆਂ ਨੂੰ ਤਾਂ ਗੀਤਕਾਰੀ ਦਾ ਗਿਆਨ ਹੀ ਨਹੀਂ ਹੁੰਦਾ। ਉਹ ਹਵਾ ਦੇ ਬੁੱਲੇ ਵਾਂਗ ਆਉਂਦੇ ਹਨ ਅਤੇ ਚਲੇ ਜਾਂਦੇ ਹਨ। ਦੂਜੇ ਪਾਸੇ ਗੀਤਕਾਰੀ ਦਾ ਗਿਆਨ ਲੈ ਕੇ ਇਸ ਖੇਤਰ ਵਿਚ ਆਉਣ ਵਾਲਿਆਂ ਦੀ ਚੰਗੀ ਕਦਰ ਪੈਂਦੀ ਹੈ। ਅਜਿਹੇ ਵੀ ਕਈ ਗੀਤਕਾਰ ਹਨ, ਜੋ ਆਪਣੀ ਸਖ਼ਤ ਮਿਹਨਤ ਤੇ ਲਗਨ ਨਾਲ ਆਪਣੀ ਕਲਮ ਦਾ ਲੋਹਾ ਮਨਵਾਉਂਦੇ ਹਨ। ਅਜਿਹਾ ਹੀ ਇਕ ਗੀਤਕਾਰ ਗੁਰੀ ਨਿਆਲ ਦੀ ਵੀ ਇਸ ਖੇਤਰ ਵਿਚ ਦਸਤਕ ਹੋਈ ਹੈ। ਗੁਰੀ ਨਿਆਲ ਦਾ ਜਨਮ ਜ਼ਿਲ੍ਹਾ ਪਟਿਆਲਾ ਵਿਖੇ ਪਿਤਾ ਬਾਘਾ ਸਿੰਘ ਅਤੇ ਮਾਤਾ ਡੋਲੀ ਰਾਣੀ ਦੇ ਘਰ ਹੋਇਆ। ਗੁਰੀ ਨੂੰ ਗੀਤਕਾਰੀ ਦੀ ਚੇਟਕ ਸਕੂਲ ਪੜ੍ਹਦਿਆਂ ਹੀ ਲੱਗ ਗਈ ਸੀ। ਉਹ ਆਪਣੇ ਲਿਖੇ ਗੀਤ ਅਕਸਰ ਆਪਣੀ ਕਲਾਸ ਅਤੇ ਦੋਸਤਾਂ-ਮਿੱਤਰਾਂ ਵਿਚ ਬੈਠਾ ਗੁਣ-ਗੁਣਾਉਂਦਾ ਰਹਿੰਦਾ ਸੀ।

ਗੁਰੀ ਦਾ ਪਹਿਲਾ ਗੀਤ ਗਾਇਕ ਜੱਗੀ ਨਿਆਲ ਦੀ ਆਵਾਜ਼ ਵਿਚ ਰਿਕਾਰਡ ਹੋਇਆ ਸੀ। ਗੀਤ ਦੇ ਬੋਲ ਸਨ 'ਮਾਪਿਆਂ ਦਾ ਪਿਆਰ' ਅਤੇ ਉਸ ਤੋਂ ਬਾਅਦ ਗਾਇਕ ਪ੍ਰੀਤ ਖੜਿਆਲ ਦੀ ਆਵਾਜ਼ ਵਿਚ 'ਚਿੱਟਾ ਵਰਸਿਜ਼ ਬੁਢਾਪਾ' ਮਾਰਕੀਟ ਵਿਚ ਆਇਆ। ਇਨ੍ਹਾਂ ਗੀਤਾਂ ਨੂੰ ਸਰੋਤਿਆਂ ਵੱਲੋਂ ਖ਼ੂਬ ਪਸੰਦ ਕੀਤਾ ਗਿਆ। ਜਲਦੀ ਹੀ ਗੁਰੀ ਦੀ ਕਲਮ ਵਿੱਚੋਂ ਨਿਕਲੇ ਕਈ ਹੋਰ ਗੀਤ ਵੀ ਸਰੋਤਿਆਂ ਦੇ ਸਨਮੁੱਖ ਪੇਸ਼ ਹੋਣ ਵਾਲੇ ਹਨ। ਇਨ੍ਹਾਂ ਗੀਤਾਂ ਨੂੰ ਪੰਜਾਬ ਦੇ ਵੱਖ-ਵੱਖ ਗਾਇਕਾਂ ਨੇ ਆਪਣੀ ਆਵਾਜ਼ ਦਿੱਤੀ ਹੈ। •

75082-42992

# ਬਰੂਜ਼ ਦੀ ਗਾਇਕੀ ਵਿਰਾਸਤੀ ਦੇਣ

ਪ੍ਰਦੀਪ ਕੌਰ ਅਡੋਲ



ਘਰ ਵਿਚ ਗਾਇਕੀ ਦਾ ਮਾਹੌਲ ਹੋਵੇ ਤਾਂ ਜ਼ਾਹਿਰ ਹੈ ਕਿ ਘਰ ਦਾ ਕੋਈ ਨਾ ਕੋਈ ਮੈਂਬਰ ਆਪਣੇ ਵੱਡਿਆਂ ਦੀਆਂ ਪੈੜਾਂ 'ਤੇ ਚੱਲਦਾ ਹੀ ਹੈ। ਇਸੇ ਤਰ੍ਹਾਂ ਗਾਇਕ 'ਬਰੂਜ਼' ਨੂੰ ਵੀ ਗਾਇਕੀ ਵਿਰਾਸਤ ਵਿੱਚੋਂ ਮਿਲੀ ਹੈ। ਬਰੂਜ਼ ਅੱਜ ਆਪਣੇ ਪਿਤਾ ਤੋਂ ਵਿਰਾਸਤ ਵਿਚ ਮਿਲੀ ਗਾਇਕੀ ਨੂੰ ਬਾਖ਼ੂਬੀ ਅੱਗੇ ਵਧਾ ਰਿਹਾ ਹੈ। ਕਿਸੇ ਪਲੇਅ ਬੈਕ ਗਾਇਕ ਦਾ ਭੁਲੇਖਾ ਪਾਉਣ ਵਾਲਾ ਗਾਇਕ ਬਰੂਜ਼ ਪੰਜਾਬ ਦੇ ਮਸ਼ਹੂਰ ਗਾਇਕ 'ਸੋਹਣ ਸ਼ੰਕਰ' ਦਾ ਲਾਡਲਾ ਫ਼ਰਜ਼ੰਦ ਹੈ।

ਸ਼ਾਇਦ ਹੀ ਕੋਈ ਅਜਿਹਾ ਪੰਜਾਬੀ ਹੋਵੇਗਾ, ਜਿਸ ਨੇ ਗਾਇਕ ਸੋਹਣ ਸ਼ੰਕਰ ਦਾ ਗਾਇਆ ਗੀਤ 'ਬੱਗੇ-ਬੱਗੇ ਬੈਲ ਰੱਖਣੇ' ਨਾ ਸੁਣਿਆ ਹੋਵੇ। ਬਰੂਜ਼ ਦਾ ਜਨਮ ਪਿੰਡ ਬਗਵਾਈਂ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਇਸ ਵਕਤ ਬਰੂਜ਼ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਚ ਆਪਣੀ ਪੜ੍ਹਾਈ ਦੇ ਨਾਲ-ਨਾਲ ਸੰਗੀਤ ਦੀਆਂ ਬਰੀਕੀਆਂ ਦਾ ਗਿਆਨ ਵੀ ਹਾਸਲ ਕਰ ਰਿਹਾ ਹੈ। ਬਰੂਜ਼ ਜਿੱਥੇ ਇਕ ਗਾਇਕ ਹੈ ਉੱਥੇ ਉਹ ਇਕ ਵਧੀਆ ਗਿਟਾਰਿਸਟ ਵੀ ਹੈ।

ਬਰੂਜ਼ ਦਾ ਛੋਟਾ ਭਰਾ ਰਾਜਿਦ ਵੀ ਗਾਇਕੀ ਵਿਚ ਆਪਣੇ ਵੱਡੇ ਭਰਾ ਦਾ ਜਦੋਂ ਸਟੇਜ 'ਤੇ ਇਕੱਠੇ ਗਾਉਂਦੇ ਹਨ ਤਾਂ ਸਰੋਤੇ ਨੂੰ ਕੀਲ ਲੈਂਦੇ ਹਨ। ਇਹ ਦੋਵੇਂ ਭਰਾ ਆਪਣੇ ਪਿਤਾ ਸੋਹਣ ਸ਼ੰਕਰ ਦਾ ਅਖਾੜਿਆਂ ਵਿਚ ਸਾਥ ਦੇਣ ਦੇ ਨਾਲ-ਨਾਲ ਉਨ੍ਹਾਂ ਤੋਂ ਸਟੇਜ ਦੀਆਂ ਹੋਰ ਪਿਤਾ ਗਾਇਕ ਸੋਹਣ ਸ਼ੰਕਰ ਅਨੁਸਾਰ ਗਾਇਕ ਉਹ ਹੁੰਦਾ ਹੈ ਜੋ ਸਰੋਤਿਆਂ ਦੀ ਪਸੰਦ ਨੂੰ ਪਛਾਣ ਕੇ ਗਾਵੇ। ਸੋਹਣ ਸ਼ੰਕਰ ਖ਼ੁਦ ਆਪਣੇ ਬੇਟੇ ਬਰੂਜ਼ ਨੂੰ ਇਕ ਪਰਪੱਕ ਗਾਇਕ ਦੇ ਤੌਰ 'ਤੇ ਸਰੋਤਿਆਂ ਵਿਚ ਪੇਸ਼ ਕਰਨਾ ਚਾਹੁੰਦੇ ਹਨ।

ਜੇ ਬਰੂਜ਼ ਦੇ ਗਾਇਕੀ ਸਫ਼ਰ ਦੀ ਗੱਲ ਕਰੀਏ ਤਾਂ ਉਸ ਦੇ ਗੀਤ ਯੂ-ਟਿਊਬ 'ਤੇ ਰਿਲੀਜ਼ ਹੋ ਚੁੱਕੇ ਹਨ। ਜਿਨ੍ਹਾਂ ਵਿੱਚੋਂ 'ਖਵਾਜ਼ਾ ਮੇਰੇ ਖਵਾਜ਼ਾ' ਗੀਤ ਨੂੰ ਸਰੋਤਿਆਂ ਵਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਬਰੂਜ਼ ਵੀ ਆਪਣੇ ਪਿਤਾ ਵਾਂਗ ਸੱਭਿਆਚਾਰ ਦੀ ਸੇਵਾ ਕਰਨੀ ਚਾਹੁੰਦਾ ਹੈ। ਉਸ ਦਾ ਸੁਪਨਾ ਹੈ ਕਿ ਉਹ ਸਾਫ਼ ਸੁਥਰੀ ਗਾਇਕੀ ਨੂੰ ਪੇਸ਼ ਕਰੇ ਤੇ ਪੰਜਾਬੀ ਮਾਂ ਬੋਲੀ ਦਾ ਨਾਂ ਵਿਦੇਸ਼ਾਂ ਵਿਚ ਚਮਕਾਏ।

ਬਰੂਜ਼ ਦਾ ਮੰਨਣਾ ਹੈ ਕਿ ਉਸ ਦੇ ਗਾਇਕੀ ਸਫ਼ਰ ਵਿਚ ਉਸ ਦੇ ਪਰਿਵਾਰ ਤੇ ਦੋਸਤਾਂ-ਮਿੱਤਰਾਂ ਦਾ ਬਹੁਤ ਸਹਿਯੋਗ ਰਿਹਾ ਹੈ, ਜੋ ਹਰ ਸਮੇਂ ਉਸ ਨੂੰ ਅੱਗੇ ਵਧਣ ਲਈ ਹੱਲਾਸ਼ੇਰੀ ਦਿੰਦੇ ਰਹੇ ਹਨ। ਬਰੂਜ਼ ਹੁਣ ਜਲਦੀ ਹੀ ਆਪਣੇ ਨਵੇਂ ਗੀਤਾਂ ਨਾਲ ਇਕ ਵਾਰ ਫਿਰ ਸਰੋਤਿਆਂ ਦੀ ਕਚਹਿਰੀ ਵਿਚ ਹਾਜ਼ਰ ਹੋਣ ਜਾ ਰਿਹਾ ਹੈ। ਉਹ ਆਪਣੇ ਇਹ ਗੀਤ ਵਿਸ਼ਵ ਪੱਧਰ 'ਤੇ ਰਿਲੀਜ਼ ਕਰੇਗਾ। ਬਰੂਜ਼ ਨੇ ਕਿਹਾ ਕਿ ਉਸ ਨੂੰ ਪੂਰੀ ਉਮੀਦ ਹੈ ਕਿ ਪੰਜਾਬੀ ਸਰੋਤੇ ਉਸ ਦੇ ਗੀਤਾਂ ਨੂੰ

# ਅਲਬੇਲਾ ਗੀਤਕਾਰ ਬੰਤ ਰਾਮਪੁਰ ਵਾਲਾ

ਰੁਪਿੰਦਰ ਸਿੰਘ ਭੋਲਾ
(ਯੂਐੱਸਏ)



ਬੰਤ ਰਾਮਪੁਰ ਵਾਲੇ ਦੇ ਲਿਖੇ ਗੀਤ ਹੁਣ ਤਕ ਪੰਜਾਬ ਦੇ ਕਈ ਮਸ਼ਹੂਰ ਗਾਇਕ ਆਪਣੀ ਆਵਾਜ਼ 'ਚ ਰਿਕਾਰਡ ਕਰਵਾ ਚੁੱਕੇ ਹਨ...

ਬੰਤ ਰਾਮਪੁਰ ਵਾਲੇ ਦਾ ਨਾਂ ਅੱਜ ਵੀ ਪੰਜਾਬੀ ਸੰਗੀਤ ਇੰਡਸਟਰੀ ਅੰਦਰ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਉਸ ਦੀਆਂ ਪਾਈਆਂ ਪੈੜਾਂ ਸਦਾ ਸੰਗੀਤ ਜਗਤ ਵਿਚ ਯਾਦ ਰੱਖੀਆਂ ਜਾਣਗੀਆਂ। ਬੰਤ ਨੇ ਜੋ ਵੀ ਲਿਖਿਆ, ਉਸ ਨੂੰ ਸਰੋਤਿਆਂ ਨੇ ਹਮੇਸ਼ਾ ਮਣਾਂ-ਮੂੰਹੀਂ ਪਿਆਰ ਦਿੱਤਾ। ਭਾਵੇਂ ਕਈ ਗੀਤਕਾਰਾਂ ਨੇ ਸਮੇਂ-ਸਮੇਂ ਆਪਣੀ ਕਲਾ ਦਾ ਲੋਹਾ ਮਨਵਾਉਂਦੇ ਹੋਏ ਕੁਝ ਸਮੇਂ ਲਈ ਬੁਲੰਦੀਆਂ ਨੂੰ ਛੂਹਿਆ ਪਰ ਕਈ ਗੀਤਕਾਰ ਅਜਿਹੇ ਵੀ ਹੁੰਦੇ ਨੇ ਜਿਹੜੇ ਲੰਬਾਂ ਸਮਾਂ ਲੋਕ ਮਨਾਂ 'ਤੇ ਰਾਜ ਕਰਦੇ ਹਨ। ਅਜਿਹੇ ਗੀਤਕਾਰਾਂ ਦੀਆਂ ਪ੍ਰਾਪਤੀਆਂ ਹਮੇਸ਼ਾ ਵਿਖਾਈ ਦਿੰਦੀਆਂ ਰਹਿੰਦੀਆਂ ਹਨ। ਸਮੇਂ ਦੀ ਸਿਤਮ-ਜ਼ਰੀਫ਼ੀ ਵੀ ਕਈ ਕਲਾਕਾਰਾਂ ਅਤੇ ਗੀਤਕਾਰਾਂ 'ਤੇ ਭਾਰੀ ਪੈ ਜਾਂਦੀ ਹੈ।

ਬਹੁਤੇ ਕਲਾਕਾਰਾਂ ਤਾਂ ਮਾੜਾ ਗਾ ਅਤੇ ਮਾੜਾ ਲਿਖ ਪੈਸੇ ਅਤੇ ਸ਼ੋਹਰਤ ਸਭ ਕੁਝ ਖੱਟ ਜਾਂਦੇ ਹਨ ਪਰ ਕਈ ਤਾਂ ਵਧੀਆ ਲਿਖਣ ਅਤੇ ਗਾਉਣ ਦੇ ਬਾਵਜੂਦ ਰਾਹਾਂ ਦੀ ਧੂੜ ਫੱਕਣ ਲਈ ਮਜਬੂਰ ਹੋ ਜਾਂਦੇ ਹਨ। ਇਹੀ ਅਲਬੇਲੇ ਗੀਤਕਾਰ ਬੰਤ ਰਾਮਪੁਰ ਵਾਲੇ ਨਾਲ। ਇਕ ਦੌਰ ਅਜਿਹਾ ਵੀ ਸੀ ਜਦੋਂ ਬੰਤ ਦੇ ਲਿਖੇ ਗੀਤ ਪੰਜਾਬ ਦੇ ਤਕਰੀਬਨ ਹਰ ਕਲਾਕਾਰ ਦੀ ਆਵਾਜ਼ ਵਿਚ ਸੁਣਾਈ ਦਿੱਤੇ। ਉਦੋਂ ਜ਼ਿਲ੍ਹਾ ਪਟਿਆਲਾ ਦੇ ਘੁੱਗ ਵਸਦੇ ਪਿੰਡ ਰਾਮਪੁਰ ਦੀਆਂ ਗਲੀਆਂ ਅੰਦਰ ਕਲਾਕਾਰਾਂ ਦੀ ਭੀੜ ਆਮ ਵਿਖਾਈ ਦਿੰਦੀ ਸੀ। ਹਰ ਗਾਇਕ ਦੀ ਇੱਛਾ ਹੁੰਦੀ ਸੀ ਕਿ ਉਹ ਵੀ ਬੰਤ ਦੇ ਲਿਖੇ ਗੀਤ ਗਾਵੇ।

ਪੰਜਾਬੀ ਗਾਇਕੀ ਦੇ ਚੋਟੀ ਦੇ ਸ਼ਾਹ-ਅਸਵਾਰ ਸੁਰਿੰਦਰ ਛਿੰਦੇ ਤੇ ਬੰਤ ਦੇ ਲਿਖੇ ਗੀਤਾਂ ਨੂੰ 'ਜੰਨ ਚੜ੍ਹੀ ਅਮਲੀ ਦੀ' ਕੈਸਿਟ ਵਿਚ ਆਪਣੀ ਆਵਾਜ਼ ਦਿੱਤੀ ਤਾਂ ਬੰਤ ਦੇ ਨਾਂ ਦਾ ਚਾਰੇ ਪਾਸੇ ਡੰਕਾ ਵੱਜਣ ਲੱਗਿਆ। ਇਸ ਕੈਸਿਟ ਵਿਚ ਬੰਤ ਦੇ ਲਿਖੇ ਸਾਰੇ ਗੀਤ ਬਹੁਤ ਮਕਬੂਲ ਹੋਏ। ਇਸ ਮਗਰੋਂ ਤਾਂ ਬੰਤ ਨੇ ਕਦੇ ਪਿੱਛੇ ਮੁੜ ਨਹੀਂ ਵੇਖਿਆ। ਇਕੱਲੇ ਸਵਰਗੀ ਗਾਇਕ ਕੁਲਦੀਪ ਪਾਰਸ ਨੇ ਬੰਤ ਦੇ ਲਿਖੇ 204 ਗੀਤ ਰਿਕਾਰਡ ਕਰਵਾਏ ਹਨ। ਬੰਤ ਦਾ ਲਿਖਿਆ ਗੀਤ 'ਗੱਲ ਮੁੱਕਦੀ ਆ ਕੇ ਦਾਰੂ ਤੇ' ਕਾਫ਼ੀ ਸਮਾਂ ਪੰਜਾਬ 'ਕਾਲਜ ਸੁੰਨਾ ਕਰ ਕੇ', 'ਚਾਰ-ਚਾਰ ਦਾ ਪੱਖਾ' ਉਸ ਵੱਲੋਂ ਰੂਹ ਨਾਲ ਲਿਖੇ ਗੀਤ ਸਨ।

ਜੇ ਬੰਤ ਦੇ ਲਿਖੇ ਗੀਤਾਂ ਨੂੰ ਗਾਉਣ ਵਾਲੇ ਗਾਇਕਾਂ ਦੀ ਗੱਲ ਕਰੀਏ ਤਾਂ ਇਸ 'ਚ ਸੁਰਿੰਦਰ ਛਿੰਦਾ, ਸਰਦੂਲ ਸਿਕੰਦਰ-ਅਮਰ ਨੂਰੀ, ਸਵਰਗੀ ਅਮਰ ਸਿੰਘ ਚਮਕੀਲਾ-ਅਮਰਜੋਤ, ਹਰਭਜਨ ਮਾਨ, ਅਵਤਾਰ ਫ਼ੱਕਰ-ਬਲਜੀਤ ਬੇਦੀ, ਜਸਵੰਤ ਸੰਦੀਲਾ, ਸੁਰਜੀਤ ਖ਼ਾਨ, ਗੁਰਲੇਜ਼ ਅਖ਼ਤਰ, ਯੁਧਵੀਰ ਮਾਣਕ, ਸੁਚੇਤ ਬਾਲਾ, ਸੁਖਵੰਤ ਸੁੱਖੀ ਆਦਿ ਦੇ ਨਾਂ ਆਉਂਦੇ ਹਨ। ਬੰਤ ਰਾਮਪੁਰ ਵਾਲੇ ਦੀ ਕਲਮ ਵਿੱਚੋਂ ਨਿਕਲੇ ਕਈ ਗੀਤ ਪੰਜਾਬੀ ਫਿਲਮਾਂ ਵਿਚ ਵੀ ਰਿਕਾਰਡ ਹੋਏ ਹਨ। ਇਨ੍ਹਾਂ ਫਿਲਮਾਂ ਵਿਚ 'ਜੱਟ ਦਾ ਗੰਡਾਸਾ', 'ਨੈਣ ਪ੍ਰੀਤੋ ਦੇ', 'ਟਾਕਰੇ ਜੱਟਾਂ ਦੇ' ਆਦਿ ਦੇ ਨਾਂ ਸ਼ਾਮਲ ਹਨ।

ਜਿੱਥੇ ਬੰਤ ਨੇ ਸੋਲੋ ਤੇ ਦੋਗਾਣੇ ਗੀਤ ਲਿਖੇ ਉੱਥੇ ਉਸ ਨੇ ਕਈ ਧਾਰਮਿਕ ਗੀਤ ਵੀ ਲਿਖੇ ਜੋ ਕਾਫ਼ੀ ਮਕਬੂਲ ਹੋਏ। ਜਿਨ੍ਹਾਂ ਵਿੱਚੋਂ ਸਵਰਗੀ ਗਾਇਕਾ ਅਮਰਜੋਤ ਵੱਲੋਂ ਗਾਇਆ ਧਾਰਮਿਕ ਗੀਤ 'ਲੈ ਲਓ ਚੁੰਨੀਆਂ

ਨੂੰ ਛੂਹ ਗਿਆ ਸੀ। ਫਿਰ ਵੀ ਅਫ਼ਸੋ ਨਾਲ ਕਹਿਣਾ ਪੈਂਦਾ ਹੈ ਕਿ ਜਿਨ੍ਹਾਂ ਬੰਤ ਨੇ ਗਾਇਕੀ ਦੇ ਅਸਮਾਨ ਪਹੁੰਚਾਇਆ ਮਗਰੋਂ ਉਹੀ ਉਸ ਸਾਥ ਛੱਡ ਗਏ। ਉਨ੍ਹਾਂ ਗਾਇਕਾਂ ਕਦੇ ਬੰਤ ਨੂੰ ਹਾਲ ਪੁੱਛਣ ਵੀ ਠੀ ਨਾ ਸਮਝਿਆ। ਇਸ ਤੋਂ ਵੀ ਵੱ ਦੁੱਖ ਦੀ ਗੱਲ ਇਹ ਹੈ ਕਿ ਬੰਤ ਸਿਰੋਂ ਕਈ ਗਾਇਕ ਅੱਜ ਅਮੀ ਬਣ ਗਏ ਪਰ ਬੰਤ ਅੱਜ ਖ਼ੁਦ ਸਿ ਦੀ ਛੱਤ ਨੂੰ ਤਰਸ ਰਿਹਾ ਹੈ। ਵਾਹ ਕਿਸਮਤੇ ! ਤੇਰੇ ਰੰਗ ਨਿਆਰੇ। ਜਿ ਫ਼ਨਕਾਰ ਨੂੰ ਬੱਚਾ-ਬੱਚਾ ਜਾਣਦਾ ਸ ਅੱਜ ਸਮੇਂ ਦਾ ਮਾਰਿਆ ਮੰਦਹਾਲੀ ਸ਼ਿਕਾਰ ਹੋ ਕੇ ਰਹਿ ਗਿਆ ਹੈ। ਸ਼ਾਇ ਪੰਜਾਬੀ ਗਾਇਕੀ ਦੇ ਇਤਿਹ ਦਾ ਇਹੀ ਕੌੜਾ ਸੱਚ ਹੈ। ਲੋੜ ਸਾਡੇ ਸਮਾਜ ਨੂੰ ਅਜਿਹੇ ਅਲਬੇ ਗੀਤਕਾਰਾਂ ਦੀ ਬਾਂਹ ਫੜਨ ਤਾਂਕਿ ਵਧੀਆ ਸਾਹਿਤ ਦੇ ਰਚਨਹਾ ਹੋਰ ਵਧੀਆ ਸਾਹਿਤ ਰਚ ਕੇ ਸਮ ਨੂੰ ਚੰਗੇ ਰਾਹੇ ਪਾਉਣ। ਸਰੋਤੇ ਵਧੀਆ ਗੀਤ ਲਿਖਣ ਤੇ ਗਾਉ ਵਾਲੇ ਗਾਇਕਾਂ ਤੇ ਗੀਤਕਾਰਾਂ ਪਹਿਲ ਦੇਣ। •

# ਮੋਦੀ ਨੇ ਸੁੰਦਰ ਪਿਚਾਈ ਸਣੇ ਅਮਰੀਕੀ ਕੰਪਨੀਆਂ ਦੇ ਸੀਈਓਜ਼ ਨਾਲ ਮੁਲਾਕਾਤ ਕੀਤੀ

## ਪ੍ਰਧਾਨ ਮੰਤਰੀ ਨੇ ਭਾਰਤ ਵਿੱਚ ਵਿਕਾਸ ਦੀਆਂ ਸੰਭਾਵਨਾਵਾਂ 'ਤੇ ਦਿੱਤਾ ਜ਼ੋਰ



**ਨਿਊਯਾਰਕ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਵਿੱਚ ਪ੍ਰਮੁੱਖ ਤਕਨਾਲੋਜੀ ਕੰਪਨੀਆਂ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ (ਸੀਈਓ) ਦੇ ਨਾਲ ਇੱਕ 'ਸਾਰਥਕ' ਗੋਲਮੇਜ਼ ਕਾਨਫਰੰਸ ਵਿੱਚ ਹਿੱਸਾ ਲਿਆ ਅਤੇ ਭਾਰਤ ਵਿੱਚ ਵਿਕਾਸ ਦੀ ਸੰਭਾਵਨਾ 'ਤੇ ਜ਼ੋਰ ਦਿੱਤਾ ਅਤੇ ਵੱਖ-ਵੱਖ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਨੂੰ ਵਧਾਉਣ ਲਈ ਪਹਿਲਕਦਮੀਆਂ ਬਾਰੇ ਚਰਚਾ ਕੀਤੀ। ਇਹ ਮੁਲਾਕਾਤ ਮੋਦੀ ਦੇ ਤਿੰਨ ਦਿਨਾਂ ਅਮਰੀਕਾ ਦੌਰੇ ਦੇ ਦੂਜੇ ਦਿਨ ਐਤਵਾਰ ਨੂੰ 'ਲੋਟੇ ਨਿਊਯਾਰਕ ਪੈਲੇਸ ਹੋਟਲ' ਵਿੱਚ ਹੋਈ। ਮੀਟਿੰਗ ਵਿੱਚ ਏਆਈ, 'ਕੁਆਂਟਮ ਕੰਪਿਊਟਿੰਗ' ਅਤੇ 'ਸੈਮੀਕੰਡਕਟਰ' ਵਰਗੀਆਂ ਅਤਿ-ਆਧੁਨਿਕ ਤਕਨੀਕਾਂ 'ਤੇ ਕੰਮ ਕਰ ਰਹੀਆਂ 15 ਪ੍ਰਮੁੱਖ ਅਮਰੀਕੀ ਕੰਪਨੀਆਂ ਦੇ ਸੀਈਓਜ਼ ਨੇ ਹਿੱਸਾ ਲਿਆ।

ਮੈਸਾਚਿਊਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ (ਐੱਮਆਈਟੀ) ਸਕੂਲ ਆਫ਼ ਇੰਜਨੀਅਰਿੰਗ ਵੱਲੋਂ ਕਰਵਾਈ ਇਸ ਕਾਨਫਰੰਸ ਵਿੱਚ ਗੂਗਲ ਦੇ ਸੀਈਓ ਸੁੰਦਰ ਪਿਚਾਈ, ਅਡੋਬ ਦੇ ਸੀਈਓ ਸ਼ਾਂਤਨੂ ਨਰਾਇਣ, ਐਕਸੇਂਚਰ ਦੇ ਸੀਈਓ ਜੂਲੀ ਸਵੀਟ ਅਤੇ ਐੱਨਵੀਆਈਡੀਆ ਦੇ ਸੀਈਓ ਜੇਨਸਨ ਹੁਆਂਗ ਸਮੇਤ ਅਮਰੀਕਾ ਦੀਆਂ ਚੋਟੀ ਦੀਆਂ ਟੈਕਨਾਲੋਜੀ ਕੰਪਨੀਆਂ ਦੇ ਸੀਈਓਜ਼ ਨੇ ਹਿੱਸਾ ਲਿਆ। ਗੋਲਮੇਜ਼ ਵਿੱਚ ਹਿੱਸਾ ਲੈਣ ਵਾਲੇ ਹੋਰਾਂ ਵਿੱਚ ਏਐਮਡੀ ਦੇ ਸੀਈਓ ਲੀਜ਼ਾ ਸੂ, ਐੱਚਪੀ ਇੰਕ ਦੇ ਸੀਈਓ ਐਨਰਿਕ ਲੋਰੇਸ, ਆਈਬੀਐੱਮ ਦੇ ਸੀਈਓ ਅਰਵਿੰਦ ਕ੍ਰਿਸ਼ਨਾ, ਮਾਡਰਨਾ ਦੇ ਚੇਅਰਮੈਨ ਡਾ. ਨੂਬਰ ਅਫਯਾਨ ਅਤੇ ਵੇਰੀਜੋਨ ਦੇ ਸੀਈਓ ਹੰਸ ਵੈਸਟਬਰਗ ਸ਼ਾਮਲ ਸਨ।

# 'ਆਪ' ਆਗੂ ਬੀਬੀ ਆਤਿਸ਼ੀ ਨੇ ਦਿੱਲੀ ਦੇ ਅੱਠਵੇਂ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਿਆ



**ਨਵੀਂ ਦਿੱਲੀ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਨਿੱਚਰਵਾਰ ਨੂੰ ਅਹੁਦੇ ਦੀ ਸਹੁੰ ਚੁੱਕਣ ਉਪਰੰਤ 'ਆਪ' ਆਗੂ ਬੀਬੀ ਆਤਿਸ਼ੀ ਨੇ ਸੋਮਵਾਰ ਨੂੰ ਦਿੱਲੀ ਦੇ ਅੱਠਵੇਂ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲ ਲਿਆ।

ਇਸ ਮੌਕੇ ਬੀਬੀ ਆਤਿਸ਼ੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਅਹੁਦਾ ਛੱਡ ਕੇ ਰਾਜਨੀਤੀ ਵਿਚ ਵੱਡੀ ਮਿਸਾਲ ਕਾਇਮ ਕੀਤੀ ਹੈ। ਭਾਜਪਾ ਉਨ੍ਹਾਂ ਦੇ ਅਕਸ ਨੂੰ ਢਾਹ ਲਾਉਣ ਲਈ ਕੋਈ ਕਸਰ ਨਹੀਂ ਛੱਡੀ ਸੀ। ਅਹੁਦਾ ਸੰਭਾਲਣ ਮੌਕੇ ਆਤਿਸ਼ੀ ਮੁੱਖ ਕੁਰਸੀ ਦੇ ਨਾਲ ਇੱਕ ਵੱਖਰੀ ਕੁਰਸੀ 'ਤੇ ਬੈਠੀ ਅਤੇ ਕਿਹਾ, "ਉਮੀਦ ਹੈ ਕਿ ਲੋਕ ਫਰਵਰੀ ਦੀਆਂ ਚੋਣਾਂ ਵਿਚ ਕੇਜਰੀਵਾਲ ਨੂੰ ਵਾਪਸ ਲਿਆਉਣਗੇ, ਉਦੋਂ ਤੱਕ ਉਨ੍ਹਾਂ ਦੀ ਕੁਰਸੀ ਮੁੱਖ ਮੰਤਰੀ ਦਫ਼ਤਰ ਵਿਚ ਰਹੇਗੀ।"

# ਬਾਲ 'ਪੋਰਨੋਗ੍ਰਾਫ਼ੀ' ਦੇਖਣਾ ਤੇ ਡਾਊਨਲੋਡ ਕਰਨਾ ਅਪਰਾਧ: ਸੁਪਰੀਮ ਕੋਰਟ

## ਸਿਖਰਲੀ ਅਦਾਲਤ ਨੇ ਮਦਰਾਸ ਹਾਈ ਕੋਰਟ ਦੇ ਆਦੇਸ਼ ਨੂੰ ਰੱਦ ਕੀਤਾ

**ਨਵੀਂ ਦਿੱਲੀ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਮਦਰਾਸ ਹਾਈ ਕੋਰਟ ਦੇ ਉਸ ਆਦੇਸ਼ ਨੂੰ ਅੱਜ ਰੱਦ ਕਰ ਦਿੱਤਾ ਜਿਸ ਵਿੱਚ ਕਿਹਾ ਗਿਆ ਸੀ ਕਿ ਬਾਲ ਪੋਰਨੋਗ੍ਰਾਫੀ (ਅਸ਼ਲੀਲ ਸਮੱਗਰੀ) ਦੇਖਣਾ ਅਤੇ ਡਾਊਨਲੋਡ ਕਰਨਾ ਪੋਕਸੋ ਐਕਟ ਅਤੇ ਸੂਚਨਾ ਤਕਨਾਲੋਜੀ ਐਕਟ ਤਹਿਤ ਅਪਰਾਧ ਨਹੀਂ ਹੈ। ਚੀਫ ਜਸਟਿਸ ਡੀਵਾਈ ਚੰਦਰਚੂੜ, ਜਸਟਿਸ ਜੇਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੇ ਬੈਂਚ ਨੇ ਕਿਹਾ ਕਿ ਬਾਲ ਪੋਰਨੋਗ੍ਰਾਫੀ ਦੇਖਣਾ ਅਤੇ ਡਾਊਨਲੋਡ ਕਰਨਾ ਬਾਲ ਜਿਨਸੀ ਅਪਰਾਧ ਸੁਰੱਖਿਆ (ਪੋਕਸੋ) ਐਕਟ ਤੇ ਸੂਚਨਾ



ਤਕਨਾਲੋਜੀ (ਆਈਟੀ) ਐਕਟ ਤਹਿਤ ਅਪਰਾਧ ਹਨ। ਬੈਂਚ ਨੇ ਬਾਲ ਪੋਰਨੋਗ੍ਰਾਫੀ ਅਤੇ ਇਸ ਦੇ ਕਾਨੂੰਨੀ ਨਤੀਜਿਆਂ ਬਾਰੇ ਕੁਝ ਹਦਾਇਤਾਂ ਵੀ ਜਾਰੀ ਕੀਤੀਆਂ ਹਨ।

ਸੁਪਰੀਮ ਕੋਰਟ ਨੇ ਉਸ ਪਟੀਸ਼ਨ 'ਤੇ ਆਪਣਾ ਫੈਸਲਾ ਸੁਣਾਇਆ ਹੈ, ਜਿਸ ਵਿੱਚ ਮਦਰਾਸ ਹਾਈ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਗਈ ਸੀ। ਇਸ ਤੋਂ ਪਹਿਲਾਂ ਸਿਖਰਲੀ ਅਦਾਲਤ ਹਾਈ ਕੋਰਟ ਦੇ ਆਦੇਸ਼ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਨ ਲਈ ਸਹਿਮਤ ਹੋ ਗਈ ਸੀ। ਹਾਈ ਕੋਰਟ ਨੇ ਕਿਹਾ ਸੀ ਕਿ ਬਾਲ ਪੋਰਨੋਗ੍ਰਾਫੀ ਦੇਖਣਾ ਅਤੇ ਸਿਰਫ਼ ਡਾਊਨਲੋਡ ਕਰਨਾ ਪੋਕਸੋ ਐਕਟ ਅਤੇ ਆਈਟੀ ਐਕਟ ਤਹਿਤ ਅਪਰਾਧ ਨਹੀਂ ਹੈ।

# ਕਾਂਗਰਸ ਦਲਿਤ ਵਿਰੋਧੀ ਪਾਰਟੀ, ਇਸ ਨੇ ਕੁਮਾਰੀ ਸ਼ੈਲਜਾ ਦਾ ਅਪਮਾਨ ਕੀਤਾ: ਅਮਿਤ ਸ਼ਾਹ



**ਟੋਹਾਣਾ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਮੰਤਰੀ ਅਮਿਤ ਸ਼ਾਹ ਨੇ ਸੋਮਵਾਰ ਨੂੰ ਤਿੱਖਾ ਹਮਲਾ ਕਰਦਿਆਂ ਕਾਂਗਰਸ ਨੂੰ 'ਦਲਿਤ ਵਿਰੋਧੀ' ਪਾਰਟੀ ਦੱਸਦਿਆਂ ਕਿਹਾ ਕਿ ਇਸ ਨੇ ਕੁਮਾਰੀ ਸ਼ੈਲਜਾ ਅਤੇ ਅਸ਼ੋਕ ਤੰਵਰ ਵਰਗੇ ਦਲਿਤ ਆਗੂਆਂ ਦਾ ਅਪਮਾਨ ਕੀਤਾ ਹੈ। ਸ਼ਾਹ ਨੇ ਰਾਖਵੇਂਕਰਨ 'ਤੇ ਉਨ੍ਹਾਂ ਦੀ ਟਿੱਪਣੀ ਲਈ ਕਾਂਗਰਸੀ ਆਗੂ ਰਾਹੁਲ ਗਾਂਧੀ ਦੀ ਵੀ ਅਲੋਚਨਾ ਕੀਤੀ ਅਤੇ ਜ਼ੋਰ ਦੇ ਕੇ ਕਿਹਾ ਕਿ ਜੇਕਰ ਕੋਈ ਹੈ ਜੋ ਕੋਟੇ ਦੀ ਰੱਖਿਆ ਕਰ ਸਕਦਾ ਹੈ, ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਨ।

ਜ਼ਿਕਰਯੋਗ ਹੈ ਕਿ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸ਼ਾਹ 5 ਟੋਹਾਣਾ ਵਿਖੇ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ।

ਸ਼ਾਹ ਨੇ ਆਪਣੇ ਸੰਬੋਧਨ 'ਚ ਦੋਸ਼ ਲਾਇਆ ਕਿ ਕਾਂਗਰਸ ਪਾਰਟੀ ਦਲਿਤ ਵਿਰੋਧੀ ਪਾਰਟੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਦਲਿਤ ਨੇਤਾਵਾਂ ਦਾ ਅਪਮਾਨ ਕੀਤਾ, ਚਾਹੇ ਉਹ ਅਸ਼ੋਕ ਤੰਵਰ ਹੋਵੇ ਜਾਂ ਭੈਣ ਕੁਮਾਰੀ ਸ਼ੈਲਜਾ ਕਾਂਗਰਸ ਨੇ ਸਭ ਦਾ ਅਪਮਾਨ ਕੀਤਾ ਹੈ।

# ਮੈਂ ਕਾਂਗਰਸੀ ਹਾਂ, ਦੋ ਤਿੰਨ ਦਿਨਾਂ ਵਿਚ ਪ੍ਰਚਾਰ ਸ਼ੁਰੂ ਕਰਾਂਗੀ: ਕੁਮਾਰੀ ਸ਼ੈਲਜਾ

**ਨਵੀਂ ਦਿੱਲੀ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਦੀ ਜਨਰਲ ਸਕੱਤਰ ਕੁਮਾਰੀ ਸ਼ੈਲਜਾ ਨੇ ਨਾਰਾਜ਼ਗੀ ਦੀਆਂ ਖ਼ਬਰਾਂ ਵਿਚਾਲੇ ਸੋਮਵਾਰ ਨੂੰ ਕਿਹਾ ਕਿ ਉਹ ਕਾਂਗਰਸੀ ਹੈ ਅਤੇ ਅਗਲੇ 2-3 ਦਿਨ ਵਿਚ ਚੋਣ ਪ੍ਰਚਾਰ ਸ਼ੁਰੂ ਕਰੇਗੀ। ਉਨ੍ਹਾਂ ਨੇ ਪਾਰਟੀ ਲੀਡਰਸ਼ਿਪ ਨਾਲ ਬੈਠਕ ਨੂੰ ਲੈ ਕੇ ਕਿਹਾ ਕਿ ਸੀਨੀਅਰ ਨੇਤਾਵਾਂ ਨਾਲ ਅਕਸਰ ਚਰਚਾ ਹੁੰਦੀ ਰਹਿੰਦੀ ਹੈ। ਸ਼ੈਲਜਾ ਨੇ ਕਿਹਾ ਕਿ ਪਾਰਟੀ ਵਿਚ 100 ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਹਨ ਪਰ ਉਹ ਪਾਰਟੀ ਦੇ ਅੰਦਰ ਦੀਆਂ ਗੱਲਾਂ ਹੁੰਦੀਆਂ ਹਨ। ਪਾਰਟੀ ਨੂੰ ਜਿਤਾਉਣ ਲਈ ਅਸੀਂ ਲੋਕ ਸਭਾ ਚੋਣਾਂ ਵਿਚ ਮਿਹਨਤ ਕੀਤੀ, ਉਸ ਤੋਂ ਬਾਅਦ ਵੀ ਮਿਹਨਤ ਕੀਤੀ ਇਸ ਲਈ ਕਿ ਅਸੀਂ



ਜ਼ਮੀਨ 'ਤੇ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰ ਸਕੀਏ। ਹਰਿਆਣਾ ਦੇ ਲੋਕਾਂ ਦੀ ਲੜਾਈ ਲੜੀਏ, ਆਪਣੇ ਵਰਕਰਾਂ ਦੀ ਲੜਾਈ ਲੜੀਏ। ਕਾਂਗਰਸ ਲੀਡਰਸ਼ਿਪ ਨਾਲ ਉਨ੍ਹਾਂ ਦੀ ਮੁਲਾਕਾਤ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਨੇ ਕਿਹਾ ਕਿ ਨੇਤਾਵਾਂ ਨਾਲ ਵਾਰ-ਵਾਰ ਗੱਲਬਾਤ ਹੁੰਦੀ ਹੈ, ਉਹ ਸਾਡੀ ਫੀਡਬੈਕ ਲੈਂਦੇ ਹਨ। ਭਾਜਪਾ ਦੇ ਤੰਜ਼ ਅਤੇ ਉਨ੍ਹਾਂ ਨੂੰ ਆਪਣੇ ਨਾਲ ਆਉਣ ਦਾ ਸੱਦਾ ਦੇਣ ਦੇ ਸਵਾਲ 'ਤੇ ਕਾਂਗਰਸ ਨੇਤਾ ਨੇ ਕਿਹਾ ਕਿ ਮੈਂ ਚੁੱਪ ਸੀ, ਇਸ ਲਈ ਉਹ ਕੁਝ ਨਾ ਕੁਝ ਗੱਲਾਂ ਬਣਾਉਂਦੇ ਗਏ। ਉਨ੍ਹਾਂ ਨੂੰ ਵੀ ਪਤਾ ਹੈ ਅਤੇ ਸਾਰਿਆਂ ਨੂੰ ਪਤਾ ਹੈ ਕਿ ਸ਼ੈਲਜਾ ਕਾਂਗਰਸੀ ਹੈ।

ਦੱਸ ਦੇਈਏ ਕਿ ਅਖਿਲ ਭਾਰਤੀ ਕਾਂਗਰਸ ਕਮੇਟੀ ਦੀ ਜਨਰਲ ਸਕੱਤਰ 61 ਸਾਲਾ ਸ਼ੈਲਜਾ ਪਾਰਟੀ ਦਾ ਇਕ ਮੁੱਖ ਦਲਿਤ ਚਿਹਰਾ ਹੈ। ਹਰਿਆਣਾ ਵਿਚ ਆਉਣ ਵਾਲੀ 5 ਅਕਤੂਬਰ ਨੂੰ ਵੋਟਾਂ ਪੈਣੀਆਂ ਹਨ। ਅਜਿਹੇ ਵਿਚ ਸੱਤਾਧਾਰੀ ਭਾਜਪਾ, ਦਲਿਤ ਨੇਤਾ ਦੇ ਚੋਣ ਪ੍ਰਚਾਰ ਤੋਂ ਦੂਰ ਰਹਿਣ ਨੂੰ ਲੈ ਕੇ ਕਾਂਗਰਸ 'ਤੇ ਲਗਾਤਾਰ ਨਿਸ਼ਾਨਾ ਵਿੰਨ ਰਹੀ ਹੈ।

# ਪ੍ਰਧਾਨ ਮੰਤਰੀ ਜਾਤੀ ਜਨਗਣਨਾ ਬਾਰੇ ਬੋਲਣ ਤੋਂ ਵੀ ਡਰਦੇ ਹਨ, ਨਹੀਂ ਚਾਹੁੰਦੇ ਕਿ ਬਹੁਜਨ ਨੂੰ ਹੱਕ ਮਿਲੇ: ਰਾਹੁਲ

**ਨਵੀਂ ਦਿੱਲੀ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਰਾਖਵੇਂਕਰਨ ਦੇ ਮੁੱਦੇ ਸਬੰਧੀ ਭਾਰਤੀ ਜਨਤਾ ਪਾਰਟੀ ਦੇ ਹਮਲਿਆਂ ਨੂੰ ਲੈ ਕੇ ਉਨ੍ਹਾਂ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਬਹੁਜਨ ਵਿਰੋਧੀ ਭਾਜਪਾ ਚਾਹੇ ਕਿਨਾਂ ਵੀ ਝੂਠ ਫੈਲਾਅ ਲਵੇ ਪਰ ਮੁੱਖ ਵਿਰੋਧੀ ਪਾਰਟੀ ਰਾਖਵੇਂਕਰਨ ਪ੍ਰਭਾਵਿਤ ਨਹੀਂ ਹੋਣ ਦੇਵੇਗੀ।

ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਤੀ



ਜਨਗਣਨਾ ਬੋਲ ਤੋਂ ਵੀ ਡਰਦੇ ਹਨ, ਉਹ ਨਹੀਂ ਚਾਹੁੰਦੇ ਬਹੁਜਨ ਨੂੰ ਉਨ੍ਹਾਂ ਦਾ ਹੱਕ ਮਿਲੇ।

ਉਨ੍ਹਾਂ ਰਾਖਵੇਂ ਕਰਨ ਦੀ 50 ਫ਼ੀਸਦੀ ਸੀਮਾ ਨੂੰ ਹਟਾਉਣ ਦੀ ਪੈਰਵਾਈ ਕਰਦੇ ਹੋਏ ਕਿਹਾ ਕਿ ਬਹੁਜਨ ਨੂੰ ਨਿਆਂ ਦਵਾਉਣਾ ਉਨ੍ਹਾਂ ਦੇ ਜੀਵਨ ਦਾ ਮਿਸ਼ਨ ਹੈ।

ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਰਾਹੁਲ ਗਾਂਧੀ ਵੱਲੋਂ ਰਾਖਵੇਂਕਰਨ ਦੇ ਸੰਦਰਭ ਵਿਚ ਦਿੱਤੇ ਗਏ ਬਿਆਨ ਨੂੰ ਲੈ ਕੇ ਭਾਜਪਾ ਦੇ ਆਗੂ ਲਗਾਤਾਰ ਉਨ੍ਹਾਂ 'ਤੇ ਹਮਲੇ ਕਰ ਰਹੇ ਹਨ।

# ਮਹਾਰਾਸ਼ਟਰ 'ਚ ਬੱਸ ਪੁਲ ਤੋ ਹੇਠਾਂ ਡਿੱਗਣ ਕਾਰਨ 4 ਲੋਕਾਂ ਦੀ ਮੌਤ, 30 ਜ਼ਖਮੀ



**ਅਮਰਾਵਤੀ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਪਰਤਵਾੜੀ ਢਾਨੀ ਮਾਰਗ 'ਤੇ ਸੇਮਾਡੋਹ ਨੇੜੇ ਸੋਮਵਾਰ ਸਵੇਰੇ ਇੱਕ ਪ੍ਰਾਈਵੇਟ ਬੱਸ ਦੇ ਪੁਲ ਤੋਂ ਹੇਠਾਂ ਡਿੱਗਣ ਕਾਰਨ ਵੱਡਾ ਹਾਦਸਾ ਵਾਪਰ ਗਿਆ, ਜਿਸ ਕਾਰਨ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਡਰਾਈਵਰ ਵੱਲੋਂ ਸੰਤੁਲਨ ਗਵਾਉਣ ਕਾਰਨ ਇਹ ਬੱਸ ਹਾਦਸਾ ਵਾਪਰਿਆ। ਕਲੈਕਟਰ ਸੌਰਭ ਕਟਿਆਰ ਨੇ ਦੱਸਿਆ ਕਿ ਇਸ ਘਟਨਾ 'ਚ 30 ਯਾਤਰੀ ਜ਼ਖ਼ਮੀ ਹੋ ਗਏ ਅਤੇ ਚਾਰ ਦੀ ਮੌਤ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਗੰਭੀਰ ਰੂਪ ਵਿੱਚ ਜ਼ਖ਼ਮੀ ਵਿਅਕਤੀਆਂ ਨੂੰ ਨੇੜਲੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ ਅਤੇ ਉਨ੍ਹਾਂ ਦਾ ਇਲਾਜ ਜਾਰੀ ਰਿਹਾ ਹੈ।

# ਓਂਕਾਰ ਸਿੰਘ ਦੀ ਮੁੱਖ ਮੰਤਰੀ ਦੇ ਓਐੱਸਡੀ ਵਜੋਂ ਛੁੱਟੀ

**ਚੰਡੀਗੜ੍ਹ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਨੂੰ ਮੰਤਰੀ ਮੰਡਲ ਵਿੱਚ ਫੇਰਬਦਲ ਤੋਂ ਐਨ ਪਹਿਲਾਂ ਆਪਣੇ ਓਐਸਡੀ ਪ੍ਰੋ. ਓਂਕਾਰ ਸਿੰਘ ਨੂੰ ਹਟਾ ਦਿੱਤਾ ਹੈ। ਓਂਕਾਰ ਸਿੰਘ ਸੰਗਰੂਰ ਦੇ ਰਹਿਣ ਵਾਲੇ ਹਨ। ਓਂਕਾਰ ਸਿੰਘ ਨੂੰ ਭਗਵੰਤ ਮਾਨ ਦਾ ਕਰੀਬ ਮੰਨਿਆ ਜਾਂਦਾ ਹੈ। ਉਹ ਮੁੱਖ ਮੰਤਰੀ ਦਫ਼ਤਰ ਦੇ ਸਾਰੇ ਕੰਮ-ਕਾਜ ਸੰਭਾਲਦੇ ਸਨ। ਕਈ ਮਾਮਲਿਆਂ 'ਤੇ ਮੁੱਖ ਮੰਤਰੀ ਨੂੰ ਸਲਾਹ ਵੀ ਦਿੰਦੇ ਸਨ।

# 'ਲਾਪਤਾ ਲੇਡੀਜ਼' ਦੀ ਆਸਕਰ ਲਈ ਭਾਰਤ ਦੀ ਅਧਿਕਾਰਤ ਫ਼ਿਲਮ ਵਜੋਂ ਚੋਣ




**ਚੇਨੱਈ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫ਼ਿਲਮ ਫੈਡਰੇਸ਼ਨ ਆਫ ਇੰਡੀਆ ਨੇ ਕਿਹਾ ਕਿ ਕਿਰਨ ਰਾਓ ਦੀ 'ਲਾਪਤਾ ਲੇਡੀਜ਼' ਨੂੰ ਆਸਕਰ ਐਵਾਰਡ-2025 ਲਈ ਭਾਰਤ ਦੀ ਅਧਿਕਾਰਤ ਫ਼ਿਲਮ ਵਜੋਂ ਚੋਣ ਕੀਤੀ ਗਈ ਹੈ। ਇਹ ਹਿੰਦੀ ਫ਼ਿਲਮ ਪਿਤਰਸੱਤਾ 'ਤੇ ਹਲਕਾ-ਫੁਲਕਾ ਵਿਅੰਗ ਹੈ। ਇਹ 29 ਫ਼ਿਲਮਾਂ ਵਿੱਚੋਂ ਚੁਣ ਗਈ ਹੈ ਜਿਸ ਵਿੱਚ ਬੌਲੀਵੁੱਡ ਦੀ ਹਿੱਟ ਫ਼ਿਲਮ 'ਐਨੀਮਲ', ਮਲਿਆਲਮ ਦੀ ਕੌਮੀ ਪੁਰਸਕਾਰ ਜੇਤੂ 'ਅੱਟਮ' ਅਤੇ ਕਾਂਸ ਜੇਤੂ 'ਆਲ ਵੀ ਇਮੇਜਿਨ ਐਜ਼ ਲਾਈਟ'' ਸ਼ਾਮਲ ਸਨ। ਅਸਾਮੀ ਡਾਇਰੈਕਟਰ ਜਾਹਨੂੰ ਬਰੂਆ ਦੀ ਅਗਵਾਈ ਵਾਲੀ 13 ਮੈਂਬਰੀ ਚੋਣ ਕਮੇਟੀ ਨੇ ਸਰਬਸੰਮਤੀ ਨਾਲ ਆਮਿਰ ਖਾਨ ਅਤੇ ਰਾਓ ਵੱਲੋਂ ਬਣਾਈ 'ਲਾਪਤਾ ਲੇਡੀਜ਼' ਨੂੰ ਅਕਾਦਮੀ ਪੁਰਸਕਾਰਾਂ ਵਿੱਚ ਸਰਵੋਤਮ ਕੌਮਾਂਤਰੀ ਫਿਲਮ ਸ਼੍ਰੇਣੀ ਵਿੱਚ ਸ਼ਾਮਲ ਕਰਨ ਦਾ ਫ਼ੈਸਲਾ ਕੀਤਾ ਹੈ।

# ਰਿਆ ਸਿੰਘਾ ਨੇ ਜਿੱਤਿਆ 'ਮਿਸ ਇੰਡੀਆ 2024' ਦਾ ਖਿਤਾਬ , ਉਰਵਸ਼ੀ ਰੌਤੇਲਾ ਨੇ ਪਹਿਨਾਇਆ ਤਾਜ



**ਨਵੀਂ ਦਿੱਲੀ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਜਰਾਤ ਦੀ ਰਿਆ ਸਿੰਘਾ ਨੇ ਰਾਜਸਥਾਨ ਦੇ ਜੈਪੁਰ 'ਚ ਹੋਏ ਮੁਕਾਬਲੇ 'ਚ 'ਮਿਸ ਯੂਨੀਵਰਸ ਇੰਡੀਆ 2024' ਦਾ ਖਿਤਾਬ ਜਿੱਤਿਆ ਹੈ। ਇਕ ਵਾਰ ਫਿਰ ਭਾਰਤ ਦੀ ਖੂਬਸੂਰਤੀ ਨੇ ਇਹ ਤਾਜ ਆਪਣੇ ਸਿਰ 'ਤੇ ਸਜਾਇਆ ਹੈ। ਇਸ ਜਿੱਤ ਤੋਂ ਬਾਅਦ ਰਿਆ ਅਤੇ ਪੂਰੇ ਦੇਸ਼ ਦਾ ਚਿਹਰਾ ਖਿੜ ਗਿਆ ਹੈ। 22 ਸਤੰਬਰ ਐਤਵਾਰ ਨੂੰ ਜੈਪੁਰ 'ਚ ਆਯੋਜਿਤ ਇਸ ਇਵੈਂਟ 'ਚ ਰਿਆ ਨੂੰ ਉਰਵਸ਼ੀ ਰੌਤੇਲਾ ਨੇ ਤਾਜ ਪਹਿਨਾਇਆ।

ਮਿਸ ਯੂਨੀਵਰਸ ਇੰਡੀਆ ਦਾ ਤਾਜ ਪਹਿਨਣ ਤੋਂ ਬਾਅਦ, ਰਿਆ ਹੁਣ ਮਿਸ ਯੂਨੀਵਰਸ 2024 ਮੁਕਾਬਲੇ 'ਚ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੀ ਪ੍ਰਤੀਨਿਧਤਾ ਕਰੇਗੀ। ਰਿਆ ਸਿੰਘਾ ਨੇ ਮਿਸ ਯੂਨੀਵਰਸ ਦਾ ਤਾਜ ਪਹਿਨਣ ਤੋਂ ਬਾਅਦ ਖੁਸ਼ੀ ਦਾ ਇਜ਼ਹਾਰ ਕੀਤਾ ਹੈ। ਗੱਲਬਾਤ ਕਰਦੇ ਹੋਏ ਉਸ ਨੇ ਕਿਹਾ ਕਿ ਅੱਜ ਉਸ ਨੇ ਮਿਸ ਯੂਨੀਵਰਸ ਇੰਡੀਆ 2024 ਦਾ ਖਿਤਾਬ ਜਿੱਤ ਲਿਆ ਹੈ।

ਇਸ ਦੇ ਲਈ ਉਹ ਬਹੁਤ ਧੰਨਵਾਦੀ ਹੈ। ਰੀਆ ਨੇ ਅੱਗੇ ਕਿਹਾ ਕਿ ਉਸ ਨੇ ਇਸ ਮੁਕਾਮ ਤੱਕ ਪਹੁੰਚਣ ਲਈ ਬਹੁਤ ਮਿਹਨਤ ਕੀਤੀ ਹੈ। ਹਾਲ ਹੀ 'ਚ ਰਿਆ ਸਿੰਘਾ ਨੇ ਆਪਣੇ ਸੋਸ਼ਲ ਮੀਡੀਆ ਇੰਸਟਾਗ੍ਰਾਮ ਅਕਾਊਂਟ 'ਤੇ ਇਸ ਦੌਰਾਨ ਦੀਆਂ ਕੁਝ ਤਸਵੀਰਾਂ ਤੇ ਵੀਡੀਓਜ਼ ਸਾਂਝੀਆਂ ਕੀਤੀਆਂ ਹਨ।

# ਅਸਮਾਨੀ ਬਿਜਲੀ ਦਾ ਕਹਿਰ ! ਕੁਝ ਸਕੂਲੀ ਬੱਚਿਆਂ ਸਣੇ 8 ਲੋਕਾਂ ਦੀ ਹੋਈ ਮੌਤ

**ਰਾਜਨਾਂਦਗਾਂਵ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਛੱਤੀਸਗੜ੍ਹ ਦੇ ਰਾਜਨਾਂਦਗਾਂਵ ਜ਼ਿਲ੍ਹੇ 'ਚ ਸੋਮਵਾਰ ਨੂੰ ਅਸਮਾਨੀ ਬਿਜਲੀ ਡਿੱਗਣ ਨਾਲ 8 ਲੋਕਾਂ ਦੀ ਮੌਤ ਹੋ ਗਈ ਅਤੇ ਇਕ ਹੋਰ ਵਿਅਕਤੀ ਜ਼ਖ਼ਮੀ ਹੋ ਗਿਆ। ਮ੍ਰਿਤਕਾਂ 'ਚ ਕੁਝ ਸਕੂਲੀ ਬੱਚੇ ਵੀ ਸ਼ਾਮਲ ਹਨ। ਪੁਲਸ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹੇ ਦੇ ਸੋਮਨੀ ਥਾਣਾ ਖੇਤਰ ਦੇ ਅਧੀਨ ਜੋਰਾਤਰਾਈ ਪਿੰਡ 'ਚ ਸੋਮਵਾਰ ਦੁਪਹਿਰ ਕਰੀਬ 1.30 ਵਜੇ ਅਸਮਾਨੀ ਬਿਜਲੀ ਡਿੱਗਣ ਨਾਲ ਕੁਝ ਸਕੂਲੀ ਬੱਚਿਆਂ ਸਮੇਤ 8 ਲੋਕਾਂ ਦੀ ਮੌਤ ਹੋ ਗਈ ਅਤੇ ਇਕ ਹੋਰ ਵਿਅਕਤੀ ਜ਼ਖ਼ਮੀ ਹੋ ਗਿਆ।

ਰਾਜਨਾਂਦਗਾਂਵ ਜ਼ਿਲ੍ਹੇ ਦੇ ਪੁਲਸ ਸੁਪਰਡੈਂਟ ਮੋਹਿਤ ਗਰਗ ਨੇ ਕਿਹਾ,''ਸ਼ੁਰੂਆਤੀ ਜਾਣਕਾਰੀ ਅਨੁਸਾਰ, ਬਿਜਲੀ ਡਿੱਗਣ ਨਾਲ ਕੁਝ ਸਕੂਲੀ ਬੱਚਿਆਂ ਸਮੇਤ 8 ਲੋਕਾਂ ਦੀ ਮੌਤ ਹੋ ਗਈ।

ਇਸ ਤੋਂ ਇਲਾਵਾ, ਇਕ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ, ਜਿਸ ਨੂੰ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ।'' ਉਨ੍ਹਾਂ ਨੇ ਦੱਸਿਆ ਕਿ ਇਸ ਘਟਨਾ ਦੀ ਸੂਚਨਾ ਮਿਲਦੇ ਹੀ ਸੀਨੀਅਰ ਪ੍ਰਸ਼ਾਸਨਿਕ ਅਤੇ ਪੁਲਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਪੁਲਸ ਸੁਪਰਡੈਂਟ ਅਨੁਸਾਰ ਉਹ ਅਤੇ ਰਾਜਨਾਂਦਗਾਂਵ ਦੇ ਜ਼ਿਲ੍ਹਾ ਅਧਿਕਾਰੀ ਵੀ ਹਾਦਸੇ ਵਾਲੀ ਜਗ੍ਹਾ ਲਈ ਰਵਾਨਾ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਘਟਨਾ ਦੇ ਸੰਬੰਧ 'ਚ ਪੂਰੀ ਜਾਣਕਾਰੀ ਦੀ ਉਡੀਕ ਕੀਤੀ ਜਾ ਰਹੀ ਹੈ।

# ਜੇ.ਕੇ. ਦਾ ਸੂਬੇ ਦਾ ਦਰਜਾ ਬਹਾਲ ਕਰਨ ਲਈ ਕੇਂਦਰ 'ਤੇ ਪਾਵਾਂਗੇ ਦਬਾਅ: ਰਾਹੁਲ ਗਾਂਧੀ

**ਸੁਨਰਕੋਟ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸੋਮਵਾਰ ਨੂੰ ਕਿਹਾ ਕਿ ਜੇਕਰ ਕੇਂਦਰ ਸਰਕਾਰ, ਵਿਧਾਨ ਸਭਾ ਚੋਣਾਂ ਮਗਰੋਂ ਵੀ ਜੰਮੂ-ਕਸ਼ਮੀਰ ਨੂੰ ਸੂਬੇ ਦਾ ਦਰਜਾ ਬਹਾਲ ਨਹੀਂ ਕਰਦਾ ਹੈ ਤਾਂ ਕਾਂਗਰਸ ਉਸ 'ਤੇ ਦਬਾਅ ਬਣਾਏਗੀ। ਉਨ੍ਹਾਂ ਨੇ ਕਿਹਾ ਕਿ ਲੋਕ ਸਭਾ ਚੋਣਾਂ ਮਗਰੋਂ 'ਇੰਡੀਆ' ਗਠਜੋੜ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਤਮਵਿਸ਼ਵਾਸ ਨੂੰ ਹਿਲਾ ਦਿੱਤਾ ਹੈ।

ਰਾਹੁਲ ਨੇ ਕਿਹਾ ਕਿ ਦੇਸ਼ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ, ਜਦੋਂ ਕਿਸੇ ਸੂਬੇ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਬਦਲਿਆ ਗਿਆ। ਤੁਹਾਡਾ ਲੋਕਤੰਤਰੀ ਅਧਿਕਾਰ ਖੋਹ ਲਿਆ ਗਿਆ। ਅਸੀਂ ਸੂਬੇ ਦਾ ਦਰਜਾ ਬਹਾਲ ਕਰਨ ਦੀ ਮੰਗ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਨੇ ਪੁੰਛ ਜ਼ਿਲ੍ਹੇ ਦੇ ਸੁਰਨਕੋਟ ਖੇਤਰ ਵਿਚ ਕਾਂਗਰਸ-ਨੈਸ਼ਨਲ ਕਾਨਫਰੰਸ ਗਠਜੋੜ ਦੇ ਉਮੀਦਵਾਰਾਂ ਦੇ ਸਮਰਥਨ ਵਿਚ ਆਯੋਜਿਤ ਇਕ ਚੋਣ ਰੈਲੀ 'ਚ ਕਿਹਾ ਕਿ ਜੰਮੂ-ਕਸ਼ਮੀਰ ਦਾ ਸੂਬੇ ਦਾ ਦਰਜਾ ਬਹਾਲ ਹੋਵੇ।

ਰਾਹੁਲ ਨੇ ਦੋਸ਼ ਲਾਇਆ ਕਿ ਜੰਮੂ-ਕਸ਼ਮੀਰ 'ਤੇ ਦਿੱਲੀ ਤੋਂ ਸ਼ਾਸਨ ਕੀਤਾ ਜਾ ਰਿਹਾ ਹੈ ਅਤੇ ਫ਼ੈਸਲੇ ਗੈਰ-ਸਥਾਨਕ ਲੋਕ ਲੈ ਰਹੇ ਹਨ। ਰਾਹੁਲ ਗਾਂਧੀ ਨੇ RSS ਅਤੇ ਭਾਜਪਾ 'ਤੇ ਧਰਮ, ਜਾਤੀ, ਪੰਥ ਅਤੇ ਖੇਤਰ ਦੇ ਨਾਂ 'ਤੇ ਲੋਕਾਂ ਨੂੰ ਵੰਡਣ ਲਈ ਨਫ਼ਰਤ ਫੈਲਾਉਣ ਦਾ ਦੋਸ਼ ਲਾਇਆ ਅਤੇ ਦਾਅਵਾ ਕੀਤਾ ਕਿ ਕਾਂਗਰਸ ਨੇ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਨਫ਼ਰਤ ਦੇ ਬਜ਼ਾਰਾਂ ਵਿਚ ਪਿਆਰ ਦੀਆਂ ਦੁਕਾਨਾਂ ਖੋਲ੍ਹੀਆਂ ਹਨ।

# ਕੀ ਖ਼ੁਦ ਨੂੰ ਪਾਕਿਸਤਾਨ ਸਰਕਾਰ ਦਾ ਪੀ.ਆਰ.ਓ. ਸਮਝਦੇ ਹਨ ਫਾਰੂਕ ਅਬਦੁੱਲਾ : ਤਰੁਣ ਚੁੱਘ

**ਨਵੀਂ ਦਿੱਲੀ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਸੋਮਵਾਰ ਨੂੰ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਸਵਾਲ ਕੀਤਾ ਕਿ ਕੀ ਉਹ ਖ਼ੁਦ ਨੂੰ ਪਾਕਿਸਤਾਨ ਸਰਕਾਰ ਦਾ 'ਪੀਆਰਓ' 'ਜਨ ਸੰਪਰਕ ਅਧਿਕਾਰੀ) ਮੰਨਦੇ ਹਨ, ਕਿਉਂਕਿ ਉਹ ਭਾਰਤ ਅਤੇ ਗੁਆਂਢੀ ਦੇਸ਼ ਵਿਚਾਲੇ ਗੱਲਬਾਤ ਦੀ ਅਪੀਲ ਕਰਦੇ ਰਹਿੰਦੇ ਹਨ। ਭਾਜਪਾ ਦੇ ਜਨਰਲ ਸਕੱਤਰ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਇੰਚਾਰਜ ਤਰੁਣ ਚੁਘ ਨੇ ਇਕ ਬਿਆਨ 'ਚ ਦੋਸ਼ ਲਗਾਇਆ ਕਿ ਨੈਸ਼ਨਲ ਕਾਨਫਰੰਸ ਦੇ ਨੇਤਾ ਨੇ ਜੰਮੂ ਕਸ਼ਮੀਰ ਦੀ ਤਰੱਕੀ ਅਤੇ ਵਿਕਾਸ ਤੋਂ ਜ਼ਿਆਦਾ ਪਾਕਿਸਤਾਨ ਦੇ ਮੁੱਦੇ ਦੀ ਵਕਾਲਤ ਕੀਤੀ। ਉਨ੍ਹਾਂ ਪੁੱਛਿਆ,''ਕੀ ਫਾਰੂਕ ਅਬਦੁੱਲਾ ਪਾਕਿਸਤਾਨ ਸਰਕਾਰ ਦੇ ਪੀਆਰਓ ਹਨ, ਜੋ ਜੰਮੂ ਕਸ਼ਮੀਰ ਦੇ ਵਿਕਾਸ ਬਾਰੇ



ਗੱਲ ਕਰਨ ਤੋਂ ਜ਼ਿਆਦਾ ਪਾਕਿਸਤਾਨ ਦੇ ਮੁੱਦੇ ਦੀ ਵਕਾਲਤ ਕਰਦੇ ਰਹਿੰਦੇ ਹਨ ?'' ਅੱਤਵਾਦ ਦੇ ਨਾਲ-ਨਾਲ ਗੱਲਬਾਤ ਜਾਰੀ ਨਹੀਂ ਰੱਖੇ ਜਾਣ ਸੰਬੰਧੀ ਕੇਂਦਰ ਸਰਕਾਰ ਦੇ ਦ੍ਰਿਸ਼ਟੀਕੋਣ 'ਤੇ ਜ਼ੋਰ ਦਿੰਦੇ ਹੋਏ ਚੁੱਘ ਨੇ ਕਿਹਾ ਕਿ ਇਹ ਅਜੀਬ ਹੈ ਕਿ ਅਬਦੁੱਲਾ ਇਹ ਜਾਣਦੇ ਹੋਏ ਵੀ 'ਰਾਸ਼ਟਰ ਵਿਰੋਧੀ' ਭਾਵਨਾਵਾਂ ਜ਼ਾਹਰ ਕਰ ਰਹੇ ਹਨ ਕਿ ਪਾਕਿਸਤਾਨ ਪੂਰੀ ਦੁਨੀਆ ਲਈ ਅੱਤਵਾਦ ਦੀ ਫੈਕਟਰੀ ਹੈ। ਚੁੱਘ ਨੇ ਦਾਅਵਾ ਕੀਤਾ ਕਿ ਅਬਦੁੱਲਾ ਅਤੇ ਕਾਂਗਰਸ ਜੰਮੂ ਕਸ਼ਮੀਰ 'ਚ ਸ਼ਾਂਤੀ ਅਤੇ ਵਿਕਾਸ ਦੀ ਕੀਮਤ 'ਤੇ ਪਾਕਿਸਤਾਨ ਦੀ ਧੁੰਨ 'ਤੇ ਨੱਚ ਰਹੇ ਹਨ। ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਵਿਚਾਲੇ ਮੌਜੂਦਾ ਚੋਣਾਂ 'ਚ ਗਠਜੋੜ ਹੈ। ਚੁੱਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਅਧੀਨ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਪਿਛਲੇ ਕਈ ਸਾਲਾਂ 'ਚ ਨੈਸ਼ਨਲ ਕਾਨਫਰੰਸ ਅਤੇ ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀ.ਡੀ.ਪੀ.) ਵਲੋਂ ਕੀਤੇ ਗਏ ਨੁਕਸਾਨ ਦਾ ਅਹਿਸਾਸ ਹੋਇਆ ਹੈ। ਉਨ੍ਹਾਂ ਕਿਹਾ ਕਿ ਲੋਕ ਹੁਣ ਉਦਯੋਗਾਂ ਦਾ ਵਿਕਾਸ, ਸੈਰ-ਸਪਾਟੇ 'ਚ ਵਾਧਾ ਅਤੇ ਨੌਜਵਾਨਾਂ ਲਈ ਰੁਜ਼ਗਾਰ ਚਾਹੁੰਦੇ ਹਨ।

# ਰਾਜਪਾਲ ਨੇ ਪੰਜਾਬ ਦੇ ਪੰਜ ਮੰਤਰੀਆਂ ਨੂੰ ਹਲਫ਼ ਦਿਵਾਇਆ

## ਜਲੰਧਰੀਆਂ ਨਾਲ ਹੋਇਆ ਵਾਅਦਾ, ਮੋਹਿੰਦਰ ਭਗਤ ਬਣੇ ਮੰਤਰੀ

**ਚੰਡੀਗੜ੍ਹ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਵਜ਼ਾਰਤ ਵਿੱਚ ਫੇਰਬਦਲ ਕਰਦਿਆਂ ਅੱਜ ਪੰਜ ਵਿਧਾਇਕਾਂ ਨੂੰ ਮੰਤਰੀ ਬਣਾ ਦਿੱਤਾ। ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਇੱਥੇ ਰਾਜ ਭਵਨ ਵਿੱਚ ਹਲਫ਼ਦਾਰੀ ਸਮਾਗਮ ਦੌਰਾਨ ਨਵੇਂ ਮੰਤਰੀਆਂ ਨੂੰ ਹਲਫ਼ ਦਿਵਾਇਆ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਪਾਰਟੀ ਦੇ ਹੋਰ ਆਗੂ ਮੌਜੂਦ ਸਨ। ਕੈਬਨਿਟ ਮੰਤਰੀ ਵਜੋਂ ਹਲਫ਼ ਲੈਣ ਵਾਲਿਆਂ ਵਿੱਚ ਹਰਦੀਪ ਸਿੰਘ ਮੁੰਡੀਆਂ, ਬਰਿੰਦਰ ਕੁਮਾਰ ਗੋਇਲ, ਤਰੁਨਪ੍ਰੀਤ ਸਿੰਘ ਸੌਂਦ, ਡਾ. ਰਵਜੋਤ ਸਿੰਘ ਅਤੇ ਮਹਿੰਦਰ ਭਗਤ ਸ਼ਾਮਲ ਹਨ। ਉਨ੍ਹਾਂ ਪੰਜਾਬੀ ਵਿੱਚ ਹਲਫ਼ ਲਿਆ। ਮਾਲਵਾ ਖੇਤਰ ਦੇ ਤਿੰਨ ਅਤੇ ਦੋਆਬਾ ਖੇਤਰ ਦੇ ਦੋ ਵਿਧਾਇਕਾਂ ਨੂੰ ਮੰਤਰੀ ਬਣਾਇਆ ਗਿਆ ਹੈ।

ਸੂਬੇ ਵਿੱਚ 30 ਮਹੀਨੇ ਪਹਿਲਾਂ ਸੱਤਾ ਵਿੱਚ ਆਈ 'ਆਪ' ਦਾ ਮੰਤਰੀ ਮੰਡਲ ਵਿੱਚ ਇਹ ਚੌਥਾ ਫੇਰਬਦਲ ਹੈ। ਇਸ ਤੋਂ ਪਹਿਲਾਂ ਚਾਰ ਮੰਤਰੀਆਂ ਚੇਤਨ ਸਿੰਘ ਜੌੜਾਮਾਜਰਾ, ਅਨਮੋਲ ਗਗਨ ਮਾਨ, ਬਲਕਾਰ ਸਿੰਘ ਅਤੇ ਬ੍ਰਹਮ ਸ਼ੰਕਰ ਜਿੰਪਾ ਨੂੰ ਮੰਤਰੀ ਮੰਡਲ ਵਿੱਚੋਂ ਹਟਾ ਦਿੱਤਾ ਗਿਆ ਸੀ।

# ਕਾਂਗਰਸ ਨੂੰ ਕਰਨਾ ਚਾਹੀਦੈ ਰਾਹੁਲ ਗਾਂਧੀ ਦਾ ਵਿਰੋਧ : ਰਵਨੀਤ ਬਿੱਟੂ

**ਜੈਪੁਰ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਨੂੰ ਲੈ ਕੇ ਕੀਤੀ ਗਈ ਟਿੱਪਣੀ ਦਾ ਇਕ ਤਰ੍ਹਾਂ ਨਾਲ ਬਚਾਅ ਕਰਦੇ ਹੋਏ ਸੋਮਵਾਰ ਨੂੰ ਕਿਹਾ ਕਿ ਕਾਂਗਰਸ ਪਾਰਟੀ ਨੇ ਵਿਰੋਧ ਕਰਨਾ ਹੈ ਤਾਂ ਰਾਹੁਲ ਗਾਂਧੀ ਦਾ ਕਰੇ। ਉੱਥੇ ਹੀ ਕਾਂਗਰਸ ਵਰਕਰਾਂ ਨੇ ਬਿੱਟੂ ਖ਼ਿਲਾਫ਼ ਸੀ.ਬੀ.ਆਈ. ਫਾਟਕ ਖੇਤਰ 'ਚ ਵਿਰੋਧ ਪ੍ਰਦਰਸ਼ਨ ਕਰਨ ਦੀ ਕੋਸ਼ਿਸ਼ ਕੀਤੀ ਪਰ ਪੁਲਸ ਉਨ੍ਹਾਂ ਨੂੰ ਬੱਸਾਂ 'ਚ ਬਿਠਾ ਕੇ ਲੈ ਗਈ। ਇੱਥੇ ਇਕ ਖੇਡ ਪ੍ਰੋਗਰਾਮ 'ਚ ਹਿੱਸਾ ਲੈਣ ਪਹੁੰਚੇ ਬਿੱਟੂ ਤੋਂ ਹਵਾਈ ਅੱਡੇ 'ਤੇ ਮੀਡੀਆ ਨੇ ਜਦੋਂ ਰਾਹੁਲ ਗਾਂਧੀ ਖ਼ਿਲਾਫ਼ ਉਨ੍ਹਾਂ ਦੇ ਬਿਆਨ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ,''ਇਸ 'ਚ ਕਾਂਗਰਸ ਜਾਂ ਭਾਜਪਾ ਦੀ ਗੱਲ ਨਹੀਂ ਹੈ। ਗੱਲ ਪੰਜਾਬ ਅਤੇ ਸਿੱਖਾਂ ਦੀ ਹੈ।'' ਉਨ੍ਹਾਂ ਕਿਹਾ,''ਰਾਹੁਲ ਗਾਂਧੀ ਤਾਂ ਖ਼ੁਦ ਕਿੰਨੀ ਵਾਰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਜਾਂਦੇ ਹਨ... ਕੌਣ ਰੋਕਦਾ ਹੈ ? ਇਸ ਲਈ ਇਹ ਪਾਰਟੀ ਦੀ ਗੱਲ ਨਹੀਂ



ਹੈ, ਪਾਰਟੀ ਤੋਂ ਉੱਪਰ ਦੀ ਗੱਲ ਹੈ।''

ਬਿੱਟੂ ਨੇ ਕਿਹਾ,''ਤੁਸੀਂ ਕੋਈ ਵੀ ਇਕ ਆਦਮੀ ਦੱਸੋ... ਕਿਸ ਨੇ ਸਾਨੂੰ ਕੜਾ ਪਹਿਨਣ ਤੋਂ ਰੋਕਿਆ ਹੈ ? ਕਿਸ ਨੇ ਸਾਨੂੰ ਦਸਤਾਰ ਬੰਨ੍ਹਣ ਤੋਂ ਰੋਕਿਆ ਹੈ ? ਕਿਸ ਨੇ ਸਾਨੂੰ ਗੁਰਦੁਆਰਾ ਜਾਣ ਤੋਂ ਰੋਕਿਆ ਹੈ ? ਇਸ ਲਈ ਜੇਕਰ ਕਾਂਗਰਸ ਨੇ ਵਿਰੋਧ ਕਰਨਾ ਹੈ ਤਾਂ ਰਾਹੁਲ ਗਾਂਧੀ ਦਾ ਕਰੇ।'' ਹਾਲਾਂਕਿ ਮੰਤਰੀ ਨੇ ਇਸ ਸਵਾਲ 'ਤੇ ਕੁਝ ਨਹੀਂ ਕਿਹਾ ਕਿ ਉਹ ਰਾਹੁਲ ਗਾਂਧੀ ਖ਼ਿਲਾਫ਼ ਆਪਣੇ ਬਿਆਨ 'ਤੇ ਕਾਇਮ ਹਨ ਜਾਂ ਨਹੀਂ। ਰੇਲ ਅਤੇ ਫੂਡ ਪ੍ਰੋਸੈਸਿੰਗ ਉਦਯੋਗ

ਰਾਜ ਮੰਤਰੀ ਬਿੱਟੂ ਜਗਤਪੁਰਾ ਸ਼ੂਟਿੰਗ ਰੇਂਜ 'ਚ 57ਵੀਂ ਅੰਤਰ ਰੇਲਵੇ ਨਿਸ਼ਾਨੇਬਾਜ਼ੀ ਮੁਕਾਬਲੇ ਦਾ ਉਦਘਾਟਨ ਕਰਨ ਆਏ ਸਨ। ਕਾਂਗਰਸ ਦੇ ਕੁਝ ਵਰਕਰ ਬਿੱਟੂ ਦਾ ਵਿਰੋਧ ਕਰਨ ਸੀ.ਬੀ.ਆਈ. ਫਾਟਕ ਖੇਤਰ ਪਹੁੰਚੇ ਪਰ ਪੁਲਸ ਉਨ੍ਹਾਂ ਨੂੰ ਉੱਥੋਂ ਬੱਸਾਂ 'ਚ ਬਿਠਾ ਕੇ ਲੈ ਗਈ।

# ਉੱਡਾ ਦੇਣੀ ਸੀ ਫ਼ੌਜੀਆਂ ਨਾਲ ਭਰੀ ਟਰੇਨ, ਰੇਲਵੇ ਟਰੈਕ 'ਤੇ ਲਾਏ 10 ਡੈਟੋਨੇਟਰ

**ਬੁਰਹਾਨਪੁਰ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੱਧ ਪ੍ਰਦੇਸ਼ ਦੇ ਬੁਰਹਾਨਪੁਰ ਵਿਚ ਰੇਲਵੇ ਟਰੈਕ 'ਤੇ ਡੈਟੋਨੇਟਰ ਲਾ ਕੇ ਫ਼ੌਜ ਦੀ ਸਪੈਸ਼ਲ ਟਰੇਨ ਨੂੰ ਉਡਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਮਾਮਲੇ 'ਚ ਇਕ ਦੋਸ਼ੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਦੋਸ਼ੀ ਨੇ ਰੇਲਵੇ ਟਰੈਕ 'ਤੇ 10 ਡੈਟੋਨੇਟਰ ਰੱਖੇ ਸਨ। ਉਸ ਦੀ ਇਸ ਸ਼ਰਾਰਤ ਨੂੰ ਰੇਲਵੇ ਨੇ ਵੱਡੀ ਸਾਜ਼ਿਸ਼ ਦੱਸਿਆ। ਦੋਸ਼ ਹੈ ਕਿ ਉਸ ਨੇ ਨਸ਼ੇ ਵਿਚ ਧੁੱਤ ਹੋ ਕੇ ਅਜਿਹਾ ਕੀਤਾ। ਲੋਕੋ ਪਾਇਲਟ ਨੇ ਤੁਰੰਤ ਟਰੇਨ ਨੂੰ ਰੋਕਿਆ ਅਤੇ ਸਟੇਸ਼ਨ ਮਾਸਟਰ ਨੂੰ ਸੂਚਨਾ ਦਿੱਤੀ। ਇਸ ਤਰ੍ਹਾਂ ਇਕ ਵੱਡਾ ਟਰੇਨ ਹਾਦਸਾ ਹੁੰਦੇ-ਹੁੰਦੇ ਟਲ ਗਿਆ। ਇਸ ਵਾਰਦਾਤ ਨੂੰ ਅੰਜਾਮ ਦੇਣ ਲਈ 18 ਸਤੰਬਰ ਨੂੰ ਰੇਲ ਦੀ ਪਟੜੀ 'ਤੇ 10 ਡੈਟੋਨੇਟਰ ਲਾਏ ਗਏ ਸਨ। ਘਟਨਾ ਸਾਹਮਣੇ ਆਉਣ ਮਗਰੋਂ ATS ਅਤੇ ©91 ਸਮੇਤ ਹੋਰ ਏਜੰਸੀਆਂ ਨਾਲ ਰੇਲਵੇ ਅਤੇ ਲੋਕਲ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

**ਪਹਿਲਾ ਧਮਾਕਾ ਸੁਣਦੇ ਹੀ ਲਾਈ ਬ੍ਰੇਕ**

ਜਦੋਂ ਟਰੇਨ ਉਨ੍ਹਾਂ ਡੈਟੋਨੇਟਰਾਂ ਦੇ ਉਪਰੋਂ ਲੰਘੀ ਤਾਂ ਕੁਝ ਡੈਟੋਨੇਟਰ ਪਟਾਕਿਆਂ ਵਾਂਗ ਫਟ ਗਏ। ਪਹਿਲੇ ਧਮਾਕੇ ਦੀ ਆਵਾਜ਼ ਸੁਣਦੇ ਹੀ ਲੋਕੋ ਪਾਇਲਟ ਨੇ ਬ੍ਰੇਕ ਲਗਾ ਦਿੱਤੀ।



ਰੇਲਗੱਡੀ ਨੂੰ ਇੰਦੌਰ ਤੋਂ ਲਗਭਗ 150 ਕਿਲੋਮੀਟਰ ਦੱਖਣ ਅਤੇ ਮਹਾਰਾਸ਼ਟਰ ਸਰਹੱਦ ਤੋਂ 50 ਕਿਲੋਮੀਟਰ ਦੂਰ ਸਾਗਫਾਟਾ ਸਟੇਸ਼ਨ 'ਤੇ ਅੱਧੇ ਘੰਟੇ ਲਈ ਰੋਕਿਆ ਗਿਆ। ਸੂਚਨਾ ਤੋਂ ਬਾਅਦ ਪੂਰੇ ਇਲਾਕੇ ਦੀ ਚੈਕਿੰਗ ਕੀਤੀ ਗਈ।

**ਇਸ ਲਈ ਡੇਟੋਨੇਟਰ ਦੀ ਵਰਤੋਂ ਕੀਤੀ ਜਾਂਦੀ ਹੈ**

ਕਿਸੇ ਵੀ ਆਉਣ ਵਾਲੀ ਰੇਲਗੱਡੀ ਨੂੰ ਐਮਰਜੈਂਸੀ ਸਥਿਤੀ ਵਿਚ ਰੋਕਣ ਜਾਂ ਧੁੰਦ ਦੀ ਸਥਿਤੀ ਵਿਚ ਸੁਚੇਤ ਕਰਨ ਲਈ ਇਨ੍ਹਾਂ ਡੈਟੋਨੇਟਰਾਂ ਦੀ ਵਰਤੋਂ ਕਰਨਾ ਮਿਆਰੀ ਪ੍ਰੋਟੋਕੋਲ ਹੈ। ਇਹ ਡੈਟੋਨੇਟਰ ਸਟੇਸ਼ਨ ਮਾਸਟਰ, ਲੋਕੋ ਪਾਇਲਟ, ਕੀਮੈਨ, ਟ੍ਰੈਕ ਸੇਫਟੀ ਅਫਸਰ ਅਤੇ ਹੋਰਾਂ ਸਮੇਤ ਵੱਖ-ਵੱਖ ਰੇਲਵੇ ਸਟਾਫ ਕੋਲ ਉਪਲਬਧ ਹਨ। ਉਹ ਟਰੈਕ ਜਾਂ ਰੇਲਗੱਡੀ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ ਅਤੇ ਇੰਜਣ ਦੇ ਲੰਘਦੇ ਹੀ ਇੱਕ ਉੱਚੀ ਆਵਾਜ਼ ਨਾਲ ਫਟ ਜਾਂਦੇ ਹਨ।

**ਸਾਰੀਆਂ ਏਜੰਸੀਆਂ ਅਲਰਟ ਮੋਡ 'ਤੇ ਹਨ**

ਇਸ ਘਟਨਾ ਨੇ ਰੇਲਵੇ ਮੰਤਰਾਲੇ ਅਤੇ ਫੌਜ ਵਿਚ ਖਤਰੇ ਦੀ ਘੰਟੀ ਵਜਾ ਦਿੱਤੀ ਹੈ। ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (NIA), ਫੌਜ, ਅੱਤਵਾਦ ਵਿਰੋਧੀ ਦਸਤੇ (ATS), ਰੇਲਵੇ ਅਤੇ ਪੁਲਸ ਦੇ ਅਧਿਕਾਰੀਆਂ ਨੇ ਘਟਨਾ ਸਥਾਨ ਦਾ ਮੁਆਇਨਾ ਕੀਤਾ।

# ਡਿਪਟੀ ਕਮਿਸ਼ਨਰ ਨੇ ਡਿਸਟ੍ਰਿਕਟ ਇੰਪਲੀਮੈਂਟੇਸ਼ਨ ਕਮੇਟੀ ਦੀ ਮੀਟਿੰਗ ਕਰਦਿਆਂ ਕੀਤੀ ਕੰਮਾਂ ਦੀ ਸਮੀਖਿਆ

**ਰੂਪਨਗਰ, 24 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀ ਹਿਮਾਂਸ਼ੂ ਜੈਨ ਵੱਲੋਂ ਅੱਜ ਪ੍ਰਧਾਨ ਮੰਤਰੀ ਵਿਸ਼ਵਕਰਮਾ ਸਕੀਮ ਸਬੰਧੀ ਡਿਸਟ੍ਰਿਕਟ ਇੰਪਲੀਮੈਂਨਟੇਸ਼ਨ ਕਮੇਟੀ ਦੀ ਮੀਟਿੰਗ ਕਰਦਿਆਂ ਕੀਤੇ ਜਾ ਰਹੇ ਕੰਮਾਂ ਦੀ ਸਮੀਖਿਆ ਕੀਤੀ, ਇਸ ਮੀਟਿੰਗ ਵਿੱਚ ਡਿਸਟ੍ਰਿਕਟ ਇੰਪਲੀਮੈਂਨਟੇਸ਼ਨ ਕਮੇਟੀ ਅੱਗੇ ਸਟੇਜ-2 ਦੀ ਵੈਰੀਫਿਕੇਸ਼ਨ ਅਧੀਨ 108 ਪੈਂਡਿੰਗ ਕੇਸ ਵਿਚਾਰੇ ਗਏ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਸ਼੍ਰੀ ਹਿਮਾਂਸ਼ੂ ਜੈਨ ਨੇ ਅਧਿਕਾਰੀਆਂ ਨੂੰ ਵਿਚਾਰ ਅਧੀਨ ਪਏ ਕੇਸਾਂ ਤੇ ਕੰਮ ਕਰਦੇ ਹੋਏ ਇਸ ਨੂੰ ਜਲਦ ਮੁਕੰਮਲ ਕਰਨ ਦੇ ਆਦੇਸ਼ ਦਿੱਤੇ। ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਸ. ਮਾਨ ਮੋਹਿੰਦਰ ਸਿੰਘ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਵਿਸ਼ਵਕਰਮਾ ਸਕੀਮ ਅਧੀਨ 18 ਤਰ੍ਹਾਂ ਦੇ ਕੰਮਾਂ ਨੂੰ ਕਵਰ ਕੀਤਾ ਗਿਆ ਹੈ, ਜਿਨ੍ਹਾਂ ਦੀ ਰਜਿਸਟ੍ਰੇਸ਼ਨ ਸੀ.ਐਸ.ਸੀ (ਕਾਮਨ ਸਰਵਿਸ ਸੈਂਟਰ) ਰਾਹੀਂ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਪਹਿਲੀ ਸਟੇਜ ਦੌਰਾਨ ਪੇਂਡੂ ਖੇਤਰ ਵਿੱਚ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਅਤੇ ਸ਼ਹਿਰੀ ਖੇਤਰ



ਵਿੱਚ ਕਾਰਜ ਸਾਧਕ ਅਫਸਰ ਵੱਲੋਂ ਸੀ.ਐਸ.ਸੀ ਅਧੀਨ ਰਜਿਸਟਰ ਹੋਏ ਪ੍ਰਾਰਥੀਆਂ ਦੀ ਨਿੱਜੀ ਪੱਧਰ ਤੇ ਵੈਰੀਫਿਕੇਸ਼ਨ ਕੀਤੀ ਜਾਂਦੀ ਹੈ, ਜਿਸ ਤੋਂ ਬਾਅਦ ਇਹ ਕੇਸ ਡਿਸਟ੍ਰਿਕਟ ਇੰਪਲੀਮੈਨਟੇਸ਼ਨ ਕਮੇਟੀ ਨੂੰ ਅਗਲੀ ਕਾਰਵਾਈ ਲਈ ਭੇਜ ਦਿੱਤੇ ਜਾਂਦੇ ਹਨ।

ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਚੁਣੇ ਗਏ ਪ੍ਰਾਰਥੀਆਂ ਨੂੰ 15 ਦਿਨਾਂ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਟ੍ਰੇਨਿੰਗ ਦੌਰਾਨ ਰੋਜਾਨਾ 500 ਰੁਪਏ ਸਟਾਇਪੈਂਡ ਅਤੇ 15000 ਰੁਪਏ ਦੀ ਟੂਲ-ਕਿੱਟ ਦਿੱਤੀ ਜਾਂਦੀ ਹੈ। ਟ੍ਰੇਨਿੰਗ ਪੂਰੀ ਹੋਣ ਉਪਰੰਤ ਇੱਕ ਲੱਖ ਰੁਪਏ ਤੱਕ ਦਾ ਲੋਨ 5 ਫ਼ੀਸਦੀ ਵਿਆਜ ਦਰ ਤੇ 18 ਮਹੀਨਿਆਂ ਲਈ ਦਿੱਤਾ ਜਾਂਦਾ ਹੈ। ਪਹਿਲਾ ਲੋਨ ਸਫਲਤਾ ਪੂਰਵਕ ਪੂਰ ਹੋਣ ਤੇ 2 ਲੱਖ ਰੁਪਏ ਤੱਕ ਦਾ ਲੋਨ 5 ਫ਼ੀਸਦੀ ਵਿਆਜ ਦਰ ਤੇ 30 ਮਹੀਨਿਆਂ ਲਈ ਦਿੱਤਾ ਜਾਂਦਾ ਹੈ।

ਇਸ ਮੀਟਿੰਗ ਵਿੱਚ ਫੰਕਸ਼ਨਲ ਮੈਨੇਜਰ ਸ. ਬਲਿੰਦਰ ਸਿੰਘ, ਉੱਚ ਉਦਯੋਗਿਕ ਉੱਨਤੀ ਅਫਸਰ ਸ. ਰਮਿੰਦਰਪਾਲ ਸਿੰਘ, ਲੀਡ ਬੈਂਕ ਮੈਨੇਜਰ ਸ਼੍ਰੀ ਮਨੀਸ਼ ਤ੍ਰਿਪਾਠੀ, ਐਮ.ਸੀ. ਐਮ.ਈ. ਲੁਧਿਆਣਾ ਤੋਂ ਕ੍ਰਿਸ਼ਨ ਕੁਮਾਰ, ਹੁਨਰ ਵਿਕਾਸ ਮਿਸ਼ਨ ਤੋਂ ਬਲਾਕ ਮਿਸ਼ਨ ਮੈਨੇਜਰ ਸ. ਗੁਰਪ੍ਰੀਤ ਸਿੰਘ ਅਤੇ ਕਮੇਟੀ ਮੈਂਬਰ ਮੁਕੇਸ਼ ਨੱਡਾ ਹਾਜ਼ਰ ਹੋਏ।

# ਥੈਲੇਸੀਮੀਆ ਨਾਲ ਪੀੜਤ ਬੱਚਿਆਂ ਨਾਲ ਫਾਜਿਲਕਾ ਪੁਲਸ ਮੁਖੀ ਨੇ ਬਿਤਾਏ ਖੁਸ਼ੀ ਦੇ ਪਲ

ਏਜੰਸੀਆਂ

ਫਾਜਿ਼ਲਕਾ 24 ਸਤੰਬਰ। ਕਹਿੰਦੇ ਹਨ ਕਿ ਖੁਸੀ ਵੰਡਣ ਨਾਲ ਦੁੱਗਣੀ ਹੁੰਦੀ ਹੈ ਅਤੇ ਜਿਸ ਨੂੰ ਖੁਸੀ ਮਿਲਦੀ ਹੈ ਕਈ ਵਾਰ ਉਸ ਦੀ ਜਿੰਦਗੀ ਹੀ ਬਦਲ ਜਾਂਦੀ ਹੈ। ਇਸੇ ਤਰ੍ਹਾਂ ਹੀ ਫਾਜਿ਼ਲਕਾ ਦੇ ਐੱਸ.ਐੱਸ.ਪੀ. ਵਰਿੰਦਰ ਸਿੰਘ ਬਰਾੜ ਨੇ ਥੈਲੇਸੀਮੀਆ



ਬਿਮਾਰੀ ਨਾਲ ਲੜਾਈ ਲੜ ਰਹੇ ਬੱਚਿਆਂ ਨਾਲ ਖੁਸੀ ਦੇ ਪਲ ਸਾਂਝੇ ਕੀਤੇ, ਜਿਸ ਨਾਲ ਬੱਚਿਆਂ ਅਤੇ ਉਨ੍ਹਾਂ ਦੇ ਮਾਪੀਆਂ ਦੇ ਚਿਹਰੇ 'ਤੇ ਖੁਸੀ ਵੇਖਣ ਨੂੰ ਮਿਲੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਫਾਜਿ਼ਲਕਾ ਦੇ ਐੱਸ.ਐੱਸ.ਪੀ. ਬਰਾੜ ਨੇ ਦੱਸਿਆ ਕਿ ਉਨ੍ਹਾਂ ਨੂੰ ਜਿਵੇਂ ਹੀ ਪਤਾ ਲਗਿਆ ਕਿ ਫਾਜਿ਼ਲਕਾ 'ਚ ਥੈਲੇਸੀਮੀਆ ਨਾਲ ਪੀੜਤ ਬੱਚੇ ਹਨ ਤਾਂ ਉਨ੍ਹਾਂ ਆਪਣੇ ਦਫਤਰ ਵਿਖੇ ਬੱਚਿਆਂ ਅਤੇ ਮਾਪੀਆਂ ਨੂੰ ਬੁਲਾਈਆ ਅਤੇ ਤੇ ਉਨ੍ਹਾਂ ਨਾਲ ਸਮਾਂ ਬਿਤਾਇਆ। ਇਸ ਮੌਕੇ ਉਨ੍ਹਾਂ ਬੱਚਿਆਂ ਅਤੇ ਮਾਪੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੇ ਜੀਵਨ ਸਬੰਧੀ ਪੁੱਛਿਆ ਅਤੇ ਬੱਚਿਆਂ ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਵੀ ਕੀਤੀਆ। ਫਾਜਿ਼ਲਕਾ ਦੇ ਐੱਸ.ਐੱਸ.ਪੀ. ਬਰਾੜ ਨੇ ਕਿਹਾ ਕਿ ਥੈਲੇਸੀਮੀਆ ਨਾਲ ਲੜ ਰਹੇ ਬੱਚਿਆਂ ਲਈ ਕੋਈ ਵੀ ਵਿਸੇਸ ਖੇਡ ਪ੍ਰੋਗਰਾਮ ਨਹੀਂ ਹੁੰਦੇ ਤਾਂ ਅਸੀਂ ਪਹਿਲ ਕਦਮੀ ਕਰਦੇ ਹੋਏ ਇਨ੍ਹਾਂ ਬੱਚਿਆਂ ਲਈ ਖੇਡ ਪ੍ਰੋਗਰਾਮ ਪਰੇਡ ਸੁਰੂ ਕਰਾਂਗੇ ਤਾਂ ਦੂਜੇ ਪਾਸੇ ਬੱਚਿਆਂ ਦੇ ਚਿਹਰੇ ਖਿੜੇ ਹੋਏ ਵੇਖਣ ਨੂੰ ਮਿਲੇ। ਉਨ੍ਹਾਂ ਕਿਹਾ ਕਿ ਉਹ ਇਨ੍ਹਾਂ ਬੱਚਿਆਂ ਦੇ ਨਾਲ ਹਮੇਸਾ ਆਪਣਾ ਸਹਿਯੋਗ ਕਰਨਗੇ ਅਤੇ ਪ੍ਰਸਾਸਨ ਤਾਲਮੇਲ ਕਰ ਕੇ ਇਨ੍ਹਾਂ ਲਈ ਇਲਾਜ ਦੇ ਹੋਰ ਕੜੇ ਪ੍ਰਬੰਧ ਕਰਨਗੇ। ਇਸ ਮੌਕੇ ਬੱਚਿਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਅਸੀਂ ਆਪਣੇ ਘਰ ਉਦਾਸ ਬੈਠੇ ਸੀ ਤਾਂ ਜਿਵੇਂ ਹੀ ਸਾਨੂੰ ਫੋਨ ਆਈਆ ਕਿ ਤੁਹਾਨੂੰ ਫਾਜਿ਼ਲਕਾ ਦੇ ਐੱਸ.ਐੱਸ.ਪੀ. ਵਰਿੰਦਰ ਸਿੰਘ ਬਰਾੜ ਨੇ ਆਪਣੇ ਦਫਤਰ ਬੁਲਾਈਆ ਹੈ ਤਾਂ ਇੱਕਦਮ ਹੀ ਸਾਡੇ ਚਿਹਰੇ ਖਿੜ ਗਏ ਅਤੇ ਅਸੀਂ ਤਿਆਰ ਹੋ ਗਏ।

ਉਨ੍ਹਾਂ ਪੁਲਸ ਮੁਖੀ ਦਾ ਧਨੰਵਾਦ ਕਰਦੇ ਹੋਏ ਕਿਹਾ ਕਿ ਜਿਨ੍ਹਾਂ ਨੇ ਸਾਨੂੰ ਖੁਸੀ ਦੇ ਪੱਲ ਦਿੱਤੇ ਅਤੇ ਸਾਡੀ ਉਮਰ ਵਧਾਉਣ 'ਚ ਆਪਣਾ ਯੋਗਦਾਨ ਪਾਇਆ। ਅਜਿਹੇ ਅਫਸਰ ਪੰਜਾਬ ਭਰ 'ਚ ਹੋਣ ਤਾਂ ਸਾਨੂੰ ਡਾਕਟਰ ਵੀ ਦੀ ਲੋੜ ਨਹੀਂ ਹੈ। ਥੈਲੇਸੀਮੀਆ ਨਾਲ ਪੀੜਤ ਬੱਚਿਆਂ ਦੇ ਮਾਪੀਆਂ ਨੇ ਕਿਹਾ ਕਿ ਵਿਆਹ ਮੌਕੇ ਜਦੋਂ ਆਪਾਂ ਕੰਡਲੀ ਮਿਲਾਉਂਦੇ ਹਾਂ ਤਾਂ ਉਸ ਦੇ ਨਾਲ ਹੀ ਸਾਨੂੰ ਥੈਲੇਸੀਮੀਆ ਬਿਮਾਰੀ ਦਾ ਟੈਸਟ ਵੀ ਕਰਵਾਉਣਾ ਜਰੂਰੀ ਹੈ ਜੋ ਆਉਣ ਵਾਲੇ ਭਵਿੱਖ 'ਚ ਲਾਹੇਵੰਦ ਹੋਵੇਗਾ।

# ਕੀ ਖੁਦ ਨੂੰ ਪਾਕਿਸਤਾਨ ਸਰਕਾਰ ਦਾ 'ਪੀਆਰਓ ਸਮਝਦੇ ਹਨ ਫਾਰੂਕ ਅਬਦੁੱਲਾ : ਤਰੁਣ ਚੁੱਘ

ਸਰਦੂਲ ਸਿੰਘ

ਨਵੀਂ ਦਿੱਲੀ 24 ਸਤੰਬਰ। ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਸੋਮਵਾਰ ਨੂੰ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਸਵਾਲ ਕੀਤਾ ਕਿ ਕੀ ਉਹ ਖੁਦ ਨੂੰ ਪਾਕਿਸਤਾਨ ਸਰਕਾਰ ਦਾ 'ਪੀਆਰਓ' 'ਜਨ ਸੰਪਰਕ ਅਧਿਕਾਰੀ) ਮੰਨਦੇ ਹਨ, ਕਿਉਂਕਿ ਉਹ ਭਾਰਤ ਅਤੇ ਗੁਆਂਢੀ ਦੇਸ਼ ਵਿਚਾਲੇ ਗੱਲਬਾਤ ਦੀ ਅਪੀਲ ਕਰਦੇ ਰਹਿੰਦੇ ਹਨ। ਭਾਜਪਾ ਦੇ ਜਨਰਲ ਸਕੱਤਰ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਇੰਚਾਰਜ ਤਰੁਣ ਚੁਘ ਨੇ ਇਕ ਬਿਆਨ 'ਚ ਦੋਸ਼ ਲਗਾਇਆ ਕਿ ਨੈਸ਼ਨਲ ਕਾਨਫਰੰਸ ਦੇ ਨੇਤਾ ਨੇ ਜੰਮੂ ਕਸ਼ਮੀਰ ਦੀ ਤਰੱਕੀ ਅਤੇ ਵਿਕਾਸ ਤੋਂ ਜਿ਼ਆਦਾ ਪਾਕਿਸਤਾਨ ਦੇ ਮੁੱਦੇ ਦੀ ਵਕਾਲਤ ਕੀਤੀ। ਉਨ੍ਹਾਂ ਪੁੱਛਿਆ,"ਕੀ ਫਾਰੂਕ ਅਬਦੁੱਲਾ ਪਾਕਿਸਤਾਨ ਸਰਕਾਰ ਦੇ ਪੀਆਰਓ ਹਨ, ਜੋ ਜੰਮੂ ਕਸ਼ਮੀਰ ਦੇ ਵਿਕਾਸ ਬਾਰੇ ਗੱਲ ਕਰਨ ਤੋਂ ਜਿ਼ਆਦਾ ਪਾਕਿਸਤਾਨ ਦੇ ਮੁੱਦੇ ਦੀ ਵਕਾਲਤ ਕਰਦੇ ਰਹਿੰਦੇ ਹਨ?" ਅੱਤਵਾਦ ਦੇ ਨਾਲ-ਨਾਲ ਗੱਲਬਾਤ ਜਾਰੀ ਨਹੀਂ ਰੱਖੇ ਜਾਣ ਸੰਬੰਧੀ ਕੇਂਦਰ ਸਰਕਾਰ ਦੇ ਦ੍ਰਿਸ਼ਟੀਕੋਣ 'ਤੇ ਜ਼ੋਰ ਦਿੰਦੇ ਹੋਏ ਚੁੱਘ ਨੇ ਕਿਹਾ ਕਿ ਇਹ ਅਜੀਬ ਹੈ ਕਿ ਅਬਦੁੱਲਾ ਇਹ ਜਾਣਦੇ ਹੋਏ ਵੀ 'ਰਾਸ਼ਟਰ ਵਿਰੋਧੀ' ਭਾਵਨਾਵਾਂ ਜਾਹਰ ਕਰ ਰਹੇ ਹਨ ਕਿ ਪਾਕਿਸਤਾਨ ਪੂਰੀ ਦੁਨੀਆ ਲਈ ਅੱਤਵਾਦ ਦੀ ਫੈਕਟਰੀ ਹੈ। ਚੁੱਘ ਨੇ ਦਾਅਵਾ ਕੀਤਾ ਕਿ ਅਬਦੁੱਲਾ ਅਤੇ ਕਾਂਗਰਸ ਜੰਮੂ ਕਸ਼ਮੀਰ 'ਚ ਸ਼ਾਂਤੀ ਅਤੇ ਵਿਕਾਸ ਦੀ ਕੀਮਤ



'ਤੇ ਪਾਕਿਸਤਾਨ ਦੀ ਧੁੰਨ 'ਤੇ ਨੱਚ ਰਹੇ ਹਨ। ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਵਿਚਾਲੇ ਮੌਜੂਦਾ ਚੋਣਾਂ 'ਚ ਗਠਜੋੜ ਹੈ। ਚੁੱਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਅਧੀਨ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਪਿਛਲੇ ਕਈ ਸਾਲਾਂ 'ਚ ਨੈਸ਼ਨਲ ਕਾਨਫਰੰਸ ਅਤੇ ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀ.ਡੀ.ਪੀ.) ਵਲੋਂ ਕੀਤੇ ਗਏ ਨੁਕਸਾਨ ਦਾ ਅਹਿਸਾਸ ਹੋਇਆ ਹੈ। ਉਨ੍ਹਾਂ ਕਿਹਾ ਕਿ ਲੋਕ ਹੁਣ ਉਦਯੋਗਾਂ ਦਾ ਵਿਕਾਸ, ਸੈਰ-ਸਪਾਟੇ 'ਚ ਵਾਧਾ ਅਤੇ ਨੌਜਵਾਨਾਂ ਲਈ ਰੁਜਗਾਰ ਚਾਹੁੰਦੇ ਹਨ। ਚੁੱਘ ਨੇ ਕਿਹਾ,"ਉਨ੍ਹਾਂ ਨੂੰ ਗੋਲੀਆਂ ਅਤੇ ਪੱਥਰ ਨਹੀਂ ਚਾਹੀਦੇ।"

## 'ਵਿਦੇਸ਼ਾਂ 'ਚ ਹੁੰਦੇ ਭਾਈਚਾਰਕ ਪ੍ਰੋਗਰਾਮ ਨੌਜਵਾਨ ਪੀੜ੍ਹੀ ਦੇ ਮਾਰਗਦਰਸਕ'

ਸਿਡਨੀ 24 ਸਤੰਬਰ। ਵਿਦੇਸਾਂ ਵਿੱਚ ਹੁੰਦੇ ਭਾਈਚਾਰਕ ਪ੍ਰੋਗਰਾਮ ਨੌਜਵਾਨ ਪੀੜ੍ਹੀ ਨੂੰ ਵਿਰਸੇ ਨਾਲ ਜੋੜਨ ਵਿੱਚ ਇੱਕ ਪੁਲ ਦਾ ਕੰਮ ਕਰਦੇ ਹਨ। ਇਨ੍ਹਾਂ ਪ੍ਰੋਗਰਾਮਾਂ ਕਰਕੇ ਹੀ ਨਵੀਂ ਪੀੜ੍ਹੀ ਪੰਜਾਬ, ਪੰਜਾਬੀਅਤ ਦੇ ਨਾਲ ਜੁੜਦੀ ਹੈ। ਇਨ੍ਹਾਂ ਬੋਲਾਂ ਦਾ ਪ੍ਰਗਟਾਵਾ ਰਾਜਨ ਓਹਰੀ ਨੇ ਕੀਤਾ। ਪੱਤਰਕਾਰ ਨਾਲ ਗੱਲ-ਬਾਤ ਕਰਦਿਆਂ ਰਾਜਨ ਓਹਰੀ ਨੇ ਕਿਹਾ ਕਿ ਭਾਵੇਂ ਕਬੱਡੀ ਮੇਲੇ ਹੋਣ ਜਾਂ ਪੰਜਾਬੀਅਤ ਦੀ ਗੱਲ ਕਰਦੇ ਗਾਇਕਾਂ ਦੇ ਸੋਅ ਇਨ੍ਹਾਂ ਕਰਕੇ ਹੀ ਵਿਦੇਸਾਂ ਦੀ ਜੰਮਪਲ ਪੀੜ੍ਹਾ ਆਪਣੀ ਹੋਂਦ ਨਾਲ ਜੁੜਨ ਵਿੱਚ ਕਾਮਯਾਬ ਹੋ ਰਹੀ ਹੈ। ਇਹ ਮੇਲੇ ਵਿਦੇਸਾਂ ਦੀ ਧਰਤੀ 'ਤੇ ਵਿਰਸੇ ਨੂੰ ਸਾਂਭਣ ਲਈ ਜਰੂਰੀ ਹਨ। ਜਿਸ ਨਾਲ ਭਾਈਚਾਰਕ ਸਾਂਝ ਨੂੰ ਵੀ ਵਧਾਵਾ ਮਿਲਦਾ ਹੈ। ਇਸ ਮੌਕੇ ਰਾਜਨ ਓਹਰੀ, ਚਰਨਪ੍ਰਤਾਪ ਟਿੰਕੂ, ਜਸਪ੍ਰੀਤ ਸਿੰਘ ਬਰਾੜ, ਹਰਜੀਤ ਪੰਧੇਰ,ਕਮਲ ਬੈਂਸ, ਗੁਰਪਿੰਦਰ ਉੱਪਲ, ਬਰਾੜ ਓਰਨ ਪਾਰਕ, ਤਪਿੰਦਰ ਸਰਪੰਚ, ਅਨੂਪ ਧੀਰ ਮਨਜਿੰਦਰ ਚੌਹਾਨ, ਗੈਰੀ ਗਰੇਵਾਲ, ਅਵਤਾਰ ਸਿੰਘ ਬਿੱਲੂ, ਗੁਰਵੀਰ ਬਰਾੜ ਆਦਿ ਮੌਜੂਦ ਸਨ।

# ਨਾਜਾਇਜ ਸੰਬੰਧਾਂ ਨੂੰ ਲੈ ਕੇ ਹੋਏ ਕਤਲ ਕਾਂਡ ਵਿਚ ਸਨਸਨੀਖੇਜ ਖੁਲਾਸਾ

ਲੌਂਗੋਵਾਲ 24 ਸਤੰਬਰ। ਨਾਜਾਇਜ ਸਬੰਧਾਂ ਕਾਰਨ ਕੱਲ ਇੱਥੇ ਇਕ ਨੌਜਵਾਨ ਦੇ ਕਤਲ ਕੇਸ ਦੇ ਮਾਮਲੇ ਨੂੰ ਲੈ ਕੇ ਲੌਂਗੋਵਾਲ ਪੁਲਸ ਨੇ ਤਿੰਨ ਵਿਅਕਤੀਆਂ ਖਿ਼ਲਾਫ ਮਾਮਲਾ ਦਰਜ ਕਰਕੇ ਮੁਲਜਮਾਂ ਨੂੰ ਗ੍ਰਿਫਤਾਰ ਕੀਤਾ ਹੈ। ਥਾਣਾ ਲੌਂਗੋਵਾਲ ਵਿਖੇ ਮੁੱਦਈ ਗੁਰਚਰਨ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਅਕਲੀਆ ਥਾਣਾ ਜੋਗਾ ਜਿ਼ਲ੍ਹਾ ਮਾਨਸਾ ਵੱਲੋਂ ਦਿੱਤੇ ਬਿਆਨਾਂ ਅਨੁਸਾਰ ਉਸ ਦਾ ਲੜਕਾ ਬਲਵਿੰਦਰ ਸਿੰਘ ਜਿਸ ਦੀ ਉਮਰ ਲਗਭਗ 42 ਸਾਲ ਹੈ ਦੇ 2006-07 'ਚ ਪਿੰਡ ਦੀ ਕੁੜੀ ਰੁਪਿੰਦਰ ਕੌਰ ਪੁੱਤਰ ਕੌਰ ਸਿੰਘ ਨਾਲ ਨਾਜਾਇਜ ਸਬੰਧ ਬਣ ਗਏ ਸਨ, ਜਿਸ ਦਾ ਪਤਾ ਰੁਪਿੰਦਰ ਕੌਰ ਦੇ ਪਰਿਵਾਰ ਨੂੰ ਚੱਲ ਗਿਆ ਸੀ ਅਤੇ ਉਨ੍ਹਾਂ ਨੇ 2008 'ਚ ਰੁਪਿੰਦਰ ਕੌਰ ਦਾ ਵਿਆਹ ਮਲਕੀਤ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਰੰਧਾਵਾ ਪੱਤੀ ਲੌਂਗੋਵਾਲ ਨਾਲ ਕਰ ਦਿੱਤਾ। ਗੁਰਚਰਨ ਸਿੰਘ ਨੇ ਕਿਹਾ ਕਿ ਉਸ ਨੂੰ ਪਤਾ ਚੱਲਿਆ ਕਿ ਹੁਣ ਦੁਬਾਰਾ ਫਿਰ ਰੁਪਿੰਦਰ ਕੌਰ ਪਤਨੀ ਮਲਕੀਤ ਸਿੰਘ ਵਾਸੀ ਲੌਂਗੋਵਾਲ



ਅਤੇ ਉਸ ਦੇ ਲੜਕੇ ਬਲਵਿੰਦਰ ਸਿੰਘ ਨੇ ਆਪਸ 'ਚ ਫੋਨ ਕਰਕੇ ਮਿਲਣਾ ਸੁਰੂ ਕਰ ਦਿੱਤਾ ਹੈ। ਜਿਸ ਬਾਰੇ ਰੁਪਿੰਦਰ ਕੌਰ ਦੇ ਪਤੀ ਮਲਕੀਤ ਸਿੰਘ ਨੂੰ ਪਤਾ ਚੱਲ ਗਿਆ ਸੀ ਅਤੇ ਉਨ੍ਹਾਂ ਦੇ ਘਰ 'ਚ ਕਲੇਸ ਰਹਿਣ ਲੱਗ ਪਿਆ। ਫਿਰ ਰੁਪਿੰਦਰ ਕੌਰ ਨੇ ਉਕਤ ਮੁਲਜਮਾਂ ਨਾਲ ਮਿਲ ਕੇ ਬਲਵਿੰਦਰ ਸਿੰਘ ਨੂੰ ਘਰੇ ਬੁਲਾਇਆ ਤਾਂ ਅੱਗੇ ਪਹਿਲਾਂ ਤੋਂ ਹੀ ਤਿਆਰ ਬਰ ਤਿਆਰ ਰੁਪਿੰਦਰ ਕੌਰ , ਉਸਦੇ ਪਤੀ ਮਲਕੀਤ ਸਿੰਘ ਅਤੇ ਉਸਦੇ ਭਾਣਜੇ ਗਰਜੀਤ ਸਿੰਘ ਨੇ ਬਲਵਿੰਦਰ ਸਿੰਘ ਦੀ ਡੰਡੇ ਸੋਟੀਆਂ ਨਾਲ ਬੁਰੀ ਤਰ੍ਹਾਂ ਕੁੱਟਮਾਰ ਕੀਤੀ, ਜਿਸ ਕਾਰਨ ਉਸਦੀ ਮੌਤ ਹੋ ਗਈ। ਥਾਣਾ ਲੌਂਗੋਵਾਲ ਦੇ ਮੁਖੀ ਜਤਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਕਤ ਮੁਲਜਮ ਰੁਪਿੰਦਰ ਕੌਰ ਪਤਨੀ ਮਲਕੀਤ ਸਿੰਘ, ਮਲਕੀਤ ਸਿੰਘ ਪੁੱਤਰ ਕਰਨੈਲ ਸਿੰਘ ਅਤੇ ਗੁਰਜੀਤ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਰੰਧਾਵਾ ਪੱਤੀ ਲੌਂਗੋਵਾਲ ਖਿਲਾਫ ਮਾਮਲਾ ਦਰਜ ਕਰਨ ਉਪਰੰਤ ਮੁਲਜਮਾਂ ਨੂੰ ਗ੍ਰਿਫਤਾਰ ਕਰ ਕੇ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਹੈ।

## ਜਲੰਧਰ 'ਚ ਅਮੋਨੀਆ ਗੈਸ ਹੋਈ ਲੀਕ, ਇਕ ਦੀ ਮੌਤ

ਜਲੰਧਰ 24 ਸਤੰਬਰ। ਜਲੰਧਰ ਵਿਚ ਵੱਡਾ ਹਾਦਸਾ ਹੋਣ ਦੀ ਖਬਰ ਸਾਹਮਣੇ ਆਈ ਹੈ। ਮਿਲੀ ਜਾਣਕਾਰੀ ਮੁਤਾਬਕ ਜਲੰਧਰ ਵਿਖੇ ਦੋਮੋਰੀਆ ਪੁੱਲ ਨੇੜੇ ਪੈਂਦੇ ਬਰਫ ਦੇ ਕਾਰਖਾਨੇ ਵਿਚ ਗੈਸ ਲੀਕ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਗੈਸ ਲੀਕ ਹੋਣ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ ਹੈ। ਇਸ ਦੇ ਨਾਲ ਹੀ ਕਾਫੀ ਲੋਕ ਬੇਹੋਸ਼ ਵੀ ਹੋਏ ਹਨ, ਜਿਨ੍ਹਾਂ ਨੂੰ ਮੌਕੇ ਉਤੇ ਨੇੜਲੇ ਹਸਪਤਾਲ ਲਿਜਾਇਆ ਜਾ ਗਿਆ ਹੈ। ਗੈਸ ਲੀਕ ਹੋਣ ਮਗਰੋਂ ਕਾਰਖਾਨੇ ਵਿਚ ਮੌਜੂਦ ਕਰਮਚਾਰੀਆਂ ਨੂੰ ਸਾਹ ਲੈਣ 'ਚ ਦਿੱਕਤ ਆਉਣ ਲੱਗੀ ਅਤੇ ਅੱਖਾਂ 'ਚ ਜਲਣ ਹੋਣ ਲੱਗੀ ਸੀ। ਉਥੇ ਹੀ ਗੈਸ ਲੀਕ ਹੋਣ ਵਾਲਾ ਖੇਤਰ ਵੀ ਆਉਣ-ਜਾਣ ਲਈ ਮੌਕੇ ਉਤੇ ਬੰਦ ਕਰ ਦਿੱਤਾ ਗਿਆ ਹੈ। ਉਥੇ ਹੀ ਘਟਨਾ ਦੀ ਸੂਚਨਾ ਪਾ ਕੇ ਮੌਕੇ ਉਤੇ ਪੁਲਸ ਅਤੇ ਫਾਇਰ ਬ੍ਰਿਗੇਡ ਦੀ ਗੱਡੀ ਪਹੁੰਚ ਚੁੱਕੀ ਹੈ। ਅਧਿਕਾਰੀਆਂ ਵੱਲੋਂ ਘਟਨਾ ਸਥਾਨ ਦਾ ਜਾਇਜਾ ਲਿਆ ਜਾ ਰਿਹਾ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ-3 ਦੀ ਪੁਲਸ ਅਤੇ ਫਾਇਰ ਬ੍ਰਿਗੇਡ ਦੀ ਟੀਮ ਮੌਕੇ 'ਤੇ ਪਹੁੰਚ ਗਈ। ਫਿਲਹਾਲ ਪੁਲਸ ਨੇ ਇਲਾਕੇ ਨੂੰ ਸੀਲ ਕਰ ਦਿੱਤਾ ਹੈ। ਗੈਸ ਦਾ ਪ੍ਰਭਾਵ ਖਤਮ ਹੋਣ ਤੋਂ ਬਾਅਦ ਹੀ ਕਿਸੇ ਵੀ ਵਿਅਕਤੀ ਨੂੰ ਉਕਤ ਰੂਟ 'ਤੇ ਜਾਣ ਦੀ ਇਜਾਜਤ ਦਿੱਤੀ ਜਾਵੇਗੀ। ਐਂਬੂਲੈਂਸ ਮੌਕੇ 'ਤੇ ਪਹੁੰਚ ਗਈ ਹੈ। ਫਾਇਰ ਬ੍ਰਿਗੇਡ ਦੇ ਅਧਿਕਾਰੀ ਫੈਕਟਰੀ ਵਿੱਚ ਫਸੇ ਲੋਕਾਂ ਨੂੰ ਕੱਢਣ ਦੀ ਕੋਸਿ਼ਸ ਕਰ ਰਹੇ ਹਨ। ਜਾਣਕਾਰੀ ਅਨੁਸਾਰ ਇਹ ਸਾਰੀ ਘਟਨਾ ਜਲੰਧਰ ਰੇਲਵੇ ਸਟੇਸਨ ਰੋਡ 'ਤੇ ਸਥਿਤ ਪ੍ਰਾਈਵੇਟ ਸਿਨੇਮਾ ਨੇੜੇ ਵਾਪਰੀ।

# ਮਾਊਂਟ ਐਵਰੈਸਟ ਸਰ ਕਰਨ ਵਾਲੇ ਪਹਿਲੇ ਗੁਰਸਿੱਖ ਮਲਕੀਤ ਸਿੰਘ ਦਾ ਸਨਮਾਨ

ਕਿਸ਼ਨ ਪਾਲ

ਮੈਲਬੌਰਨ: 24 ਸਤੰਬਰ। 53 ਸਾਲ ਦੀ ਉਮਰ ਵਿੱਚ ਮਾਊਂਟ ਐਵਰੈਸਟ ਸਰ ਕਰਕੇ ਨਿਸਾਨ ਸਾਹਿਬ ਝੁਲਾਉਣ ਵਾਲੇ ਪਹਿਲੇ ਗੁਰਸਿੱਖ ਨਿਊਜੀਲੈਂਡ ਵਾਸੀ ਮਲਕੀਤ ਸਿੰਘ ਦਾ ਪੰਜਾਬੀ ਸੱਭਿਆਚਾਰਕ ਕੇਂਦਰ ਮੈਲਬੌਰਨ ਵੱਲੋਂ ਅਤੇ ਸ੍ਰੀ ਗੁਰੂ ਸਿੰਘ ਸਭਾ ਕਰੇਗੀਬਰਨ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਸੇਸ ਸਨਮਾਨ ਕੀਤਾ ਗਿਆ। ਫਤਹਿਗੜ੍ਹ ਸਾਹਿਬ ਜਿਲ੍ਹੇ ਦੇ ਪਿੰਡ ਬੌੜ ਵਿਚ ਪਿਤਾ ਬੇਅੰਤ ਸਿੰਘ ਅਤੇ ਮਾਤਾ ਗੁਰਮੇਲ ਕੌਰ ਦੀ ਕੁੱਖੋਂ ਜਨਮੇ ਮਲਕੀਤ ਸਿੰਘ ਵਿਦਿਆਰਥੀ ਜੀਵਨ ਤੋਂ ਹੀ ਨਵੇਂ ਮੀਲ ਪੱਥਰ ਗੱਡਦੇ ਰਹੇ ਹਨ ਤੇ ਇਹ ਸਿਲਸਿਲਾ ਅਜੇ ਵੀ ਜਾਰੀ ਹੈ। ਵਿਦਿਆਰਥੀ ਜੀਵਨ ਵਿਚ ਮਲਕੀਤ ਸਿੰਘ ਜਿੱਥੇ ਚੋਟੀ ਦੇ ਪੜ੍ਹਾਕੂ ਰਹੇ ਉੱਥੇ ਹੀ ਯੂਨੀਵਰਸਟੀ ਦੇ ਬੈਸਟ ਐਥਲੀਟ ਵੀ ਰਹੇ । ਬੜੇ ਹੀ ਨਿੱਘੇ ਸੁਭਾਅ ਵਾਲੇ ਮਲਕੀਤ ਸਿੰਘ ਪਹਾੜ ਵਰਗੇ ਦ੍ਰਿੜ ਇਰਾਦਿਆਂ ਦੇ ਮਾਲਕ ਹਨ । ਪੰਜਾਬ ਖੇਤੀਬਾੜੀ ਯੂਨੀਵਰਸਟੀ ਤੋਂ ਖੇਤੀਬਾੜੀ ਦੀ ਡਿਗਰੀ ਤੋਂ ਬਾਅਦ ਐਮ.ਬੀ.ਏ. ਕੀਤੀ ਤੇ ਕੁਝ ਸਮੇਂ ਲਈ ਕਾਰਪੋਰੇਟ ਅਦਾਰੇ ਵਿੱਚ ਕੰਮ





ਕਰਨ ਤੋਂ ਬਾਅਦ ਨਿਊਜੀਲੈਂਡ ਆ ਗਏ ਤੇ ਏਥੇ ਕੰਪਿਊਟਰ ਦੀ ਡਿਗਰੀ ਟੌਪਰਾਂ ਵਿਚ ਰਹਿਕੇ ਕੀਤੀ । ਸਿੱਖੀ ਨਾਲ ਧੁਰ ਅੰਦਰੋਂ ਜੁੜੇ ਮਲਕੀਤ ਸਿੰਘ ਨੇ ਏਥੇ ਦੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਾਂ ਵਿਚ ਉਸਾਰੂ ਯੋਗਦਾਨ ਪਾਏ ਹਨ। ਅੱਜ ਸਿੰਘ ਇੱਕ ਸਫਲ ਕਾਰੋਬਾਰੀ ਵਜੋਂ ਸਥਾਪਤ ਹਨ । ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਪੈਂਦੇ ਭਾਈ ਗੁਰਦਾਸ ਜੀ ਗੁਰਮਤਿ ਅਤੇ ਪੰਜਾਬੀ ਸਕੂਲ ਦੇ ਬੱਚਿਆਂ ਨੂੰ ਸਲਾਈਡ ਸੋਅ ਤੇ ਆਪਣੇ ਇਸ ਅਤਿ ਮੁਸਕਲਾਂ ਤੇ ਜੋਖਮ ਭਰੇ ਸਫਰ ਬਾਰੇ ਮਲਕੀਤ ਸਿੰਘ ਨੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ । ਉਤਸੁਕ ਹੋਏ ਕਿ ਛੋਟੇ-ਛੋਟੇ ਬੱਚਿਆਂ ਨੇ ਸੈਂਕੜੇ ਸਵਾਲ ਇਸ ਬਾਬਤ ਪੁੱਛੇ । ਇਸ ਮੌਕੇ ਪੰਜਾਬੀ ਸੱਭਿਆਚਾਰਕ ਕੇਂਦਰ ਮੈਲਬੌਰਨ ਦੇ ਪ੍ਰਧਾਨ ਹਰਮਨਦੀਪ ਸਿੰਘ ਬੋਪਾਰਾਏ , ਸਰਪ੍ਰਸਤ ਫੁਲਵਿੰਦਰਜੀਤ ਸਿੰਘ ਗਰੇਵਾਲ , ਸੰਦੀਪ ਸਿੰਘ ਕਾਹਲੋਂ ,ਅਮਰਦੀਪ ਕੌਰ , ਖੁਸਪ੍ਰੀਤ ਸਿੰਘ ਸੁਨਾਮ ਤੋਂ ਇਲਾਵਾ ਹੋਰ ਵੀ ਕਈ ਪਤਵੰਤੇ ਸੱਜਣ ਹਾਜਰ ਸਨ ।

# ਲੋਕਪਾਲ ਵੱਲੋਂ ਕਪੂਰਥਲਾ 'ਚ ਤਾਇਨਾਤ ਮੁਲਾਜਮ 'ਤੇ ਸਖਤ ਕਾਰਵਾਈ

ਚੰਡੀਗੜ੍ਹ 8 ਮਈ। ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਦੇ ਲੋਕਪਾਲ ਜਸਵਿੰਦਰ ਸਿੰਘ ਵੱਲੋਂ ਜਿ਼ਲ੍ਹਾ ਕਪੂਰਥਲਾ ਵਿਚ ਤਾਇਨਾਤ ਇਕ ਮੁਲਾਜਮ 'ਤੇ ਸਖਤ ਐਕਸ਼ਨ ਲਿਆ ਗਿਆ ਹੈ। ਲੋਕਪਾਲ ਵੱਲੋਂ ਕਪੂਰਥਲਾ ਜਿ਼ਲ੍ਹੇ ਵਿਚ ਬਲਾਕ ਨਡਾਲਾ ਅਧੀਨ ਆਉਂਦੇ ਪਿੰਡ ਰਾਏਪੁਰ ਅਰਾਈਆਂ ਦੇ ਮਗਨਰੇਗਾ ਵਰਕਰਾਂ ਦੀ ਸਿ਼ਕਾਇਤ ਦਾ ਫੈਸਲਾ ਕੀਤਾ





ਗਿਆ ਹੈ। ਦਰਅਸਲ, ਪਿੰਡ ਰਾਏਪੁਰ ਅਰਾਈਆਂ ਬਲਾਕ ਨਡਾਲਾ ਦੇ ਸਿ਼ਕਾਇਤਕਰਤਾ ਨੇ ਸਿ਼ਕਾਇਤ ਕੀਤੀ ਸੀ ਕਿ ਉਨ੍ਹਾਂ ਕੋਲੋਂ ਨੰਵਬਰ ਮਹੀਨੇ ਸਾਲ 2023 ਵਿਚ 10 ਦਿਨ ਮਗਨਰੇਗਾ ਵਿਚ ਕੁੱਲ 473 ਦਿਹਾੜੀਆਂ ਦਾ ਕੰਮ ਕਰਵਾ ਕੇ ਉਨ੍ਹਾਂ ਦੀਆਂ ਹਾਜਰੀ ਨੂੰ ਜੀਰੋ ਕਰ ਦਿੱਤਾ ਗਿਆ। ਜਿਸ ਨਾਲ ਉਨ੍ਹਾਂ ਦਾ ਵਿੱਤੀ ਨੁਕਸਾਨ ਕੀਤਾ ਗਿਆ। ਸਾਰੇ ਸਬੂਤਾਂ ਅਤੇ ਜਾਂਚ ਤੋਂ ਬਾਅਦ ਟਿੰਕੂ ਸਨੋਤਰਾ ਕੰਪਿਊਟਰ ਸਹਾਇਕ ਬਲਾਕ ਨਡਾਲਾ ਜਿ਼ਲ੍ਹਾ ਕਪੂਰਥਲਾ ਨੂੰ ਕਸੂਰਵਾਰ ਪਾਇਆ ਗਿਆ। ਉਸ ਨੇ ਇਨ੍ਹਾਂ ਵਰਕਰਾਂ ਦੀ ਹਾਜਰੀ ਜੀਰੋ ਕਰਕੇ ਮਗਨਰੇਗਾ ਵਰਕਰਾਂ ਦਾ ਕੁੱਲ 1,43,319/- ਰੁਪਏ ਦੀ ਰਕਮ ਦਾ ਵਿੱਤੀ ਨੁਕਸਾਨ ਕੀਤਾ। ਫੈਸਲੇ ਵਿਚ ਮਾਣਯੋਗ ਲੋਕਪਾਲ ਵੱਲੋਂ ਕੰਪਿਊਟਰ ਸਹਾਇਕ ਟਿੰਕੂ ਸਨੋਤਰਾ ਨੂੰ ਇਹ ਹੁਕਮ ਜਾਰੀ ਕੀਤਾ ਗਿਆ ਕਿ ਉਹ ਸਾਰੇ ਸਿ਼ਕਾਇਤਕਰਤਾਵਾਂ ਨੂੰ ਨਿੱਜੀ ਪੱਧਰ 'ਤੇ ਇਹ ਦਿਹਾੜੀਆਂ ਦੀ ਰਕਮ ਦਾ ਭੁਗਤਾਨ 30 ਦਿਨਾਂ ਵਿਚ ਕਰੇ, ਕਿਉਂਕਿ ਉਸ ਵੱਲੋਂ ਆਪਣੇ ਅਹੁਦੇ 'ਤੇ ਡਿਊਟੀ ਨਿਭਾਉਣ ਸਮੇਂ ਬਲਾਕ ਨਡਾਲਾ ਵਿਚ ਮਗਨਰੇਗਾ ਵਰਕਰਾਂ ਦਾ ਵੱਡੇ ਪੱਧਰ 'ਤੇ ਜਾਣਬੁੱਝ ਕੇ ਵਿੱਤੀ ਨੁਕਸਾਨ ਕੀਤਾ।

# ਦੇਸ਼ ਦੀ ਸੁਰੱਖਿਆ 'ਚ ਤਾਇਨਾਤ ਸਿੱਖ ਫ਼ੌਜੀ ਅਫਸਰ ਦੀ ਕੁੜੀ 'ਤੇ ਹਮਲਾ

ਅੰਮ੍ਰਿਤਸਰ 24 ਸਤੰਬਰ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਓਡਿਸ਼ਾ 'ਚ ਭੁਵਨੇਸ਼ਵਰ ਦੇ ਇਕ ਪੁਲਸ ਥਾਣੇ 'ਚ ਸਿੱਖ ਫ਼ੌਜੀ ਅਫਸਰ ਦੀ ਕੁੜੀ 'ਤੇ ਕੀਤੇ ਗਏ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਸਰਕਾਰ ਕੋਲੋਂ ਦੋਸ਼ੀ ਪੁਲਸ ਮੁਲਾਜ਼ਮਾਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਦੇਸ਼ ਅੰਦਰ ਔਰਤਾਂ ਨਾਲ ਕਈ ਦੁਖਦਾਈ ਘਟਨਾਵਾਂ ਵਾਪਰ ਚੁੱਕੀਆਂ ਹਨ ਪਰ ਸਰਕਾਰਾਂ ਇਸ ਵੱਲ ਗੰਭੀਰਤਾ ਨਾਲ ਧਿਆਨ ਨਹੀਂ ਦੇ ਰਹੀਆਂ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇਕ ਵੀਡੀਓ ਰਾਹੀਂ ਸਾਹਮਣੇ ਆਈ ਜਾਣਕਾਰੀ ਅਨੁਸਾਰ ਦੇਸ਼ ਦੀ ਰੱਖਿਆ ਕਰਨ ਵਾਲੇ ਫ਼ੌਜੀ ਅਫ਼ਸਰ ਦੀ ਵਕੀਲ ਬੇਟੀ ਦਾ ਪਿੱਛਾ ਕਰ ਰਹੇ ਗਲਤ ਅਨਸਰਾਂ ਤੋਂ ਬਚਣ ਲਈ ਪੁਲਸ ਥਾਣੇ ਵਿਚ ਜਾਂਦੀ ਹੈ ਪਰ ਪੁਲਸ ਦੇ ਮੁਲਾਜ਼ਮ ਹੀ ਉਸ ਨਾਲ ਬਦਸਲੂਕੀ ਕਰਦੇ ਹਨ, ਜੋ ਬਹੁਤ ਗੰਭੀਰ ਮਾਮਲਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਦਾ ਕੰਮ ਲੋਕਾਂ ਦੇ ਜਾਨ-ਮਾਲ ਦੀ ਰੱਖਿਆ ਕਰਨਾ ਹੁੰਦੀ ਹੈ ਪਰ ਜਦੋਂ ਪੁਲਸ ਅਫ਼ਸਰ ਆਪਣੀ ਡਿਊਟੀ ਨਿਭਾਉਣ ਦੀ ਬਜਾਏ ਫ਼ਰਿਆਦ ਲੈ ਕੇ ਆਏ ਲੋਕਾਂ ਨੂੰ ਹੀ ਜਲੀਲ ਕਰਨ ਤਾਂ ਇਨਸਾਫ਼ ਕਿਥੋਂ ਮਿਲੇਗਾ। ਉਨ੍ਹਾਂ ਕਿਹਾ ਕਿ ਫ਼ੌਜੀ ਦੇਸ਼ ਦੀ ਰੱਖਿਆ ਲਈ ਬਾਰਡਰਾਂ 'ਤੇ ਡਿਊਟੀ ਨਿਭਾਅ ਰਹੇ ਹਨ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਅਜਿਹੀ ਘਟਨਾ ਵਾਪਰਨੀ ਸਰਕਾਰ ਲਈ ਹੋਰ ਵੀ ਨਮੋਸ਼ੀ ਵਾਲੀ ਗੱਲ ਹੈ।

# ਲੋਕਾਂ ਨੇ ਲੁੱਟ-ਖੋਹ ਕਰਨ ਵਾਲਿਆਂ ਨੂੰ ਕਾਬੂ ਕਰ ਕੀਤੀ ਛਿੱਤਰ ਪਰੇਡ

ਅੱਚਲ ਸਾਹਿਬ 24 ਸਤੰਬਰ। ਥਾਣਾ ਰੰਗੜ ਨੰਗਲ ਦੇ ਅਧੀਨ ਪੈਂਦੇ ਪਿੰਡ ਨੱਤ ਕੋਲ ਦਿਨ ਦਿਹਾੜੇ ਪਿਸਤੌਲ ਦੀ ਨੋਕ 'ਤੇ ਲੁੱਟਖੋਹ ਕਰਨ ਵਾਲਿਆਂ ਨੂੰ ਲੋਕਾਂ ਨੇ ਮੌਕੇ 'ਤੇ ਕਾਬੂ ਕਰ ਕੇ ਪਹਿਲਾਂ ਛਿੱਤਰ ਪਰੇਡ ਕੀਤੀ, ਫਿਰ ਪੁਲਸ ਦੇ ਹਵਾਲੇ ਕੀਤਾ। ਜਾਣਕਾਰੀ ਅਨੁਸਾਰ ਕੁਲਦੀਪ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਬਟਾਲਾ ਨੇ ਦੱਸਿਆ ਕਿ ਮੈਂ ਭਣੇਵੀ ਹਰਪ੍ਰੀਤ ਕੌਰ ਪੁੱਤਰੀ ਰਣਜੀਤ ਸਿੰਘ ਵਾਸੀ ਪੂਰੀਆਂ ਖੁਰਦ ਨੂੰ ਛੱਡਣ ਲਈ ਬਟਾਲਾ ਤੋਂ ਪਿੰਡ ਨੂੰ ਜਾ ਰਿਹਾ ਸੀ ਜਦੋਂ ਸੂਏ ਦੇ ਨਾਲ ਪੂਰੀਆਂ ਖੁਰਦ ਨੂੰ ਮੁੜੇ ਤਾਂ ਮੋਟਰਸਾਈਕਲ 2 ਨੌਜਵਾਨਾਂ ਨੇ ਸਾਡੀ ਸਕੂਟਰੀ ਨੂੰ ਟੱਕਰ ਮਾਰ ਕੇ ਰੋਕ ਲਿਆ ਅਤੇ ਹਰਪ੍ਰੀਤ ਕੌਰ ਦੀ ਬਾਂਹ 'ਤੇ ਕੋਈ ਤਿੱਖੀ ਚੀਜ ਨਾ ਵਾਰ ਕੀਤਾ। ਉਸ ਤੋਂ ਬਾਅਦ ਪਿਸਤੌਲ ਦਿਖਾਉਂਦੇ ਹੋਏ ਕਿਹਾ ਕਿ ਕੰਨਾਂ ਦੀਆਂ ਵਾਲੀਆਂ ਅਤੇ ਪੈਸਿਆਂ ਦੀ ਮੰਗ ਕੀਤੀ। ਸਾਡੇ ਵੱਲੋਂ ਰੌਲਾ ਪਾਉਣ 'ਤੇ ਮੌਕੇ 'ਤੇ ਇਕੱਠੇ ਹੋਏ ਲੋਕਾਂ ਨੇ ਦੋਵਾਂ ਨੌਜਵਾਨਾਂ ਨੂੰ ਫੜ ਕੇ ਛਿੱਤਰ ਪਰੇਡ ਕੀਤੀ ਅਤੇ ਪੁਲਸ ਨੂੰ ਸੂਚਿਤ ਕੀਤਾ। ਇਸ ਦੌਰਾਨ ਘਟਨਾ ਸਥਾਨ 'ਤੇ ਥਾਣਾ ਰੰਗੜ ਨੰਗਲ ਦੇ ਐੱਸ. ਐੱਚ. ਓ. ਮਨਜੀਤ ਸਿੰਘ ਪੁਲਸ ਪਾਰਟੀ ਸਮੇਤ ਪਹੁੰਚੇ। ਉਨ੍ਹਾਂ ਨੇ ਦੱਸਿਆ ਫੜੇ ਗਏ ਨੌਜਵਾਨਾਂ ਦੀ ਪਛਾਣ ਸਾਹਿਬਜਗਰੂਪ ਸਿੰਘ ਅਤੇ ਆਕਾਸਦੀਪ ਸਿੰਘ ਵਾਸੀ ਮਹਿਤਾ ਵਜੋਂ ਹੋਈ ਹੈ

# ਸਬਜੀਆਂ ਦੀ ਮਹਿੰਗਾਈ ਨੂੰ ਨੱਥ ਪਾਉਣ ਲਈ ਸਰਕਾਰ ਨੇ ਬਣਾਈ ਵੱਡੀ ਯੋਜਨਾ

ਏਜੰਸੀਆਂ

ਨਵੀਂ ਦਿੱਲੀ 24 ਸਤੰਬਰ। ਕੇਂਦਰ ਸਰਕਾਰ ਨੇ ਆਮ ਲੋਕਾਂ ਨੂੰ ਆਲੂ, ਪਿਆਜ, ਟਮਾਟਰ ਅਤੇ ਹੋਰ ਹਰੀਆਂ ਸਬਜੀਆਂ ਦੀਆਂ ਵਧਦੀਆਂ ਕੀਮਤਾਂ ਤੋਂ ਰਾਹਤ ਦੇਣ ਲਈ ਵੱਡੀ ਪਹਿਲ ਕੀਤੀ ਹੈ। ਸਰਕਾਰ ਨੇ ਕਲੱਸਟਰ ਸਪਲਾਈ ਚੇਨ ਸਕੀਮ ਸੁਰੂ ਕੀਤੀ ਹੈ। ਇਸ ਸਕੀਮ ਦੇ ਤਹਿਤ ਜਿ਼ਆਦਾ ਆਬਾਦੀ ਵਾਲੇ ਖੇਤਰਾਂ ਦੇ ਨੇੜੇ ਹੀ 10 ਤੋਂ 12 ਸਬਜੀਆਂ ਦੀ ਕਾਸਤ ਕੀਤੀ ਜਾਵੇਗੀ। ਤਾਂ ਜੋ ਖਪਤਕਾਰਾਂ ਤੱਕ ਸਬਜੀਆਂ ਦੀ ਸਪਲਾਈ ਅਸਾਨੀ ਨਾਲ ਪਹੁੰਚਾਈ ਜਾ ਸਕੇ। ਇਸ ਦੇ ਨਾਲ ਇਕ ਹੋਰ ਲਾਭ ਇਹ ਹੋਵੇਗਾ ਕਿ ਕਿਸਾਨ ਅਤੇ ਖਪਤਕਾਰ ਦਰਮਿਆਨ ਵਿਚੋਲਿਆਂ ਦਾ ਸਿਲਸਿਲਾ ਖਤਮ ਹੋ ਜਾਵੇਗਾ। ਇਸ ਨਾਲ ਕੀਮਤਾਂ ਦੇ ਜਿ਼ਆਦਾ ਵਧਣ ਦਾ ਰੁਝਾਨ ਘੱਟ ਹੋਵੇਗਾ ਅਤੇ ਮਹਿੰਗਾਈ ਤੋਂ ਰਾਹਤ ਮਿਲੇਗੀ। ਇਸ ਯੋਜਨਾ ਦਾ ਉਦੇਸ ਲੰਬੀ ਦੂਰੀ ਦੀ ਸਪਲਾਈ ਚੇਨ ਨੂੰ ਘੱਟ ਕਰਕੇ ਗਾਹਕਾਂ ਨੂੰ ਸਿੱਧੀਆਂ ਤਾਜੀਆਂ ਸਬਜੀਆਂ ਮੁਹੱਈਆ ਕਰਵਾਈਆ ਜਾ ਸਕਣ। ਬਾਗਬਾਨੀ ਕਲੱਸਟਰ ਅਤੇ ਮੈਟਰੋਪੋਲੀਟਨ ਸਹਿਰਾਂ ਦੇ ਨੇੜੇ ਵੱਡੇ ਕਲੱਸਟਰ ਬਣਾ ਕੇ ਖੇਤੀ ਅਤੇ ਉਨ੍ਹਾਂ ਦੀ ਵੰਡ ਲਈ ਸਪਲਾਈ ਚੇਨ ਬਣਾਉਣ 'ਤੇ ਕੰਮ ਸੁਰੂ ਕੀਤਾ ਗਿਆ ਹੈ। ਇਸ ਬਾਰੇ ਮੀਟਿੰਗ ਹੋਈ ਹੈ। ਇਸ ਦੀ ਵਿਵਸਥਾ ਇਸ ਵਾਰ ਦੇ ਕੇਂਦਰੀ ਬਜਟ ਵਿੱਚ ਕੀਤੀ





ਗਈ ਸੀ। 2024-25 ਤੋਂ ਸੁਰੂ ਹੋਣ ਵਾਲੀ ਇਹ ਸਕੀਮ 2028 ਤੱਕ ਪੂਰੀ ਤਰ੍ਹਾਂ ਲਾਗੂ ਹੋ ਜਾਵੇਗੀ। ਯੋਜਨਾ ਦੇ ਪਹਿਲੇ ਪੜਾਅ ਦੇ ਤਹਿਤ, ਇਹ ਦਿੱਲੀ, ਨੋਇਡਾ, ਗੁਰੂਗ੍ਰਾਮ, ਪੁਣੇ, ਮੁੰਬਈ, ਹੈਦਰਾਬਾਦ, ਕੋਲਕਾਤਾ ਅਤੇ ਬੰਗਲੌਰ ਵਿੱਚ ਸੁਰੂ ਕੀਤੀ ਜਾਵੇਗੀ। ਇਸ ਦੇ ਲਈ ਢਾਈ ਤੋਂ ਤਿੰਨ ਹਜਾਰ ਕਿਸਾਨਾਂ ਨੂੰ ਜੋੜ ਕੇ ਕਲੱਸਟਰ ਬਣਾਉਣ ਦੀ ਯੋਜਨਾ ਹੈ। ਇਹ 50 ਕਿਲੋਮੀਟਰ ਦੇ ਘੇਰੇ ਵਿੱਚ ਫੈਲੇਗਾ। ਇਸ ਵਿੱਚ ਕਾਸਤ ਦੇ ਨਾਲ-ਨਾਲ ਸਟੋਰੇਜ ਵੀ ਸਾਮਲ ਹੈ, ਤਾਂ ਜੋ ਵਾਜਬ ਕੀਮਤਾਂ 'ਤੇ ਖਪਤਕਾਰਾਂ ਲਈ ਉਨ੍ਹਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਜਾ ਸਕੇ। ਸਰਕਾਰ ਪੰਜ ਸਾਲਾਂ ਵਿੱਚ ਵੱਡੇ ਪੈਮਾਨੇ 'ਤੇ ਮਹੱਤਵਪੂਰਨ ਨਿਵੇਸ ਦੇ ਨਾਲ ਪੂਰੇ ਦੇਸ ਵਿੱਚ ਪੜਾਅਵਾਰ ਢੰਗ ਨਾਲ ਇਸ ਯੋਜਨਾ ਨੂੰ ਪੂਰਾ ਕਰੇਗੀ। ਪਬਲਿਕ ਪ੍ਰਾਈਵੇਟ ਕਮਿਊਨਿਟੀ ਪਾਰਟਨਰਸਿ਼ਪ (ਪੀਪੀਸੀਪੀ) ਵਿਧੀ ਦੇ ਤਹਿਤ ਇਨ੍ਹਾਂ ਕਲੱਸਟਰਾਂ ਨੂੰ ਵਿਕਸਤ ਕਰਨ ਲਈ ਨਿਵੇਸ ਕੀਤਾ ਜਾਵੇਗਾ ਸਕੀਮ ਤਹਿਤ ਵਿੱਤੀ ਸਬਸਿਡੀ ਵੀ ਦਿੱਤੀ ਜਾਵੇਗੀ। ਪੂੰਜੀ ਸਬਸਿਡੀ ਕਿਸਾਨਾਂ ਅਤੇ ਗੈਰ-ਕਿਸਾਨਾਂ ਦੋਵਾਂ ਲਈ ਹੈ ਜੋ ਇਸ ਕੰਮ ਵਿੱਚ ਲੱਗੇ ਹੋਏ ਹਨ। ਕਿਸਾਨਾਂ ਲਈ ਇਹ ਸਬਸਿਡੀ ਪੋਲੀਹਾਊਸ, ਨੈੱਟ ਹਾਊਸ, ਹਾਈਡ੍ਰੋਨਿਕਸ ਬੁਨਿਆਦੀ ਢਾਂਚੇ ਦੇ ਨਿਰਮਾਣ ਲਈ ਹੋਵੇਗੀ।

# ਸਰਕਾਰੀ ਸਕੂਲਾਂ 'ਚ ਬੈਨ ਹੋਏ ਅਧਿਆਪਕਾਂ ਦੇ ਮੋਬਾਈਲ ਫੋਨ

ਏਜੰਸੀਆਂ

ਨਵੀਂ ਦਿੱਲੀ 24 ਸਤੰਬਰ। ਸਕੂਲ ਅਧਿਆਪਕ ਡਿਊਟੀ ਸਮੇਂ ਦੌਰਾਨ ਮੋਬਾਈਲ ਫੋਨ ਦੀ ਵਰਤੋਂ ਬਿਲਕੁਲ ਨਹੀਂ ਕਰ ਸਕਣਗੇ। ਇੰਨਾ ਹੀ ਨਹੀਂ, ਜੇਕਰ ਕੋਈ ਅਧਿਆਪਕ ਸਕੂਲ ਸਮੇਂ ਦੌਰਾਨ ਬਿਨਾਂ ਦੱਸੇ ਸਕੂਲ ਦੀ ਇਮਾਰਤ ਤੋਂ ਭੇਰੂਜੀ-ਬਾਲਾਜੀ ਦੀ ਪੂਜਾ ਕਰਨ ਜਾਂ ਨਮਾਜ ਅਦਾ ਕਰਨ ਦੇ ਨਾਂ 'ਤੇ ਚਲਾ ਜਾਂਦਾ ਹੈ, ਤਾਂ ਉਸ ਵਿਰੁੱਧ ਮੁਅੱਤਲ ਅਤੇ ਬਰਖਾਸਤ ਤੱਕ ਦੀ ਕਾਰਵਾਈ ਹੋ ਸਕਦੀ ਹੈ... ਇਹ ਗੱਲ ਰਾਜਸਥਾਨ ਦੇ ਸਿੱਖਿਆ ਮੰਤਰੀ ਮਦਨ ਦਿਲਾਵਰ ਨੇ ਕਹੀ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿਲਾਵਰ ਨੇ ਕਿਹਾ ਕਿ ਹੁਣ ਸਿੱਖਿਆ ਵਿੱਚ ਗੁਣਵੱਤਾ ਨੂੰ ਲੈ ਕੇ ਅਧਿਆਪਕਾਂ ਖਿ਼ਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਸਿੱਖਿਆ ਮੰਤਰੀ ਮਦਨ ਦਿਲਾਵਰ ਨੇ ਅਧਿਆਪਕਾਂ ਵੱਲੋਂ ਡਿਊਟੀ ਸਮੇਂ ਦੌਰਾਨ ਮੋਬਾਈਲ ਫੋਨ ਦੀ ਵਰਤੋਂ ਕਰਨ ਅਤੇ ਸਕੂਲ ਛੱਡ ਕੇ ਬਾਹਰ ਜਾਣ ਦੀਆਂ ਸਿ਼ਕਾਇਤਾਂ 'ਤੇ ਸਖਤ ਰੁਖ ਅਖਤਿਆਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸਕੂਲ ਪਹਿਲਾਂ ਤੋਂ ਬਣੇ ਸਾਰੇ ਹੁਕਮਾਂ, ਹਦਾਇਤਾਂ ਅਤੇ ਨਿਯਮਾਂ ਦੀ ਪਾਲਣਾ ਕਰਨ ਦੀ ਕੋਸਿ਼ਸ ਕਰ ਰਹੇ ਹਨ। ਸਕੂਲ ਵਿੱਚ ਮਾਹੌਲ ਨੂੰ ਸੁਧਾਰਨ ਲਈ ਹਰ ਕੋਈ ਯਤਨਸੀਲ ਹੈ ਤਾਂ ਜੋ ਕੋਈ ਵੀ ਅਧਿਆਪਕ ਸਕੂਲ ਸਮੇਂ ਦੌਰਾਨ ਭੀਰੂ-ਬਾਲਾਜੀ ਦੀ ਪੂਜਾ ਜਾਂ ਨਮਾਜ ਅਦਾ ਕਰਨ ਦੇ ਨਾਂ 'ਤੇ ਸਕੂਲ ਨਾ ਛੱਡੇ। ਜੇਕਰ ਜਾਣਾ ਹੈ ਤਾਂ ਉਹ ਛੁੱਟੀ ਲੈ ਕੇ ਲਿਖਤੀ ਰੂਪ ਵਿੱਚ ਦੇਵੇ। ਰਜਿਸਟਰ ਵਿੱਚ ਦਰਜ ਕੀਤਾ ਜਾਵੇਗਾ ਕਿ ਅਧਿਆਪਕ ਛੁੱਟੀ 'ਤੇ ਗਿਆ ਹੈ, ਨਹੀਂ ਤਾਂ ਜੇਕਰ ਕੋਈ ਅਧਿਆਪਕ ਬਿਨਾਂ ਨੋਟਿਸ ਦੇ ਚਲਾ ਗਿਆ ਤਾਂ ਉਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਸਿੱਖਿਆ ਮੰਤਰੀ ਨੇ ਚਿਤਾਵਨੀ ਦਿੱਤੀ ਕਿ ਅਜਿਹੇ ਅਧਿਆਪਕਾਂ ਖਿ਼ਲਾਫ ਮੁਅੱਤਲੀ ਤੋਂ ਲੈ ਕੇ ਬਰਖਾਸਤਗੀ ਤੱਕ ਦੀ ਕਾਰਵਾਈ ਕੀਤੀ ਜਾ ਸਕਦੀ ਹੈ। ਦਿਲਾਵਰ ਨੇ ਮੋਬਾਈਲ ਨੂੰ ਇੱਕ ਬਿਮਾਰੀ ਦੱਸਦਿਆਂ ਕਿਹਾ ਕਿ ਸਕੂਲ ਵਿੱਚ ਕੁਝ ਅਧਿਆਪਕ ਮੋਬਾਈਲ 'ਤੇ ਸੇਅਰ ਬਾਜਾਰ ਜਾਂ ਸੋਸਲ ਮੀਡੀਆ ਦੇਖਦੇ ਰਹਿੰਦੇ



ਹਨ ਅਤੇ ਇਸ ਵਿੱਚ ਉਲਝੇ ਰਹਿੰਦੇ ਹਨ। ਅਜਿਹੇ 'ਚ ਹਦਾਇਤ ਕੀਤੀ ਗਈ ਹੈ ਕਿ ਹੁਣ ਕੋਈ ਵੀ ਅਧਿਆਪਕ ਸਕੂਲ ਦੇ ਅੰਦਰ ਮੋਬਾਈਲ ਫੋਨ ਨਹੀਂ ਲੈ ਕੇ ਜਾਵੇਗਾ। ਜੇਕਰ ਗਲਤੀ ਨਾਲ ਵੀ ਕਿਸੇ ਅਧਿਆਪਕ ਦਾ ਮੋਬਾਈਲ ਫੋਨ ਆਉਂਦਾ ਹੈ ਤਾਂ ਉਹ ਪ੍ਰਿੰਸੀਪਲ ਕੋਲ ਜਮ੍ਹਾਂ ਕਰਵਾ ਦੇਵੇਗਾ। ਸਕੂਲ ਸਮੇਂ ਦੌਰਾਨ ਕੇਵਲ ਪ੍ਰਿੰਸੀਪਲ ਦਾ ਮੋਬਾਈਲ ਹੀ ਖੁੱਲ੍ਹਾ ਰਹੇਗਾ ਤਾਂ ਜੋ ਜੇਕਰ ਕੋਈ ਐਮਰਜੈਂਸੀ ਵਾਪਰਦੀ ਹੈ ਤਾਂ ਪ੍ਰਿੰਸੀਪਲ ਦੇ ਫੋਨ 'ਤੇ ਸੂਚਨਾ ਦਿੱਤੀ ਜਾ ਸਕੇ। ਇਸ ਨਾਲ ਮੋਬਾਈਲਾਂ ਕਾਰਨ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਹੀਂ ਹੋਵੇਗਾ। ਇਸ ਦੇ ਨਾਲ ਹੀ ਸਕੂਲਾਂ ਵਿੱਚ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਬੱਚਿਆਂ ਨੂੰ ਪੜ੍ਹਾਉਣ ਤੋਂ ਪਹਿਲਾਂ ਖੁਦ ਪੜ੍ਹਨ ਦੀ ਸਲਾਹ ਦਿੱਤੀ ਜਾ ਰਹੀ ਹੈ ਤਾਂ ਜੋ ਬੱਚਿਆਂ ਦੀਆਂ ਸਮੱਸਿਆਵਾਂ ਨੂੰ ਸਹੀ ਢੰਗ ਨਾਲ ਹੱਲ ਕੀਤਾ ਜਾ ਸਕੇ। ਇਸ ਤੋਂ ਇਲਾਵਾ ਸਿੱਖਿਆ ਮੰਤਰੀ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਖੇਡ ਮੈਦਾਨਾਂ ਤੋਂ ਸਾਰੇ ਕਬਜੇ ਹਟਾਏ ਜਾਣਗੇ। ਇਸ 'ਤੇ ਮੁਹਿੰਮ ਵਜੋਂ ਕੰਮ ਕਰਨਾ ਸੁਰੂ ਕਰ ਦਿੱਤਾ ਹੈ। ਅਜਿਹੇ ਛੋਟੇ-ਛੋਟੇ ਮਸਲਿਆਂ ਨੂੰ ਹੱਲ ਕਰਕੇ ਸਿੱਖਿਆ ਵਿੱਚ ਗੁਣਵੱਤਾ ਲਿਆਉਣ ਦੇ ਯਤਨ ਕੀਤੇ ਜਾ ਰਹੇ ਹਨ।

# ਖੇਤ 'ਚ ਪਈ ਤੂੜੀ ਨੂੰ ਲੱਗੀ ਅੱਗ, 2 ਕਿਸਾਨਾਂ ਦਾ ਹਜਾਰਾਂ ਦਾ ਨੁਕਸਾਨ

ਭਵਾਨੀਗੜ੍ਹ 24 ਸਤੰਬਰ। ਨੇੜਲੇ ਪਿੰਡ ਘਾਰਚੋਂ ਵਿਖੇ ਇਕ ਖੇਤ 'ਚ ਅਚਾਨਕ ਅੱਗ ਲੱਗ ਜਾਣ ਕਾਰਨ 2 ਕਿਸਾਨਾਂ ਦੀਆਂ 30 ਤੋਂ 32 ਟਰਾਲੀਆਂ ਤੂੜੀ ਅੱਗ ਦੀ ਭੇਂਟ ਚੜ੍ਹ ਗਈਆਂ। ਇਸ ਹਾਦਸੇ ਕਾਰਨ ਦੋਹਾਂ ਕਿਸਾਨਾਂ ਦਾ 60 ਹਜਾਰ ਰੁਪਏ ਦਾ ਨੁਕਸਾਨ ਹੋ ਗਿਆ। ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਘਰਾਚੋਂ ਦੇ 2 ਕਿਸਾਨਾਂ ਖੁਸ਼ਪ੍ਰੀਤ ਸਿੰਘ ਪੁੱਤਰ ਬਲਦੇਵ ਸਿੰਘ ਅਤੇ ਸੁਖਦੇਵ ਸਿੰਘ ਪੁੱਤਰ ਭਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਆਪਣੇ ਖੇਤ 'ਚ ਸਾਂਝੇ ਤੌਰ 'ਤੇ 38 ਟਰਾਲੀਆਂ ਦੇ ਕਰੀਬ ਤੂੜੀ ਦਾ ਢੇਰ ਕੁੱਪ ਬਣਾਉਣ ਲਈ ਰੱਖਿਆ ਹੋਇਆ ਸੀ। ਬੀਤੇ ਐਤਵਾਰ ਨੂੰ ਸਵੇਰ ਦੇ ਕਰੀਬ 10 ਵਜੇ ਉਨ੍ਹਾਂ ਦੇ ਖੇਤ 'ਚ ਅਚਾਨਕ ਅੱਗ ਲੱਗ ਗਈ ਅਤੇ ਅੱਗ ਦੀ ਇਸ ਘਟਨਾ 'ਚ ਉਨ੍ਹਾਂ ਦੀਆਂ 30 ਤੋਂ 32 ਟਰਾਲੀਆਂ ਤੂੜੀ ਅੱਗ ਦੀ ਭੇਂਟ ਚੜ੍ਹ ਗਈਆਂ, ਜਿਸ ਕਾਰਨ ਉਨ੍ਹਾਂ ਦਾ 60 ਹਜਾਰ ਰੁਪਏ ਦਾ ਨੁਕਸਾਨ ਹੋ ਗਿਆ। ਕਿਸਾਨਾਂ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਆਪਣੇ ਖੇਤਾਂ 'ਚੋਂ ਧੂੰਆਂ ਉੱਡਦਾ ਦੇਖਿਆ ਤਾਂ ਉਨ੍ਹਾਂ ਇਸ ਦੀ ਸੂਚਨਾ ਫਾਇਰ ਬ੍ਰਿਗੇਡ ਨੂੰ ਦਿੱਤੀ ਅਤੇ ਪਿੰਡ 'ਚ ਇਸ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਕਾਰਨ ਹੋਰ ਕਿਸਾਨ ਅੱਗ ਬੁਝਾਉਣ ਲਈ ਆਪੋ-ਆਪਣੇ ਟਰੈਕਟਰਾਂ ਸਮੇਤ ਮੌਕੇ 'ਤੇ ਪਹੁੰਚ ਗਏ ਅਤੇ ਫਾਇਰ ਬ੍ਰਿਗੇਡ ਦੀ ਗੱਡੀ ਵੀ ਮੌਕੇ 'ਤੇ ਪਹੁੰਚੀ। ਉਨ੍ਹਾਂ ਵੱਲੋਂ ਕਾਫੀ ਦੇਰ ਦੀ ਜੱਦੋ-ਜਹਿਦ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਗਿਆ। ਕਿਸਾਨਾਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਦੇ ਖੇਤ 'ਚੋਂ ਲੰਘਦੀ ਖੇਤੀ ਸੈਕਟਰ ਵਾਲੀ ਬਿਜਲੀ ਸਪਲਾਈ ਵਾਲੀ ਲਾਈਨ ਦੀਆਂ ਤਾਰਾਂ ਬਹੁਤ ਢਿੱਲੀਆਂ ਅਤੇ ਨੀਵੀਆਂ ਹਨ ਅਤੇ ਸਵੇਰ ਦੇ ਸਮੇਂ ਉਕਤ ਲਾਈਨ ਤੋਂ ਬਿਜਲੀ ਦੀ ਸਪਲਾਈ ਜਾਰੀ ਸੀ। ਹਵਾ ਚੱਲਣ ਕਾਰਨ ਤਾਰਾਂ ਦੇ ਕਥਿਤ ਤੌਰ 'ਤੇ ਆਪਸ 'ਚ ਟਕਰਾਉਣ ਕਾਰਨ ਨਿਕਲੀਆਂ ਚੰਗਿਆੜੀਆਂ ਕਾਰਨ ਉਨ੍ਹਾਂ ਦੀ ਤੂੜੀ ਨੂੰ ਅੱਗ ਲੱਗ ਗਈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਅੱਗ ਦੀ ਇਸ ਘਟਨਾ 'ਚ ਉਨ੍ਹਾਂ ਦੇ ਹੋਏ ਨੁਕਸਾਨ ਦਾ ਮੁਆਵਜਾ ਦਿੱਤਾ ਜਾਵੇ।